Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ

ਯੂ. ਐੱਸ. ਏ.

Chief Editor: Gurjatinder Singh Randhawa

Punjab Mail USA

FOR SALE & PURCHASE OF
ANY KIND OF PROPERTY

ਕੈਲੀਫੋਰਨੀਆ ਵਿਚ
ਘਰ ਖਰੀਦਣ
ਲਈ ਸੰਪਰਕ ਕਰੋ।
RE/MAX
RE/MAX
Outstanding Agents
Outstanding Results
Gurjatinder S. Randhawa
REALTOR CA DRE licence # 01490567
Gurjatinder S. Randhawa
REALTOR CA DRE licence # 01490567
916-320-9444

Vol. 19, Issue- 907, 21 to 27 May, 2026, Ph: 916-320-9444, E-mail: punjabmailusa@yahoo.com, Web: punjabmailusa.com

## ਅਮਰੀਕਾ ਵੀਜ਼ਾ ਬੁਲੇਟਿਨ ਜੂਨ 2026

# ਪਰਿਵਾਰਕ ਵੀਜ਼ਿਆਂ ਦੀ ਸੁਸਤ ਹੋਈ ਗਤੀ

**ਵਾਸ਼ਿੰਗਟਨ ਡੀ.ਸੀ. (ਪੰਜਾਬ ਮੇਲ)**- ਯੂ.ਐੱਸ. ਡਿਪਾਰਟਮੈਂਟ ਆਫ ਸਟੇਟ ਵੱਲੋਂ ਜੂਨ 2026 ਲਈ ਜਾਰੀ ਕੀਤੇ ਗਏ ਵੀਜ਼ਾ ਬੁਲੇਟਿਨ ਨੇ ਭਾਰਤੀ ਪਰਿਵਾਰਕ ਇਮੀਗ੍ਰੇਸ਼ਨ ਅਰਜ਼ੀਕਾਰਾਂ ਲਈ ਮਿਲੇ-ਜੁਲੇ ਸੰਕੇਤ ਦਿੱਤੇ ਹਨ। ਕੁਝ ਪਰਿਵਾਰਕ ਵੀਜ਼ਾ ਕੈਟਾਗਰੀਆਂ ’ਚ ਮਾਮੂਲੀ ਤਰੱਕੀ ਦਰਜ ਕੀਤੀ ਗਈ ਹੈ, ਪਰ ਭਾਰਤ ਲਈ F-4 ਕੈਟਾਗਰੀ ਦੀ ਗਤੀ ਅਜੇ ਵੀ ਲਗਭਗ ਠੱਪ ਰਹਿਣ ਕਾਰਨ ਹਜ਼ਾਰਾਂ ਪਰਿਵਾਰ ਨਿਰਾਸ਼ਾ ਦਾ ਸਾਹਮਣਾ ਕਰ ਰਹੇ ਹਨ।

ਜੂਨ 2026 ਦੇ ਫਾਈਨਲ ਐਕਸ਼ਨ ਡੇਟਸ ਮੁਤਾਬਕ ਭਾਰਤ ਲਈ F-1 ਕੈਟਾਗਰੀ, ਜੋ ਅਮਰੀਕੀ ਨਾਗਰਿਕਾਂ ਦੇ ਅਣਵਿਆਹੇ ਪੁੱਤਰ-ਧੀਆਂ ਲਈ ਹੁੰਦੀ ਹੈ, 1 ਸਤੰਬਰ 2017 ’ਤੇ ਚੱਲ ਰਹੀ ਹੈ। F-2A ਕੈਟਾਗਰੀ, ਜਿਸ ਵਿਚ ਗ੍ਰੀਨ ਕਾਰਡ ਹੋਲਡਰਾਂ ਦੇ ਜੀਵਨ ਸਾਥੀ ਅਤੇ 21 ਸਾਲ ਤੋਂ ਘੱਟ ਉਮਰ ਦੇ ਬੱਚੇ ਸ਼ਾਮਲ ਹਨ, 1 ਜਨਵਰੀ 2025 ’ਤੇ ਪਹੁੰਚ ਗਈ ਹੈ। F-2B ਕੈਟਾਗਰੀ 22 ਸਤੰਬਰ 2017 ਅਤੇ F-3 ਕੈਟਾਗਰੀ 15 ਫਰਵਰੀ 2012 ’ਤੇ ਚੱਲ ਰਹੀ ਹੈ।

- **F-4 ਕੈਟਾਗਰੀ ਦੀ ਲੰਬੀ ਉਡੀਕ ਜਾਰੀ**




ਸਭ ਤੋਂ ਵੱਧ ਚਰਚਾ ਅਤੇ ਚਿੰਤਾ F-4 ਕੈਟਾਗਰੀ ਨੂੰ ਲੈ ਕੇ ਹੋ ਰਹੀ ਹੈ। ਇਹ ਕੈਟਾਗਰੀ ਅਮਰੀਕੀ ਨਾਗਰਿਕਾਂ ਵੱਲੋਂ ਆਪਣੇ ਭੈਣ-ਭਰਾਵਾਂ ਨੂੰ ਸਪਾਂਸਰ ਕਰਨ ਲਈ ਵਰਤੀ ਜਾਂਦੀ ਹੈ। ਭਾਰਤ ਲਈ ਇਸ ਦੀ ਫਾਈਨਲ ਐਕਸ਼ਨ ਡੇਟ ਅਜੇ ਵੀ 1 ਨਵੰਬਰ 2006 ’ਤੇ ਹੀ ਅਟਕੀ ਹੋਈ ਹੈ। ਇਸ ਨਾਲ ਸਪੱਸ਼ਟ ਹੈ ਕਿ ਨਵੇਂ ਅਰਜ਼ੀਕਾਰਾਂ ਨੂੰ ਗ੍ਰੀਨ ਕਾਰਡ ਪ੍ਰਕਿਰਿਆ ਪੂਰੀ ਹੋਣ ਲਈ ਲਗਭਗ 18 ਤੋਂ 20 ਸਾਲ ਜਾਂ ਇਸ ਤੋਂ ਵੀ ਵੱਧ ਉਡੀਕ ਕਰਨੀ ਪੈ ਸਕਦੀ ਹੈ।

ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ F-4 ਕੈਟਾਗਰੀ ਵਿਚ ਬੈਕਲਾਗ ਵਧਣ ਦਾ ਮੁੱਖ ਕਾਰਨ ਸਾਲਾਨਾ ਵੀਜ਼ਿਆਂ ਦੀ ਸੀਮਤ ਗਿਣਤੀ ਅਤੇ ਭਾਰਤ ਵਰਗੇ ਦੇਸ਼ਾਂ ਤੋਂ ਵੱਡੀ ਸੰਖਿਆ ਵਿਚ ਆ ਰਹੀਆਂ ਅਰਜ਼ੀਆਂ ਹਨ। ਕੋਵਿਡ-19 ਦੌਰਾਨ ਕਾਊਂਸਲਰ ਸੇਵਾਵਾਂ ਵਿਚ ਆਈ ਰੁਕਾਵਟ ਦਾ ਪ੍ਰਭਾਵ ਵੀ ਅਜੇ ਤੱਕ ਖਤਮ ਨਹੀਂ ਹੋਇਆ।

ਡੇਟਸ ਆਫ ਫਾਇਲਿੰਗ ਚਾਰਟ ਮੁਤਾਬਕ ਭਾਰਤ ਲਈ F-1 ਕੈਟਾਗਰੀ 1 ਅਕਤੂਬਰ 2018, F-2A Current, F-2B 22 ਮਾਰਚ 2018, F-3 8 ਦਸੰਬਰ 2012 ਅਤੇ F-4 15 ਦਸੰਬਰ 2006 ’ਤੇ ਹੈ। ਇਸ ਦਾ ਮਤਲਬ ਹੈ ਕਿ ਕੁਝ ਅਰਜ਼ੀਕਾਰ ਅਗਲੀ ਇਮੀਗ੍ਰੇਸ਼ਨ ਕਾਰਵਾਈ ਲਈ ਦਸਤਾਵੇਜ਼ ਤਿਆਰ ਕਰ ਸਕਦੇ ਹਨ, ਹਾਲਾਂਕਿ ਅਸਲ ਵੀਜ਼ਾ ਜਾਰੀ ਹੋਣ ਲਈ ਉਨ੍ਹਾਂ ਨੂੰ ਹੋਰ ਉਡੀਕ ਕਰਨੀ ਪਵੇਗੀ।

ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਨੇ ਜੂਨ ਮਹੀਨੇ ਲਈ ਪਰਿਵਾਰਕ ਆਧਾਰ ’ਤੇ ਐਡਜਸਮੈਂਟ ਆਫ ਸਟੇਟਸ ਅਰਜ਼ੀਆਂ ਵਾਸਤੇ ਡੇਟਸ ਆਫ ਫਾਇਲਿੰਗ ਚਾਰਟ ਦੀ ਵਰਤੋਂ ਦੀ ਆਗਿਆ ਦਿੱਤੀ ਹੈ। ਇਸ ਨਾਲ ਅਮਰੀਕਾ ਅੰਦਰ ਰਹਿ ਰਹੇ ਯੋਗ ਅਰਜ਼ੀਕਾਰ ਆਪਣੀ ਅਗਲੀ ਇਮੀਗ੍ਰੇਸ਼ਨ ਪ੍ਰਕਿਰਿਆ ਸ਼ੁਰੂ ਕਰ ਸਕਣਗੇ।

ਮਾਹਿਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਆਉਣ ਵਾਲੇ ਮਹੀਨਿਆਂ ’ਚ ਵੀਜ਼ਾ ਕੈਟਾਗਰੀਆਂ ਵਿਚ **retrogression** ਵੀ ਹੋ ਸਕਦੀ ਹੈ। **Retrogression** ਉਸ ਸਥਿਤੀ ਨੂੰ ਕਿਹਾ ਜਾਂਦਾ ਹੈ, ਜਦੋਂ ਵੀਜ਼ਾ ਮੰਗ ਵੱਧਣ ਕਾਰਨ ਤਾਰੀਖਾਂ ਅੱਗੇ ਵਧਣ ਦੀ ਬਜਾਏ ਪਿੱਛੇ ਚਲੀ ਜਾਂਦੀਆਂ ਹਨ।

ਲੰਬੇ ਇੰਤਜ਼ਾਰ ਕਾਰਨ ਭਾਰਤੀ ਪਰਿਵਾਰਾਂ ਵਿਚ ਚਿੰਤਾ ਵਧ ਰਹੀ ਹੈ। ਕਈ ਪਰਿਵਾਰ ਦਹਾਕਿਆਂ ਤੋਂ ਇਕੱਠੇ ਹੋਣ ਦੀ ਉਡੀਕ ਕਰ ਰਹੇ ਹਨ, ਜਦਕਿ ਕੁਝ ਮਾਮਲਿਆਂ ਵਿਚ ਬੱਚਿਆਂ ਦੇ ਉਮਰ ਵਧਣ ਦਾ ਖਤਰਾ ਵੀ ਬਣਿਆ ਹੋਇਆ ਹੈ। ਇਮੀਗ੍ਰੇਸ਼ਨ ਮਾਹਿਰਾਂ ਨੇ ਅਰਜ਼ੀਕਾਰਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਹਰ ਮਹੀਨੇ ਨਵਾਂ ਵੀਜ਼ਾ ਬੁਲੇਟਿਨ ਧਿਆਨ ਨਾਲ ਦੇਖਣ ਅਤੇ ਜਿਵੇਂ ਹੀ ਯੋਗਤਾ ਬਣੇ, ਲੋੜੀਂਦੀ ਫਾਇਲਿੰਗ ਵਿਚ ਦੇਰੀ ਨਾ ਕਰਨ।

# ਅਮਰੀਕਾ ’ਚ ਗ੍ਰੀਨ ਕਾਰਡ ਲਈ ਅਰਜ਼ੀਆਂ ਦੇਣ ਵਾਲਿਆਂ ਲਈ ਵੱਡੀ ਚੇਤਾਵਨੀ

- **ਟਰੰਪ ਪ੍ਰਸ਼ਾਸਨ ਵੱਲੋਂ ਨਵਾਂ ਨਿਯਮ ਲਾਗੂ**
- **ਸਿਗਨੇਚਰ ਦੀ ਛੋਟੀ ਜਿਹੀ ਗਲਤੀ ਵੀ ਰੱਦ ਕਰਵਾ ਸਕਦੀ ਹੈ ਅਰਜ਼ੀ**



**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ ’ਚ ਗ੍ਰੀਨ ਕਾਰਡ ਲਈ ਅਪਲਾਈ ਕਰਨ ਵਾਲੇ ਹਜ਼ਾਰਾਂ ਪ੍ਰਵਾਸੀਆਂ ਲਈ ਇੱਕ ਵੱਡੀ ਖਬਰ ਸਾਹਮਣੇ ਆਈ ਹੈ। ਟਰੰਪ ਪ੍ਰਸ਼ਾਸਨ ਵੱਲੋਂ ਇੱਕ ਨਵਾਂ ਨਿਯਮ ਲਿਆਂਦਾ ਗਿਆ ਹੈ, ਜਿਸ ਤਹਿਤ ਹੁਣ ਗ੍ਰੀਨ ਕਾਰਡ ਜਾਂ ਹੋਰ ਇਮੀਗ੍ਰੇਸ਼ਨ ਫਾਰਮਾਂ ਵਿਚ ਸਿਗਨੇਚਰ ਦੀ ਛੋਟੀ ਜਿਹੀ ਗਲਤੀ ਵੀ ਅਰਜ਼ੀ ਰੱਦ ਕਰਵਾ ਸਕਦੀ ਹੈ, ਭਾਵੇਂ ਅਰਜ਼ੀ ਪਹਿਲਾਂ ਹੀ ਸਵੀਕਾਰ ਕਰ ਲਈ ਗਈ ਹੋਵੇ।

ਇਹ ਨਵਾਂ ਨਿਯਮ 11 ਮਈ 2026 ਨੂੰ ਫੈਡਰਲ ਰਜਿਸਟਰ ਵਿਚ ਪ੍ਰਕਾਸ਼ਿਤ ਕੀਤਾ ਗਿਆ ਹੈ ਅਤੇ 10 ਜੁਲਾਈ 2026 ਤੋਂ ਲਾਗੂ ਹੋਵੇਗਾ। ਇਸ ਦੇ ਤਹਿਤ ਅਮਰੀਕੀ ਇਮੀਗ੍ਰੇਸ਼ਨ ਏਜੰਸੀ ਯੂ.ਐੱਸ.ਸੀ.ਆਈ.ਐੱਸ. ਨੂੰ ਇਹ ਅਧਿਕਾਰ ਮਿਲ ਜਾਵੇਗਾ ਕਿ ਜੇ ਕਿਸੇ ਵੀ ਸਮੇਂ ਉਨ੍ਹਾਂ ਨੂੰ ਲੱਗੇ ਕਿ ਫਾਰਮ ’ਤੇ ਸਹੀ ਦਸਤਖਤ ਨਹੀਂ ਹਨ ਜਾਂ ਸਿਗਨੇਚਰ ਗੁੰਮ ਹੈ, ਤਾਂ ਉਹ ਕੇਸ ਨੂੰ ਸਿੱਧਾ ਰੱਦ ਜਾਂ ਡਿਨਾਈ ਕਰ ਸਕਦੇ ਹਨ।

ਇਸ ਤੋਂ ਪਹਿਲਾਂ ਜੇ ਕਿਸੇ ਫਾਰਮ ਵਿਚ ਸਿਗਨੇਚਰ ਦੀ ਗਲਤੀ ਹੁੰਦੀ ਸੀ, ਤਾਂ ਯੂ.ਐੱਸ.ਸੀ.ਆਈ.ਐੱਸ. ਅਰਜ਼ੀ ਵਾਪਸ ਭੇਜ ਦਿੰਦੀ ਸੀ ਅਤੇ ਅਰਜ਼ੀਕਾਰ ਨੂੰ ਗਲਤੀ ਠੀਕ ਕਰਨ ਦਾ ਮੌਕਾ ਮਿਲ ਜਾਂਦਾ ਸੀ।

■ ਬਾਕੀ ਖਬਰ ਸਫਾ 16 ’ਤੇ

# ਅਮਰੀਕੀ ਇਮੀਗ੍ਰੇਸ਼ਨ ਕੋਰਟਾਂ ਦੇ ਬਾਹਰ ICE ਗ੍ਰਿਫ਼ਤਾਰੀਆਂ ’ਤੇ ਫੈਡਰਲ ਕੋਰਟ ਦੀ ਰੋਕ



**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ ’ਚ ਇਮੀਗ੍ਰੇਸ਼ਨ ਕਾਰਵਾਈਆਂ ਨੂੰ ਲੈ ਕੇ ਇੱਕ ਹੋਰ ਵੱਡਾ ਕਾਨੂੰਨੀ ਮੋੜ ਸਾਹਮਣੇ ਆਇਆ ਹੈ। ਨਿਊਯਾਰਕ ਦੇ ਫੈਡਰਲ ਜੱਜ ਨੇ ਮੈਨਹੈਟਨ ਦੀਆਂ ਇਮੀਗ੍ਰੇਸ਼ਨ ਕੋਰਟਾਂ ਦੇ ਨੇੜੇ **ICE** ਏਜੰਟਾਂ ਵੱਲੋਂ ਕੀਤੀਆਂ ਜਾ ਰਹੀਆਂ ਗ੍ਰਿਫ਼ਤਾਰੀਆਂ ’ਤੇ ਅਸਥਾਈ ਰੋਕ ਲਾ ਦਿੱਤੀ ਹੈ। ਅਦਾਲਤ ਨੇ ਕਿਹਾ ਕਿ ਜੇ ਲੋਕਾਂ ਨੂੰ ਕੋਰਟ ਵਿਚ ਪੇਸ਼ ਹੋਣ ਤੋਂ ਹੀ ਡਰ ਲੱਗੇਗਾ, ਤਾਂ ਇਨਸਾਫ਼ ਪ੍ਰਣਾਲੀ ਦਾ ਮਕਸਦ ਹੀ ਖਤਮ ਹੋ ਜਾਵੇਗਾ। ਜੱਜ ਨੇ ਟਿੱਪਣੀ ਕੀਤੀ ਕਿ ਅਦਾਲਤਾਂ ਨੂੰ ਡਰ ਅਤੇ ਦਹਿਸ਼ਤ ਦਾ ਕੇਂਦਰ ਨਹੀਂ ਬਣਾਇਆ ਜਾ ਸਕਦਾ।


ਇਮੀਗ੍ਰੇਸ਼ਨ ਹੱਕਾਂ ਲਈ ਕੰਮ ਕਰਨ ਵਾਲੀਆਂ ਕਈ ਸੰਸਥਾਵਾਂ ਨੇ ਦਾਅਵਾ ਕੀਤਾ ਸੀ ਕਿ ਪਿਛਲੇ ਕੁਝ ਮਹੀਨਿਆਂ ਦੌਰਾਨ **ICE** ਏਜੰਟ ਕੋਰਟ ਸੁਣਵਾਈ ਤੋਂ ਬਾਹਰ ਨਿਕਲ ਰਹੇ ਲੋਕਾਂ ਨੂੰ ਨਿਸ਼ਾਨਾ ਬਣਾ ਰਹੇ ਸਨ। ਇਸ ਕਾਰਨ ਕਈ ਪਰਿਵਾਰਾਂ ਨੇ ਕੋਰਟ ਵਿਚ ਪੇਸ਼ ਹੋਣਾ ਵੀ ਛੱਡ ਦਿੱਤਾ ਸੀ, ਜਿਸ ਨਾਲ ਉਨ੍ਹਾਂ ਦੇ ਕੇਸਾਂ ’ਤੇ ਨਕਾਰਾਤਮਕ ਅਸਰ ਪੈ ਰਿਹਾ ਸੀ। ਵਕੀਲਾਂ ਦਾ ਕਹਿਣਾ ਹੈ ਕਿ ਬਹੁਤ ਸਾਰੇ ਲੋਕ ਜਿਨ੍ਹਾਂ ਕੋਲ ਕਾਨੂੰਨੀ ਰਾਹਤ ਦੇ ਮੌਕੇ ਸਨ, ਉਹ ਵੀ ਡਰ ਕਰਕੇ ਗਾਇਬ ਹੋ ਰਹੇ ਸਨ।

ਟਰੰਪ ਪ੍ਰਸ਼ਾਸਨ ਨੇ ਇਸ ਫੈਸਲੇ ’ਤੇ ਅਸਹਿਮਤੀ ਜਤਾਈ ਹੈ। ਵਾਈਟ ਹਾਊਸ ਦਾ ਕਹਿਣਾ ਹੈ ਕਿ ਗੈਰਕਾਨੂੰਨੀ ਇਮੀਗ੍ਰੇਸ਼ਨ ’ਤੇ ਕਾਬੂ ਪਾਉਣ ਲਈ **ICE** ਨੂੰ ਆਪਣੀਆਂ ਕਾਰਵਾਈਆਂ ਜਾਰੀ ਰੱਖਣੀਆਂ ਚਾਹੀਦੀਆਂ ਹਨ। ਮਾਮਲਾ ਹੁਣ ਅਗਲੀ ਅਦਾਲਤੀ ਸੁਣਵਾਈਆਂ ਵਿਚ ਹੋਰ ਵੱਡੀ ਕਾਨੂੰਨੀ ਚਰਚਾ ਦਾ ਰੂਪ ਲੈ ਸਕਦਾ ਹੈ।

# ਅਮਰੀਕੀ ਸੁਪਰੀਮ ਕੋਰਟ ਦੇ ਇੱਕ ਮਹੱਤਵਪੂਰਨ ਫੈਸਲੇ ਨਾਲ ਟਰੱਕਿੰਗ ਇੰਡਸਟਰੀ ’ਚ ਵੱਡੀ ਹਲਚਲ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**-ਅਮਰੀਕੀ ਸੁਪਰੀਮ ਕੋਰਟ ਦੇ ਇੱਕ ਮਹੱਤਵਪੂਰਨ ਫੈਸਲੇ ਨੇ ਟਰੱਕਿੰਗ ਇੰਡਸਟਰੀ ’ਚ ਵੱਡੀ ਹਲਚਲ ਪੈਦਾ ਕਰ ਦਿੱਤੀ ਹੈ। ਅਦਾਲਤ ਨੇ ਇਕਸੁਰ ਵਿਚ 9-0 ਫੈਸਲਾ ਦਿੰਦਿਆਂ ਕਿਹਾ ਹੈ ਕਿ ਜੇਕਰ ਕਿਸੇ ਫ੍ਰੇਟ ਬ੍ਰੋਕਰ ਨੇ ਲਾਪ੍ਰਵਾਹ ਜਾਂ ਗਲਤ ਤਰੀਕੇ ਨਾਲ ਟਰੱਕਿੰਗ ਕੰਪਨੀ ਦੀ ਚੋਣ ਕੀਤੀ ਅਤੇ ਉਸ ਕਾਰਨ ਹਾਦਸਾ ਵਾਪਰਿਆ, ਤਾਂ ਪੀੜਤ ਪਰਿਵਾਰ ਹੁਣ ਉਸ ਬ੍ਰੋਕਰ ਖ਼ਿਲਾਫ ਵੀ ਕੇਸ ਕਰ ਸਕਣਗੇ।

ਇਹ ਮਾਮਲਾ **“Montgomery vs. Caribe Transport II”** ਦੇ ਨਾਂ ਨਾਲ ਜਾਣਿਆ ਜਾ ਰਿਹਾ ਹੈ। ਫੈਸਲੇ ਤੋਂ ਬਾਅਦ ਟਰੱਕਿੰਗ ਸੁਰੱਖਿਆ ਨਾਲ ਜੁੜੇ ਗਰੁੱਪਾਂ ਅਤੇ ਪੀੜਤ ਪਰਿਵਾਰਾਂ ਨੇ ਇਸ ਨੂੰ ਵੱਡੀ ਜਿੱਤ ਦੱਸਿਆ ਹੈ। ਫ੍ਰੇਟ ਬ੍ਰੋਕਰ ਉਹ ਮੱਧਵਰਤੀ ਕੰਪਨੀਆਂ ਹੁੰਦੀਆਂ ਹਨ, ਜੋ ਸਮਾਨ ਭੇਜਣ ਵਾਲੀਆਂ ਕੰਪਨੀਆਂ ਨੂੰ ਟਰੱਕਿੰਗ ਕੈਰੀਅਰਾਂ ਨਾਲ ਜੋੜਦੀਆਂ ਹਨ। ਆਲੋਚਕਾਂ ਦਾ ਦੋਸ਼ ਹੈ ਕਿ ਕਈ ਬ੍ਰੋਕਰ ਸੁਰੱਖਿਆ ਦੀ ਬਜਾਏ ਘੱਟ ਖਰਚੇ ਅਤੇ ਵੱਧ ਮੁਨਾਫੇ ਨੂੰ ਤਰਜੀਹ ਦਿੰਦੇ ਸਨ ਅਤੇ ਉਨ੍ਹਾਂ ਨੇ ਅਜਿਹੀਆਂ ਟਰੱਕਿੰਗ ਕੰਪਨੀਆਂ ਨੂੰ ਕੰਮ ਦਿੱਤਾ, ਜਿਹੜੀਆਂ ਅਣਪੜਤਾਲੇ ਜਾਂ ਘੱਟ ਤਜ਼ਰਬੇਕਾਰ ਡਰਾਈਵਰ ਰੱਖਦੀਆਂ ਸਨ।



ਫੈਸਲੇ ’ਚ ਖਾਸ ਤੌਰ ’ਤੇ ਦਾਅਵਾ ਕੀਤਾ ਗਿਆ ਹੈ ਕਿ ਕੁਝ ਗੈਰਕਾਨੂੰਨੀ ਪ੍ਰਵਾਸੀ ਡਰਾਈਵਰਾਂ ਨੂੰ ਕਮਰਸ਼ੀਅਲ ਟਰੱਕਿੰਗ ਵਿਚ ਲਿਆਂਦਾ ਗਿਆ, ਜਿਨ੍ਹਾਂ ਵਿਚੋਂ ਕਈਆਂ ਨੂੰ ਅੰਗਰੇਜ਼ੀ ਭਾਸ਼ਾ ਦੀ ਵੀ ਪੂਰੀ ਜਾਣਕਾਰੀ ਨਹੀਂ ਸੀ। ਫੈਸਲੇ ਨੇ ਬਾਇਡਨ ਪ੍ਰਸ਼ਾਸਨ, ਕੈਲੀਫੋਰਨੀਆ ਅਤੇ ਨਿਊਯਾਰਕ ਵਰਗੇ ਰਾਜਾਂ ਦੀਆਂ ਨੀਤੀਆਂ ’ਤੇ ਵੀ ਸਵਾਲ ਉਠਾਏ ਹਨ ਕਿ ਇਨ੍ਹਾਂ ਕਾਰਨਾਂ ਨਾਲ ਵਿਦੇਸ਼ੀ ਅਤੇ ਸਸਤੇ ਮਜ਼ਦੂਰਾਂ ਲਈ ਮੌਕੇ ਵਧੇ। ਫੈਸਲੇ ’ਚ ਕੁਝ ਦਰਦਨਾਕ ਹਾਦਸਿਆਂ ਦਾ ਜ਼ਿਕਰ ਵੀ ਕੀਤਾ ਗਿਆ ਹੈ, ਜਿੱਥੇ ਪਰਿਵਾਰਾਂ ਨੇ ਆਪਣੇ ਪਿਆਰੇ ਗੁਆਏ। ਉਨ੍ਹਾਂ ਦਾ ਕਹਿਣਾ ਹੈ ਕਿ ਪਹਿਲਾਂ ਸਿਰਫ ਡਰਾਈਵਰ ਜਾਂ ਛੋਟੀ ਟਰੱਕਿੰਗ ਕੰਪਨੀ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਸੀ, ਜਦਕਿ ਵੱਡੇ ਫ੍ਰੇਟ ਬ੍ਰੋਕਰ ਕਾਨੂੰਨੀ ਤੌਰ ’ਤੇ ਬਚ ਜਾਂਦੇ ਸਨ। ਹੁਣ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਉਨ੍ਹਾਂ ਖ਼ਿਲਾਫ ਵੀ ਕਾਨੂੰਨੀ ਕਾਰਵਾਈ ਦਾ ਰਸਤਾ ਖੁੱਲ੍ਹ ਗਿਆ ਹੈ।

ਹਾਲਾਂਕਿ ਇਹ ਵੀ ਧਿਆਨਯੋਗ ਹੈ ਕਿ ਇਹ ਫੈਸਲਾ ਇੱਕ ਰਾਇ-ਆਧਾਰਿਤ ਫੈਸਲਾ ਹੈ। ਇਸ ਵਿਚ ਗੈਰਕਾਨੂੰਨੀ ਪ੍ਰਵਾਸੀਆਂ ਅਤੇ ਟਰੱਕਿੰਗ ਇੰਡਸਟਰੀ ਨੂੰ ਜੋੜਦੇ ਹੋਏ ਕਈ ਤਿੱਖੇ ਦੋਸ਼ ਲਗਾਏ ਗਏ ਹਨ, ਜਿਨ੍ਹਾਂ ’ਤੇ ਵੱਖ-ਵੱਖ ਪੱਖਾਂ ਵੱਲੋਂ ਵੱਖਰੀ ਰਾਏ ਹੋ ਸਕਦੀ ਹੈ।

ਇਸ ਫੈਸਲੇ ਤੋਂ ਬਾਅਦ ਟਰੱਕਿੰਗ ਉਦਯੋਗ ਵਿਚ ਸੁਰੱਖਿਆ ਮਿਆਰਾਂ, ਡਰਾਈਵਰ ਜਾਂਚ ਪ੍ਰਕਿਰਿਆ ਅਤੇ ਫ੍ਰੇਟ ਬ੍ਰੋਕਰਾਂ ਦੀ ਜ਼ਿੰਮੇਵਾਰੀ ’ਤੇ ਵੱਡੀ ਚਰਚਾ ਹੋਣ ਦੀ ਸੰਭਾਵਨਾ ਹੈ।

# ਟਰੰਪ ਪ੍ਰਸ਼ਾਸਨ ਦੀਆਂ ਇਮੀਗ੍ਰੇਸ਼ਨ ਨੀਤੀਆਂ ’ਤੇ ਅਦਾਲਤਾਂ ਦੀ ਸਖ਼ਤ ਟਿੱਪਣੀ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਟਰੰਪ ਪ੍ਰਸ਼ਾਸਨ ਦੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਨੂੰ ਲੈ ਕੇ ਅਮਰੀਕਾ ਦੀਆਂ ਫੈਡਰਲ ਅਦਾਲਤਾਂ ਵਿਚ ਵੱਡੀ ਕਾਨੂੰਨੀ ਲੜਾਈ ਚੱਲ ਰਹੀ ਹੈ। ਦੇਸ਼ ਦੇ ਵੱਖ-ਵੱਖ ਰਾਜਾਂ ਵਿਚ ਜੱਜਾਂ ਨੇ **ICE** ਅਤੇ ਹੋਰ ਇਮੀਗ੍ਰੇਸ਼ਨ ਏਜੰਸੀਆਂ ਦੀਆਂ ਕਾਰਵਾਈਆਂ ’ਤੇ ਸਵਾਲ ਖੜ੍ਹੇ ਕੀਤੇ ਹਨ। ਕਈ ਮਾਮਲਿਆਂ ਵਿਚ ਅਦਾਲਤਾਂ ਨੇ ਕਿਹਾ ਕਿ ਇਮੀਗ੍ਰੈਂਟਸ ਦੇ ਸੰਵਿਧਾਨਕ ਹੱਕਾਂ ਦੀ ਰੱਖਿਆ ਕਰਨੀ ਲਾਜ਼ਮੀ ਹੈ ਅਤੇ ਕਾਨੂੰਨ ਲਾਗੂ ਕਰਨ ਦੇ ਨਾਂ ’ਤੇ ਬੇਹੱਦ ਸਖ਼ਤੀ ਨਹੀਂ ਕੀਤੀ ਜਾ ਸਕਦੀ।



ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਟਰੰਪ ਪ੍ਰਸ਼ਾਸਨ ਦੇ ਦੂਜੇ ਕਾਰਜਕਾਲ ਦੌਰਾਨ ਡਿਪੋਰਟੇਸ਼ਨ ਕਾਰਵਾਈਆਂ ਤੇਜ਼ ਹੋਈਆਂ ਹਨ। ਸਰਹੱਦ ਪਾਰ ਕਰਨ ਵਾਲਿਆਂ, ਅਸਾਇਲਮ ਮੰਗਣ ਵਾਲਿਆਂ ਅਤੇ ਵਰਕ ਵੀਜ਼ਾ ਧਾਰਕਾਂ ਦੀ ਵਧੇਰੇ ਜਾਂਚ ਕੀਤੀ ਜਾ ਰਹੀ ਹੈ। ਕਈ ਇਮੀਗ੍ਰੇਸ਼ਨ ਵਕੀਲਾਂ ਨੇ ਇਹ ਵੀ ਦੱਸਿਆ ਕਿ ਛੋਟੀਆਂ ਗਲਤੀਆਂ ਦੇ ਆਧਾਰ ’ਤੇ ਵੀ ਕੇਸਾਂ ਨੂੰ ਰੱਦ ਕਰਨ ਦੀ ਰਫ਼ਤਾਰ ਵਧੀ ਹੈ।

ਦੂਜੇ ਪਾਸੇ ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਸਰਹੱਦੀ ਸੁਰੱਖਿਆ ਅਤੇ ਗੈਰਕਾਨੂੰਨੀ ਇਮੀਗ੍ਰੇਸ਼ਨ ਰੋਕਣਾ ਉਸਦੀ ਸਭ ਤੋਂ ਵੱਡੀ ਤਰਜੀਹ ਹੈ। ਵਾਈਟ ਹਾਊਸ ਨੇ ਇਹ ਵੀ ਕਿਹਾ ਕਿ ਅਮਰੀਕੀ ਨੌਕਰੀਆਂ ਅਤੇ ਕੌਮੀ ਸੁਰੱਖਿਆ ਦੀ ਰੱਖਿਆ ਲਈ ਕੜੇ ਕਦਮ ਲੈਣੇ ਲਾਜ਼ਮੀ ਹਨ।

# ਟਰੰਪ ਦੀ ਇਮੀਗ੍ਰੇਸ਼ਨ ਕਾਰਵਾਈ ਕਾਰਨ ਅਮਰੀਕਾ ’ਚ ਜਨਮੇ 1 ਲੱਖ ਤੋਂ ਵੱਧ ਬੱਚੇ ਮਾਪਿਆਂ ਤੋਂ ਹੋ ਸਕਦੇ ਨੇ ਵੱਖ

**ਵਾਸ਼ਿੰਗਟਨ, (ਪੰਜਾਬ ਮੇਲ)**- ਇੱਕ ਰਿਪੋਰਟ ਮੁਤਾਬਕ ਡੋਨਾਲਡ ਟਰੰਪ ਪ੍ਰਸ਼ਾਸਨ ਦੀ ਸਖ਼ਤ ਇਮੀਗ੍ਰੇਸ਼ਨ ਕਾਰਵਾਈ ਕਾਰਨ 2 ਲੱਖ ਤੋਂ ਵੱਧ ਬੱਚੇ ਘੱਟੋ-ਘੱਟ ਇੱਕ ਮਾਪੇ ਤੋਂ ਵੱਖ ਹੋ ਸਕਦੇ ਹਨ। ਰਿਪੋਰਟ ਅਨੁਸਾਰ ਇਨ੍ਹਾਂ ਵਿਚੋਂ ਲਗਭਗ 1 ਲੱਖ 45 ਹਜ਼ਾਰ ਬੱਚੇ ਅਮਰੀਕੀ ਨਾਗਰਿਕ ਹਨ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ 20 ਜਨਵਰੀ 2025 ਤੋਂ 9 ਅਪ੍ਰੈਲ 2025 ਤੱਕ ਕਰੀਬ 4 ਲੱਖ ਇਮੀਗ੍ਰੈਂਟਾਂ ਨੂੰ ਹਿਰਾਸਤ ਵਿਚ ਲਿਆ ਗਿਆ। ਖੋਜਕਾਰਾਂ ਨੇ ਅਮਰੀਕਨ ਕਮਿਊਨਿਟੀ ਸਰਵੇ ਅਤੇ ਡਿਟੇਨੀ ਡੈਮੋਗ੍ਰਾਫਿਕ ਡੇਟਾ ਦੀ ਮਦਦ ਨਾਲ ਅੰਦਾਜ਼ਾ ਲਗਾਇਆ ਕਿ ਵੱਡੀ ਗਿਣਤੀ ਵਿਚ ਬੱਚੇ ਆਪਣੇ ਮਾਪਿਆਂ ਤੋਂ ਵੱਖ ਹੋਏ ਹਨ। ਰਿਪੋਰਟ ਦੀ ਸਹਿ-ਲੇਖਿਕਾ ਤਾਰਾ ਵਾਟਸਨ ਨੇ ਕਿਹਾ ਕਿ “ਕਿਸੇ ਵੀ ਤਰੀਕੇ ਨਾਲ ਵੇਖੋ, ਦਸਾਂ ਹਜ਼ਾਰਾਂ ਬੱਚਿਆਂ ਨੇ ਇਸ ਪ੍ਰਸ਼ਾਸਨ ਦੇ ਦੌਰਾਨ ਮਾਪਿਆਂ ਦੀ ਹਿਰਾਸਤ ਦਾ ਅਸਰ ਮਹਿਸੂਸ ਕੀਤਾ ਹੈ, ਅਤੇ ਇਨ੍ਹਾਂ ਵਿਚੋਂ ਜ਼ਿਆਦਾਤਰ ਅਮਰੀਕੀ ਨਾਗਰਿਕ ਹਨ।”



ਖੋਜਕਾਰਾਂ ਦਾ ਕਹਿਣਾ ਹੈ ਕਿ ਅਧਿਕਾਰਿਕ ਅੰਕੜੇ ਹਕੀਕਤ ਤੋਂ ਘੱਟ ਹੋ ਸਕਦੇ ਹਨ, ਕਿਉਂਕਿ ਕਈ ਵਾਰ ਹਿਰਾਸਤ ਵਿਚ ਲਏ ਗਏ ਲੋਕਾਂ ਤੋਂ ਇਹ ਨਹੀਂ ਪੁੱਛਿਆ ਜਾਂਦਾ ਕਿ ਕੀ ਉਹ ਮਾਪੇ ਹਨ। ਕੁਝ ਪਰਿਵਾਰ ਆਪਣੇ ਬੱਚਿਆਂ ਦੀ ਸੁਰੱਖਿਆ ਲਈ ਵੀ ਇਹ ਜਾਣਕਾਰੀ ਸਾਂਝੀ ਕਰਨ ਤੋਂ ਡਰਦੇ ਹਨ।

■ ਬਾਕੀ ਖਬਰ ਸਫਾ 16 ’ਤੇ

# ਕੈਲੀਫੋਰਨੀਆ 'ਚ ਗਵਰਨਰ ਲਈ ਉਮੀਦਵਾਰ ਜ਼ੇਵੀਅਰ ਬਸੇਰਾ ਜਸਪ੍ਰੀਤ ਸਿੰਘ ਅਟਾਰਨੀ ਦੇ ਦਫਤਰ ਪਹੁੰਚੇ

















ਸੈਕਰਾਮੈਂਟੋ, (ਪੰਜਾਬ ਮੇਲ)- ਕੈਲੀਫੋਰਨੀਆ ਵਿਚ 2 ਜੂਨ ਨੂੰ ਹੋਣ ਵਾਲੀਆਂ ਪ੍ਰਾਇਮਰੀ ਚੋਣਾਂ ਨੂੰ ਲੈ ਕੇ ਸਿਆਸੀ ਮਾਹੌਲ ਪੂਰੀ ਤਰ੍ਹਾਂ ਗਰਮਾਇਆ ਹੋਇਆ ਹੈ। ਵੱਖ-ਵੱਖ ਵਿਭਾਗਾਂ ਅਤੇ ਅਹੁਦਿਆਂ ਲਈ ਚੋਣ ਲੜ ਰਹੇ ਉਮੀਦਵਾਰ ਇਨ੍ਹਾਂ ਦਿਨੀਂ ਆਪਣੇ ਇਲੈਕਸ਼ਨ ਕੈਂਪੇਨਾਂ ਨੂੰ ਤੇਜ਼ੀ ਨਾਲ ਅੱਗੇ ਵਧਾ ਰਹੇ ਹਨ। ਹਰ ਪਾਸੇ ਮੀਟਿੰਗਾਂ, ਇਕੱਠਾਂ ਅਤੇ ਲੋਕਾਂ ਨਾਲ ਸਿੱਧੇ ਸੰਪਰਕ ਦਾ ਦੌਰ ਜਾਰੀ ਹੈ। ਇਸੇ ਤਹਿਤ ਕੈਲੀਫੋਰਨੀਆ ਦੇ ਗਵਰਨਰ ਅਹੁਦੇ ਲਈ ਚੋਣ ਮੈਦਾਨ ਵਿਚ ਉਤਰੇ ਜ਼ੈਵੀਅਰ ਬਸੇਰਾ ਦੀ ਸਥਿਤੀ ਇਸ ਵੇਲੇ ਕਾਫੀ ਮਜ਼ਬੂਤ ਮੰਨੀ ਜਾ ਰਹੀ ਹੈ।

ਇਸ ਦੌਰਾਨ ਜ਼ੈਵੀਅਰ ਬਸੇਰਾ ਪੰਜਾਬੀ ਭਾਈਚਾਰੇ ਦੇ ਮਸ਼ਹੂਰ ਵਕੀਲ ਜਸਪ੍ਰੀਤ ਸਿੰਘ ਦੇ ਦਫ਼ਤਰ ਪਹੁੰਚੇ, ਜਿੱਥੇ ਉਨ੍ਹਾਂ ਦੀ ਸਿੱਖ ਭਾਈਚਾਰੇ ਦੇ ਆਗੂਆਂ ਨਾਲ ਵਿਸਥਾਰਪੂਰਵਕ ਮੀਟਿੰਗ ਹੋਈ। ਇਸ ਮੌਕੇ ਜਸਪ੍ਰੀਤ ਸਿੰਘ ਨੇ ਸਿੱਖ ਅਤੇ ਪੰਜਾਬੀ ਭਾਈਚਾਰੇ ਨੂੰ ਦਰਪੇਸ਼ ਕਈ ਗੰਭੀਰ ਮੁੱਦਿਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇਮੀਗ੍ਰੇਸ਼ਨ ਨੀਤੀਆਂ ਵਿਚ ਆਈ ਸਖ਼ਤੀ ਕਾਰਨ ਟਰੱਕਿੰਗ ਉਦਯੋਗ ਨੂੰ ਵੱਡਾ ਨੁਕਸਾਨ ਝੱਲਣਾ ਪੈ ਰਿਹਾ ਹੈ। ਇਸ ਤੋਂ ਇਲਾਵਾ ਖੇਤੀਬਾੜੀ, ਹੋਟਲ ਕਾਰੋਬਾਰ ਅਤੇ ਛੋਟੇ ਸਟੋਰ ਚਲਾਉਣ ਵਾਲੇ ਲੋਕ ਵੀ ਆਰਥਿਕ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ।

ਮੀਟਿੰਗ ਦੌਰਾਨ ਟਰਾਂਸਨੈਸ਼ਨਲ ਰਿਪ੍ਰੈਸ਼ਨ ਦਾ ਮੁੱਦਾ ਵੀ ਉਠਾਇਆ ਗਿਆ ਅਤੇ ਭਾਈਚਾਰੇ ਨੇ ਆਪਣੀਆਂ ਚਿੰਤਾਵਾਂ ਬਸੇਰਾ ਸਾਹਮਣੇ ਰੱਖੀਆਂ। ਜ਼ੈਵੀਅਰ ਬਸੇਰਾ ਨੇ ਭਰੋਸਾ ਦਿਵਾਇਆ ਕਿ ਉਹ ਸਿੱਖ ਕੌਮ ਅਤੇ ਪੰਜਾਬੀ ਭਾਈਚਾਰੇ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਲੈਂਦੇ ਹਨ ਅਤੇ ਜਿੰਨਾ ਵੀ ਸੰਭਵ ਹੋਵੇਗਾ, ਉਨ੍ਹਾਂ ਦੇ ਹੱਕਾਂ ਅਤੇ ਮੰਗਾਂ ਲਈ ਕੰਮ ਕਰਨਗੇ।

ਉਨ੍ਹਾਂ ਕਿਹਾ ਕਿ ਸਿੱਖ ਕੌਮ ਨੇ ਹਮੇਸ਼ਾ ਕੈਲੀਫੋਰਨੀਆ ਦੀ ਤਰੱਕੀ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਸਿੱਖ ਭਾਈਚਾਰਾ ਮਿਹਨਤੀ, ਕਾਨੂੰਨ ਦੀ ਪਾਲਣਾ ਕਰਨ ਵਾਲਾ ਅਤੇ ਸਮਾਜ ਸੇਵਾ ਵਿਚ ਅੱਗੇ ਰਹਿਣ ਵਾਲਾ ਭਾਈਚਾਰਾ ਹੈ। ਉਨ੍ਹਾਂ ਕਿਹਾ ਕਿ ਡੈਮੋਕਰੇਟਿਕ ਪਾਰਟੀ ਅਤੇ ਉਨ੍ਹਾਂ ਦੀ ਟੀਮ ਹਮੇਸ਼ਾ ਇਸ ਕੌਮ ਦੀ ਖੁਸ਼ਆਮਦੀਦ ਕਰਦੀ ਆਈ ਹੈ ਅਤੇ ਭਵਿੱਖ ਵਿਚ ਵੀ ਇਹ ਸਹਿਯੋਗ ਜਾਰੀ ਰਹੇਗਾ।

ਇਸ ਮੌਕੇ ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਦੇ ਨੁਮਾਇੰਦਿਆਂ ਸਮੇਤ ਕਈ ਸਿੱਖ ਜਥੇਬੰਦੀਆਂ ਦੇ ਆਗੂ ਵੀ ਮੌਜੂਦ ਸਨ। ਕਾਊਂਟੀ ਸੁਪਰਵਾਇਜ਼ਰ ਪੈਟਰਿਕ ਵੀ ਇਸ ਇਕੱਠ ਵਿਚ ਸ਼ਾਮਲ ਹੋਏ। ਕੁੱਲ ਮਿਲਾ ਕੇ ਇਹ ਸਮਾਗਮ ਕਾਫੀ ਕਾਮਯਾਬ ਅਤੇ ਪ੍ਰਭਾਵਸ਼ਾਲੀ ਰਿਹਾ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜ਼ੈਵੀਅਰ ਬਸੇਰਾ ਇਸ ਵਾਰ ਪ੍ਰਾਇਮਰੀ ਚੋਣਾਂ ਵਿਚ ਮਜ਼ਬੂਤ ਦਾਅਵੇਦਾਰ ਵਜੋਂ ਉਭਰ ਰਹੇ ਹਨ ਅਤੇ ਜੇਕਰ ਉਹ ਪ੍ਰਾਇਮਰੀ ਜਿੱਤਦੇ ਹਨ, ਤਾਂ ਨਵੰਬਰ ਵਿਚ ਡੈਮੋਕਰੇਟਿਕ ਪਾਰਟੀ ਦੇ ਉਮੀਦਵਾਰ ਵਜੋਂ ਗਵਰਨਰ ਦੀ ਦੌੜ ਵਿਚ ਉਤਰ ਸਕਦੇ ਹਨ।

## ਐੱਚ-1ਬੀ ਅਤੇ ਹੋਰ ਵਰਕ ਵੀਜ਼ਿਆਂ 'ਤੇ ਜਾਂਚ ਪ੍ਰਕਿਰਿਆ ਹੋਰ ਸਖਤ




ਵਾਸ਼ਿੰਗਟਨ, (ਪੰਜਾਬ ਮੇਲ)- ਟਰੰਪ ਪ੍ਰਸ਼ਾਸਨ ਵੱਲੋਂ ਐੱਚ-1ਬੀ ਅਤੇ ਹੋਰ ਵਰਕ ਵੀਜ਼ਿਆਂ 'ਤੇ ਜਾਂਚ ਪ੍ਰਕਿਰਿਆ ਹੋਰ ਸਖ਼ਤ ਕੀਤੀ ਜਾ ਰਹੀ ਹੈ। ਇਮੀਗ੍ਰੇਸ਼ਨ ਮਾਹਿਰਾਂ ਮੁਤਾਬਕ ਹੁਣ ਕੰਪਨੀਆਂ ਤੋਂ ਕਰਮਚਾਰੀਆਂ ਦੀ ਯੋਗਤਾ, ਤਨਖਾਹ ਅਤੇ ਨੌਕਰੀ ਦੀ ਪ੍ਰਕਿਰਤੀ ਬਾਰੇ ਵਧੇਰੇ ਸਬੂਤ ਮੰਗੇ ਜਾ ਰਹੇ ਹਨ। ਕਈ ਅਰਜ਼ੀਆਂ ਵਿਚ "Request for Evidence" ਅਤੇ ਇੰਟਰਵਿਊਆਂ ਦੀ ਗਿਣਤੀ ਵਧ ਗਈ ਹੈ।

ਅਮਰੀਕਾ ਦੀਆਂ ਟੈਕਨਾਲੋਜੀ, ਹੈਲਥਕੇਅਰ ਅਤੇ ਇੰਜੀਨੀਅਰਿੰਗ ਕੰਪਨੀਆਂ ਨੇ ਚਿੰਤਾ ਜਤਾਈ ਹੈ ਕਿ ਕਾਬਲ ਵਿਦੇਸ਼ੀ ਕਰਮਚਾਰੀਆਂ ਨੂੰ ਨੌਕਰੀ 'ਤੇ ਰੱਖਣਾ ਮੁਸ਼ਕਿਲ ਹੋ ਸਕਦਾ ਹੈ। ਖ਼ਾਸ ਕਰਕੇ ਭਾਰਤੀ ਅਤੇ ਪੰਜਾਬੀ ਭਾਈਚਾਰੇ ਦੇ ਕਈ ਨੌਜਵਾਨ ਐੱਚ-1ਬੀ ਵੀਜ਼ੇ ਰਾਹੀਂ ਅਮਰੀਕਾ ਵਿਚ ਕੰਮ ਕਰ ਰਹੇ ਹਨ ਅਤੇ ਨਵੇਂ ਨਿਯਮਾਂ ਕਾਰਨ ਉਨ੍ਹਾਂ ਵਿਚ ਅਨਿਸ਼ਚਿਤਤਾ ਵਧੀ ਹੈ।

ਦੂਜੇ ਪਾਸੇ ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਅਮਰੀਕੀ ਕਰਮਚਾਰੀਆਂ ਨੂੰ ਪਹਿਲ ਦੇਣ ਲਈ ਇਹ ਕਦਮ ਲਾਜ਼ਮੀ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਆਉਣ ਵਾਲੇ ਸਮੇਂ ਵਿਚ ਬੈਕਗਰਾਊਂਡ ਚੈੱਕ, ਸੋਸ਼ਲ ਮੀਡੀਆ ਸਕਰੂਟਨੀ ਅਤੇ ਦਸਤਾਵੇਜ਼ ਜਾਂਚ ਹੋਰ ਵਧ ਸਕਦੀ ਹੈ।

## ਫੀਫਾ ਵਰਲਡ ਕੱਪ 2026 ਲਈ ਵੀਜ਼ਾ ਨਿਯਮਾਂ 'ਚ ਕੁਝ ਰਾਹਤ




ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-ਅਮਰੀਕਾ, ਕੈਨੇਡਾ ਅਤੇ ਮੈਕਸੀਕੋ ਵਿਚ ਹੋਣ ਵਾਲੇ ਫੀਫਾ ਵਰਲਡ ਕੱਪ 2026 ਨੂੰ ਧਿਆਨ ਵਿਚ ਰੱਖਦਿਆਂ ਕੁਝ ਯਾਤਰੀਆਂ ਲਈ ਵੀਜ਼ਾ ਪ੍ਰਕਿਰਿਆ ਵਿਚ ਰਾਹਤ ਦਿੱਤੀ ਜਾ ਰਹੀ ਹੈ। ਰਿਪੋਰਟਾਂ ਮੁਤਾਬਕ ਕੁਝ ਦੇਸ਼ਾਂ ਦੇ ਟਿਕਟ ਹੋਲਡਰਾਂ ਲਈ ਖ਼ਾਸ ਵੀਜ਼ਾ ਨਿਯਮਾਂ ਵਿਚ ਛੂਟ ਅਤੇ ਤੇਜ਼ ਪ੍ਰਕਿਰਿਆ ਉਪਲਬਧ ਹੋ ਸਕਦੀ ਹੈ।

ਅਮਰੀਕੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਟੂਰਨਾਮੈਂਟ ਦੌਰਾਨ ਲੱਖਾਂ ਵਿਦੇਸ਼ੀ ਯਾਤਰੀਆਂ ਦੇ ਆਉਣ ਦੀ ਉਮੀਦ ਹੈ ਅਤੇ ਇਸ ਲਈ ਏਅਰਪੋਰਟਾਂ ਅਤੇ ਇਮੀਗ੍ਰੇਸ਼ਨ ਸਿਸਟਮ ਨੂੰ ਤਿਆਰ ਕੀਤਾ ਜਾ ਰਿਹਾ ਹੈ। ਹਾਲਾਂਕਿ ਸੁਰੱਖਿਆ ਜਾਂਚ ਪਹਿਲਾਂ ਵਾਂਗ ਹੀ ਸਖ਼ਤ ਰਹੇਗੀ ਅਤੇ ਹਰ ਯਾਤਰੀ ਨੂੰ ਪੂਰੀ ਸਕ੍ਰੀਨਿੰਗ ਪ੍ਰਕਿਰਿਆ ਵਿਚੋਂ ਲੰਘਣਾ ਪਵੇਗਾ।

ਯਾਤਰਾ ਮਾਹਿਰਾਂ ਦਾ ਕਹਿਣਾ ਹੈ ਕਿ ਵਰਲਡ ਕੱਪ ਕਾਰਨ ਹੋਟਲਾਂ, ਫਲਾਈਟਾਂ ਅਤੇ ਵੀਜ਼ਾ ਅਪਾਇੰਟਮੈਂਟਾਂ ਦੀ ਮੰਗ ਵੀ ਤੇਜ਼ੀ ਨਾਲ ਵਧ ਸਕਦੀ ਹੈ। ਇਸ ਲਈ ਯਾਤਰਾ ਦੀ ਯੋਜਨਾ ਪਹਿਲਾਂ ਬਣਾਉਣ ਦੀ ਸਲਾਹ ਦਿੱਤੀ ਜਾ ਰਹੀ ਹੈ।

## ਅਮਰੀਕਾ ਦੀਆਂ ਇਮੀਗ੍ਰੇਸ਼ਨ ਕੋਰਟਾਂ 'ਚ ਕੇਸਾਂ ਦਾ ਬੈਕਲਾਗ ਵਧਿਆ !

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਦੀਆਂ ਇਮੀਗ੍ਰੇਸ਼ਨ ਕੋਰਟਾਂ ਵਿਚ ਕੇਸਾਂ ਦਾ ਬੈਕਲਾਗ ਇੱਕ ਵੱਡੀ ਸਮੱਸਿਆ ਬਣਦਾ ਜਾ ਰਿਹਾ ਹੈ। ਰਿਪੋਰਟਾਂ ਮੁਤਾਬਕ ਲੱਖਾਂ ਕੇਸ ਸੁਣਵਾਈ ਦੀ ਉਡੀਕ ਵਿੱਚ ਹਨ ਅਤੇ ਕਈ ਲੋਕਾਂ ਨੂੰ ਸਾਲਾਂ ਬਾਅਦ ਦੀਆਂ ਤਰੀਖਾਂ ਮਿਲ ਰਹੀਆਂ ਹਨ। American Immigration Lawyers Association (AILA) ਸਮੇਤ ਕਈ ਸੰਸਥਾਵਾਂ ਨੇ ਚੇਤਾਵਨੀ ਦਿੱਤੀ ਹੈ ਕਿ ਕੋਰਟ ਪ੍ਰਣਾਲੀ 'ਤੇ ਬਹੁਤ ਵੱਡਾ ਦਬਾਅ ਹੈ।

ਕਈ ਇਮੀਗ੍ਰੈਂਟਸ ਨੂੰ ਗਲਤ ਨੋਟਿਸ, ਅਚਾਨਕ ਸੁਣਵਾਈਆਂ ਅਤੇ ਤਰੀਖਾਂ 'ਚ ਤਬਦੀਲੀਆਂ

### ■ ਲੱਖਾਂ ਕੇਸ ਸੁਣਵਾਈ ਦੀ ਉਡੀਕ 'ਚ

ਦੀਆਂ ਸ਼ਿਕਾਇਤਾਂ ਆ ਰਹੀਆਂ ਹਨ। ਵਕੀਲਾਂ ਦਾ ਕਹਿਣਾ ਹੈ ਕਿ ਕਈ ਪਰਿਵਾਰ ਅਨਿਸ਼ਚਿਤਤਾ ਵਿਚ ਜੀਅ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਉਨ੍ਹਾਂ ਦੇ ਕੇਸ ਦਾ ਫੈਸਲਾ ਕਦੋਂ ਆਏਗਾ।

ਅਸਾਇਲਮ ਮੰਗਣ ਵਾਲਿਆਂ ਲਈ ਵੀ ਹਾਲਾਤ ਮੁਸ਼ਕਿਲ ਹੋ ਰਹੇ ਹਨ। ਮਾਹਿਰਾਂ ਮੁਤਾਬਕ ਕੇਸਾਂ ਦੀ ਲੰਮੀ ਉਡੀਕ ਕਾਰਨ ਕਈ ਲੋਕ ਵਰਕ ਪਰਮਿਟ ਅਤੇ ਹੋਰ ਸਹੂਲਤਾਂ ਲਈ ਵੀ ਤਰਸ ਰਹੇ ਹਨ।

# ਟਰੰਪ ਪ੍ਰਸ਼ਾਸਨ ਦੀ ਸਖਤ ਇਮੀਗ੍ਰੇਸ਼ਨ ਨੀਤੀ ਨਾਲ ਪਰਵਾਸੀ ਭਾਈਚਾਰਿਆਂ ’ਚ ਡਰ ਦਾ ਮਾਹੌਲ



**ਵਾਸ਼ਿੰਗਟਨ, (ਪੰਜਾਬ ਮੇਲ)-** ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਦੌਰਾਨ ਅਮਰੀਕਾ ਵਿਚ ਇਮੀਗ੍ਰੇਸ਼ਨ ਨੀਤੀਆਂ ਹੋਰ ਸਖ਼ਤ ਹੁੰਦੀਆਂ ਜਾ ਰਹੀਆਂ ਹਨ। ਟਰੰਪ ਪ੍ਰਸ਼ਾਸਨ ਵੱਲੋਂ ਦੇਸ਼ ਭਰ ਵਿਚ ਇਮੀਗ੍ਰੇਸ਼ਨ ਲਾਗੂ ਕਰਨ ਦੀ ਕਾਰਵਾਈ ਤੇਜ਼ ਕਰ ਦਿੱਤੀ ਗਈ ਹੈ, ਜਿਸ ਵਿਚ ICE ਛਾਪੇ, ਡਿਟੈਨਸ਼ਨ ਸੈਂਟਰਾਂ ਦਾ ਵਾਧਾ ਅਤੇ ਡਿਪੋਰਟੇਸ਼ਨ ਕਾਰਵਾਈਆਂ ਸ਼ਾਮਲ ਹਨ।

ਨਵੀਆਂ ਰਿਪੋਰਟਾਂ ਅਨੁਸਾਰ, ਇਮੀਗ੍ਰੈਂਟ ਪਰਿਵਾਰਾਂ ਵਿਚ ਡਰ, ਤਣਾਅ ਅਤੇ ਡਿਪ੍ਰੈਸ਼ਨ ਦੇ ਮਾਮਲੇ ਵਧ ਰਹੇ ਹਨ। ਮਾਨਸਿਕ ਸਿਹਤ ਕਲੀਨਿਕਾਂ ਦਾ ਕਹਿਣਾ ਹੈ ਕਿ ਲਗਾਤਾਰ ਛਾਪਿਆਂ ਅਤੇ ਗ੍ਰਿਫ਼ਤਾਰੀਆਂ ਕਾਰਨ ਬੱਚਿਆਂ ਅਤੇ ਪਰਿਵਾਰਾਂ ’ਤੇ ਗੰਭੀਰ ਮਨੋਵਿਗਿਆਨਕ ਅਸਰ ਪੈ ਰਿਹਾ ਹੈ।

ਕੈਲੀਫੋਰਨੀਆ ਵਿਚ ਰਾਜ ਅਧਿਕਾਰੀਆਂ ਵੱਲੋਂ ਕੀਤੀਆਂ ਜਾਂਚਾਂ ਦੌਰਾਨ ਕਈ ICE ਡਿਟੈਨਸ਼ਨ ਸੈਂਟਰਾਂ ਵਿਚ ਬੰਦ ਲੋਕਾਂ ਨੇ ਮਾੜੀਆਂ ਸਥਿਤੀਆਂ ਅਤੇ ਮਾਨਸਿਕ ਪੀੜਾ ਬਾਰੇ ਜਾਣਕਾਰੀ ਦਿੱਤੀ। ਕਈ ਕੈਦੀਆਂ ਨੇ ਦੋਸ਼ ਲਾਇਆ ਕਿ ਉਨ੍ਹਾਂ ਨੂੰ ਬੁਨਿਆਦੀ ਸਹੂਲਤਾਂ ਅਤੇ ਪਾਰਦਰਸ਼ੀ ਕਾਰਵਾਈ ਤੋਂ ਵਾਂਝਾ ਰੱਖਿਆ ਜਾ ਰਿਹਾ ਹੈ।

ਇਸੇ ਦੌਰਾਨ, ਸਰਹੱਦੀ ਸੁਰੱਖਿਆ ਨਾਲ ਜੁੜੇ ਉੱਚ ਅਧਿਕਾਰੀਆਂ ਵਿਚ ਵੀ ਵੱਡੇ ਬਦਲਾਅ ਹੋ ਰਹੇ ਹਨ। ਬਾਰਡਰ ਪੈਟਰੋਲ ਮੁਖੀ ਮਾਈਕ ਬੈਂਕਸ ਨੇ ਅਚਾਨਕ ਅਸਤੀਫ਼ਾ ਦੇ ਦਿੱਤਾ ਹੈ। ਇਸਨੂੰ ਟਰੰਪ ਪ੍ਰਸ਼ਾਸਨ ਦੀਆਂ ਹੋਰ ਕਠੋਰ ਸਰਹੱਦੀ ਨੀਤੀਆਂ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ।

ਟਰੰਪ ਪ੍ਰਸ਼ਾਸਨ ਨੇ ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਦੇ ਕਾਰਜਕਾਰੀ ਮੁਖੀ ਵਜੋਂ ਡੇਵਿਡ ਵੈਂਚੁਰੇਲਾ ਦੀ ਨਿਯੁਕਤੀ ਕੀਤੀ ਹੈ। ਵੈਂਚੁਰੇਲਾ ਦੇ ਨਿੱਜੀ ਜੇਲ੍ਹ ਕੰਪਨੀ ਜੀ.ਈ.ਓ. ਗਰੁੱਪ ਨਾਲ ਪੁਰਾਣੇ ਸਬੰਧਾਂ ਕਾਰਨ ਵਿਰੋਧੀ ਧਿਰ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਵੱਲੋਂ ਆਲੋਚਨਾ ਕੀਤੀ ਜਾ ਰਹੀ ਹੈ।

ਕਈ ਬਰਖ਼ਾਸਤ ਕੀਤੇ ਗਏ ਇਮੀਗ੍ਰੇਸ਼ਨ ਜੱਜਾਂ ਨੇ ਵੀ ਸਰਕਾਰ ਖ਼ਿਲਾਫ਼ ਮਾਮਲੇ ਦਰਜ ਕਰਵਾਏ ਹਨ। ਉਨ੍ਹਾਂ ਦਾ ਦੋਸ਼ ਹੈ ਕਿ ਪ੍ਰਸ਼ਾਸਨ ਅਜਿਹੇ ਅਧਿਕਾਰੀਆਂ ਨੂੰ ਤਰਜੀਹ ਦੇ ਰਿਹਾ ਹੈ, ਜੋ ਡਿਪੋਰਟੇਸ਼ਨ-ਕੇਂਦਰਿਤ ਨੀਤੀਆਂ ਦਾ ਸਮਰਥਨ ਕਰਦੇ ਹਨ।

ਵ੍ਹਾਈਟ ਹਾਊਸ ਦਾ ਕਹਿਣਾ ਹੈ ਕਿ ਟਰੰਪ ਦੇ ਦੂਜੇ ਕਾਰਜਕਾਲ ਦੌਰਾਨ ਅਸਾਈਲਮ ਮਨਜ਼ੂਰੀਆਂ ਵਿਚ ਵੱਡੀ ਕਮੀ ਆਈ ਹੈ, ਜਦਕਿ ਡਿਪੋਰਟੇਸ਼ਨ ਆਰਡਰਾਂ ਵਿਚ ਵਾਧਾ ਹੋਇਆ ਹੈ। ਪ੍ਰਸ਼ਾਸਨ ਦਾ ਦਾਅਵਾ ਹੈ ਕਿ ਇਹ ਕਦਮ ਗੈਰਕਾਨੂੰਨੀ ਇਮੀਗ੍ਰੇਸ਼ਨ ਅਤੇ ਨਸ਼ਿਆਂ ਦੀ ਤਸਕਰੀ ਰੋਕਣ ਲਈ ਲਾਜ਼ਮੀ ਹਨ।

ਡੈਮੋਕ੍ਰੈਟ ਆਗੂਆਂ ਨੇ ICE ਦੀਆਂ "ਗੁਪਤ ਡਿਪੋਰਟੇਸ਼ਨ ਉਡਾਣਾਂ" ਅਤੇ ਕਾਰਵਾਈ ਵਿਚ ਪਾਰਦਰਸ਼ਤਾ ਦੀ ਕਮੀ ’ਤੇ ਵੀ ਚਿੰਤਾ ਜਤਾਈ ਹੈ। ਇਮੀਗ੍ਰੇਸ਼ਨ ਨੀਤੀ ਨਾਲ ਜੁੜੀਆਂ ਸੰਸਥਾਵਾਂ ਦਾ ਕਹਿਣਾ ਹੈ ਕਿ ਪ੍ਰਸ਼ਾਸਨ ਕਾਨੂੰਨੀ ਇਮੀਗ੍ਰੇਸ਼ਨ, ਵੀਜ਼ਾ ਅਤੇ ਸ਼ਰਨ ਮੰਗਣ ਵਾਲਿਆਂ ਲਈ ਵੀ ਨਵੇਂ ਕੜੇ ਨਿਯਮ ਲਿਆਉਣ ਦੀ ਤਿਆਰੀ ਕਰ ਰਿਹਾ ਹੈ।

# ਅਮੀਰ ਰਿਟਾਇਰ ਲੋਕਾਂ ਦੀ ਸੋਸ਼ਲ ਸਕਿਓਰਿਟੀ ’ਤੇ ਲੱਗ ਸਕਦੀ ਹੈ 100,000 ਡਾਲਰ ਦੀ ਸੀਮਾ

**■ ਅਮਰੀਕਾ ’ਚ ਸੋਸ਼ਲ ਸਕਿਓਰਿਟੀ ਫੰਡ ਸੰਕਟ ਨੂੰ ਦੇਖਦੇ ਹੋਏ ਨਵਾਂ ਪ੍ਰਸਤਾਵ ਚਰਚਾ ’ਚ**

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਸੋਸ਼ਲ ਸਕਿਓਰਿਟੀ ਪ੍ਰੋਗਰਾਮ ਦੇ ਭਵਿੱਖ ਨੂੰ ਲੈ ਕੇ ਇੱਕ ਨਵਾਂ ਪ੍ਰਸਤਾਵ ਚਰਚਾ ਵਿਚ ਆ ਗਿਆ ਹੈ, ਜਿਸ ਤਹਿਤ ਪਤੀ-ਪਤਨੀ ਨੂੰ ਮਿਲਣ ਵਾਲੀ ਕੁੱਲ ਸੋਸ਼ਲ ਸਕਿਓਰਿਟੀ ਰਕਮ ਨੂੰ 100,000 ਡਾਲਰ ਸਾਲਾਨਾ ਤੱਕ ਸੀਮਿਤ ਕਰਨ ਦੀ ਗੱਲ ਕੀਤੀ ਜਾ ਰਹੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇਸ ਨਾਲ ਸੋਸ਼ਲ ਸਕਿਓਰਿਟੀ ਦੇ ਲੰਬੇ ਸਮੇਂ ਵਾਲੇ ਵਿੱਤੀ ਘਾਟੇ ਦਾ ਕਰੀਬ ਇੱਕ-ਪੰਜਵਾਂ ਹਿੱਸਾ ਘਟਾਇਆ ਜਾ ਸਕਦਾ ਹੈ, ਪਰ ਇਸ ਦਾ ਅਸਰ ਲਗਭਗ 10 ਲੱਖ ਉੱਚ ਆਮਦਨ ਵਾਲੇ ਰਿਟਾਇਰ ਲੋਕਾਂ ’ਤੇ ਪੈ ਸਕਦਾ ਹੈ।

ਮੌਜੂਦਾ ਨਿਯਮਾਂ ਮੁਤਾਬਕ ਜੇ ਕੋਈ ਵਿਅਕਤੀ ਆਪਣੀ ਪੂਰੀ ਨੌਕਰੀ ਦੌਰਾਨ ਉੱਚੀ ਤਨਖਾਹ ਕਮਾਉਂਦਾ ਰਿਹਾ ਹੋਵੇ ਅਤੇ 70 ਸਾਲ ਦੀ ਉਮਰ ਤੱਕ ਸੋਸ਼ਲ ਸਕਿਓਰਿਟੀ ਲੈਣ ਵਿਚ ਦੇਰੀ ਕਰੇ, ਤਾਂ ਉਸ ਨੂੰ ਮਹੀਨੇ ਦੇ 4,800 ਡਾਲਰ ਤੋਂ ਵੱਧ ਤੱਕ ਲਾਭ ਮਿਲ ਸਕਦਾ ਹੈ। ਜੇ ਪਤੀ-ਪਤਨੀ ਦੋਵੇਂ ਇਸ ਸ਼੍ਰੇਣੀ ਵਿਚ ਆਉਂਦੇ ਹੋਣ, ਤਾਂ ਉਨ੍ਹਾਂ ਦੀ ਕੁੱਲ ਸਾਲਾਨਾ ਸੋਸ਼ਲ ਸਕਿਓਰਿਟੀ ਆਮਦਨ 100,000 ਡਾਲਰ ਤੋਂ ਵੱਧ ਹੋ ਸਕਦੀ ਹੈ।

ਨਵੇਂ ਪ੍ਰਸਤਾਵ ਅਨੁਸਾਰ ਇਸ ਸੀਮਾ ਤੋਂ ਵੱਧ ਦੀ ਰਕਮ ਕੱਟੀ ਜਾ ਸਕਦੀ ਹੈ। ਹਾਲਾਂਕਿ ਆਮ ਮੱਧਵਰਗੀ ਪਰਿਵਾਰਾਂ ਜਾਂ ਘੱਟ ਆਮਦਨ ਵਾਲੇ ਰਿਟਾਇਰ ਲੋਕਾਂ ’ਤੇ ਇਸ ਦਾ ਕੋਈ ਵੱਡਾ ਅਸਰ ਨਹੀਂ ਪਵੇਗਾ। ਸੋਸ਼ਲ ਸਕਿਓਰਿਟੀ ਪ੍ਰਸ਼ਾਸਨ ਦੇ ਅੰਕੜਿਆਂ ਮੁਤਾਬਕ ਅਮਰੀਕਾ ਵਿਚ ਔਸਤ ਰਿਟਾਇਰ ਵਿਅਕਤੀ ਨੂੰ ਲਗਭਗ 2,000 ਡਾਲਰ ਪ੍ਰਤੀ ਮਹੀਨਾ ਹੀ ਲਾਭ ਮਿਲਦਾ ਹੈ।

ਵਿੱਤੀ ਮਾਹਿਰਾਂ ਦਾ ਕਹਿਣਾ ਹੈ ਕਿ ਸੋਸ਼ਲ ਸਕਿਓਰਿਟੀ ਟਰੱਸਟ ਫੰਡ 2033 ਤੋਂ 2035 ਦੇ ਵਿਚਕਾਰ ਖਤਮ ਹੋ ਸਕਦਾ ਹੈ। ਜੇ ਕਾਂਗਰਸ ਵੱਲੋਂ ਕੋਈ ਸੁਧਾਰ ਨਾ ਕੀਤਾ ਗਿਆ, ਤਾਂ ਭਵਿੱਖ ਵਿਚ ਸਾਰੇ ਲਾਭਪਾਤਰੀਆਂ ਦੇ ਚੈੱਕਾਂ ਵਿਚ 17 ਤੋਂ 21 ਫੀਸਦੀ ਤੱਕ ਕਟੌਤੀ ਹੋ ਸਕਦੀ ਹੈ। ਇਸ ਕਰਕੇ ਕੁਝ ਪਾਲਿਸੀ ਮਾਹਿਰ ਦਲੀਲ ਦੇ ਰਹੇ ਹਨ ਕਿ ਉੱਚ ਆਮਦਨ ਵਾਲੇ ਰਿਟਾਇਰ ਲੋਕਾਂ ’ਤੇ ਸੀਮਾ ਲਗਾਉਣਾ ਵਧੀਆ ਵਿਕਲਪ ਹੋ ਸਕਦਾ ਹੈ, ਤਾਂ ਜੋ ਘੱਟ ਆਮਦਨ ਵਾਲੇ ਬਜ਼ੁਰਗਾਂ ਦੇ ਲਾਭਾਂ ਦੀ ਰੱਖਿਆ ਕੀਤੀ ਜਾ ਸਕੇ।

ਦੂਜੇ ਪਾਸੇ ਵਿਰੋਧ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਜਿਨ੍ਹਾਂ ਲੋਕਾਂ ਨੇ ਸਾਲਾਂ ਤੱਕ ਵੱਧ ਸੋਸ਼ਲ ਸਕਿਓਰਿਟੀ ਟੈਕਸ ਭਰਿਆ ਹੈ, ਉਨ੍ਹਾਂ ਨੂੰ ਵੱਧ ਲਾਭ ਮਿਲਣਾ ਨਿਆਂਸੰਗਤ ਹੈ। ਉਨ੍ਹਾਂ ਦੇ ਅਨੁਸਾਰ ਇਸ ਤਰ੍ਹਾਂ ਦੀ ਸੀਮਾ ਨਾਲ ਲੋਕਾਂ ਦਾ ਸੋਸ਼ਲ ਸਕਿਓਰਿਟੀ ਸਿਸਟਮ ’ਤੇ ਭਰੋਸਾ ਘੱਟ ਹੋ ਸਕਦਾ ਹੈ।

ਅਜੇ ਤੱਕ ਇਸ ਸਬੰਧੀ ਕੋਈ ਬਿੱਲ ਕਾਂਗਰਸ ਵਿਚ ਪਾਸ ਨਹੀਂ ਹੋਇਆ ਅਤੇ ਨਾ ਹੀ ਇਹ ਕਾਨੂੰਨ ਬਣਿਆ ਹੈ। ਪਰ ਮਾਹਿਰਾਂ ਦਾ ਮੰਨਣਾ ਹੈ ਕਿ ਸੋਸ਼ਲ ਸਕਿਓਰਿਟੀ ਸੁਧਾਰਾਂ ਬਾਰੇ ਅਗਲੇ ਕੁਝ ਸਾਲਾਂ ਵਿਚ ਵੱਡੀ ਚਰਚਾ ਹੋਣੀ ਲਗਭਗ ਨਿਸ਼ਚਿਤ ਹੈ।

ਮਾਹਿਰ ਇਹ ਵੀ ਸਲਾਹ ਦੇ ਰਹੇ ਹਨ ਕਿ ਉੱਚੀ ਆਮਦਨ ਵਾਲੇ ਕਰਮਚਾਰੀ ਸਿਰਫ਼ ਸੋਸ਼ਲ ਸਕਿਓਰਿਟੀ ’ਤੇ ਨਿਰਭਰ ਨਾ ਰਹਿਣ, ਸਗੋਂ 401(ਕੇ), ਆਈ.ਆਰ.ਏ. ਅਤੇ ਹੋਰ ਨਿੱਜੀ ਨਿਵੇਸ਼ ਯੋਜਨਾਵਾਂ ਰਾਹੀਂ ਵੀ ਆਪਣਾ ਰਿਟਾਇਰਮੈਂਟ ਫੰਡ ਮਜ਼ਬੂਤ ਬਣਾਉਣ।

# ਟਰੰਪ ਦੀ ਵ੍ਹਾਈਟ ਹਾਊਸ ਸੁਰੱਖਿਆ ਲਈ 1 ਅਰਬ ਡਾਲਰ ਦੀ ਮੰਗ ਸੈਨੇਟ ਸੰਸਦੀ ਅਧਿਕਾਰੀ ਵੱਲੋਂ ਰੱਦ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਸੈਨੇਟ ਦੀ ਸੰਸਦੀ ਅਧਿਕਾਰੀ ਐਲਿਜ਼ਾਬੈਥ ਮੈਕਡੋਨੋ ਨੇ ਰਿਪਬਲਿਕਨ ਪਾਰਟੀ ਦੇ ਬਜਟ ਸਮਝੌਤਾ ਬਿੱਲ ’ਚ ਸ਼ਾਮਲ ਵ੍ਹਾਈਟ ਹਾਊਸ ਸੁਰੱਖਿਆ ਅਤੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸਤਾਵਿਤ ਬਾਲਰੂਮ ਪ੍ਰੋਜੈਕਟ ਲਈ ਮੰਗੇ ਗਏ 1 ਅਰਬ ਡਾਲਰ ਦੇ ਫੰਡ ਨੂੰ ਨਿਯਮਾਂ ਦੇ ਖ਼ਿਲਾਫ਼ ਕਰਾਰ ਦਿੰਦਿਆਂ ਰੱਦ ਕਰ ਦਿੱਤਾ ਹੈ।

ਇਹ ਰਕਮ ਲਗਭਗ 72 ਅਰਬ ਡਾਲਰ ਦੇ ਉਸ ਵੱਡੇ ਪੈਕੇਜ ਦਾ ਹਿੱਸਾ ਸੀ, ਜੋ ਮੁੱਖ ਤੌਰ ’ਤੇ ਇਮੀਗ੍ਰੇਸ਼ਨ ਲਾਗੂ ਕਰਨ ਅਤੇ ਸਰਹੱਦੀ ਸੁਰੱਖਿਆ ’ਤੇ ਕੇਂਦਰਿਤ ਹੈ। ਮੈਕਡੋਨਾਫ਼ ਨੇ ਫੈਸਲਾ ਦਿੱਤਾ ਕਿ ਇਹ ਪ੍ਰਸਤਾਵ "ਬਜਟ ਰੀਕਨਸਿਲੀਏਸ਼ਨ" ਨਿਯਮਾਂ ਦੇ ਅਧੀਨ ਨਹੀਂ ਆਉਂਦਾ, ਇਸ ਲਈ ਇਸਨੂੰ ਸਾਧਾਰਣ ਬਹੁਮਤ ਨਾਲ ਪਾਸ ਨਹੀਂ ਕੀਤਾ ਜਾ ਸਕਦਾ।

ਸੈਨੇਟ ਬਜਟ ਕਮੇਟੀ ਦੇ ਡੈਮੋਕ੍ਰੈਟ ਮੈਂਬਰ ਜੈਫ਼ ਮਰਕਲੇ ਦੇ ਦਫ਼ਤਰ ਅਨੁਸਾਰ, ਇਸ ਮਾਮਲੇ ਨੂੰ ਪਾਸ ਕਰਨ ਲਈ ਹੁਣ 60 ਵੋਟਾਂ ਦੀ ਲੋੜ ਪਵੇਗੀ।

ਰਿਪਬਲਿਕਨ ਆਗੂ ਜੌਨ ਥੂਨ ਦੇ ਬੁਲਾਰੇ ਰਾਇਨ ਰਾਸੇ ਨੇ ਕਿਹਾ ਕਿ ਪਾਰਟੀ ਇਸ ਪ੍ਰਸਤਾਵ ਨੂੰ ਦੁਬਾਰਾ ਤਿਆਰ ਕਰਕੇ ਮੁੜ ਪੇਸ਼ ਕਰਨ ਦੀ ਕੋਸ਼ਿਸ਼ ਕਰੇਗੀ। ਉਨ੍ਹਾਂ ਨੇ ਸੋਸ਼ਲ ਮੀਡੀਆ ’ਤੇ ਲਿਖਿਆ, "ਮੁੜ ਲਿਖੋ, ਸੁਧਾਰੋ ਅਤੇ ਫਿਰ ਪੇਸ਼ ਕਰੋ। ਇਹ ਬਰਡ ਪ੍ਰਕਿਰਿਆ ਦਾ ਆਮ ਹਿੱਸਾ ਹੈ।"

ਪੇਸ਼ ਕੀਤੀ ਗਈ ਰਕਮ ਵਿਚੋਂ ਕਰੀਬ 220 ਮਿਲੀਅਨ ਡਾਲਰ ਵ੍ਹਾਈਟ ਹਾਊਸ ਕੰਪਲੈਕਸ ਦੀ ਸੁਰੱਖਿਆ ਮਜ਼ਬੂਤ ਕਰਨ ਲਈ ਰੱਖੇ ਗਏ ਸਨ। ਇਸ ਵਿਚ ਬਾਲਰੂਮ ਨਾਲ ਸੰਬੰਧਿਤ ਜ਼ਮੀਨ ਹੇਠਾਂ ਅਤੇ ਉੱਪਰਲੇ ਸੁਰੱਖਿਆ ਪ੍ਰਬੰਧ, ਬੁਲੇਟ-ਪਰੂਫ਼ ਕੱਚ, ਡਰੋਨ ਪਹਿਚਾਣ ਪ੍ਰਣਾਲੀ ਅਤੇ ਰਸਾਇਣਕ ਸੁਰੱਖਿਆ ਸਿਸਟਮ ਸ਼ਾਮਲ ਸਨ। ਇਸ ਤੋਂ ਇਲਾਵਾ 180 ਮਿਲੀਅਨ ਡਾਲਰ ਵ੍ਹਾਈਟ ਹਾਊਸ ਵਿਜ਼ਟਰ ਸਕ੍ਰੀਨਿੰਗ ਸੈਂਟਰ ਲਈ ਅਤੇ 600 ਮਿਲੀਅਨ ਡਾਲਰ ਯੂਨਾਈਟਿਡ ਸਟੇਟ ਸੀਕ੍ਰੇਟ ਸਰਵਿਸ ਦੀ ਟ੍ਰੇਨਿੰਗ, ਡਰੋਨ ਰੋਕਥਾਮ ਅਤੇ ਟਰੰਪ ਸਮੇਤ ਹੋਰ ਅਧਿਕਾਰੀਆਂ ਦੀ ਸੁਰੱਖਿਆ ਲਈ ਮੰਗੇ ਗਏ ਸਨ।

ਕਈ ਰਿਪਬਲਿਕਨ ਸੈਨੇਟਰਾਂ ਨੇ ਵੀ ਇਸ ਰਕਮ ਬਾਰੇ ਸਵਾਲ ਖੜ੍ਹੇ ਕੀਤੇ ਹਨ। ਜੌਨ ਕਰਟਿਸ ਨੇ ਕਿਹਾ ਕਿ ਜੇ ਸਰਕਾਰ ਇੱਕ ਅਰਬ ਡਾਲਰ ਦੀ ਮੰਗ ਕਰਦੀ ਹੈ, ਤਾਂ ਉਸਦੀ ਪੂਰੀ ਜਾਣਕਾਰੀ ਅਤੇ ਹਿਸਾਬ ਦਿੱਤਾ ਜਾਣਾ ਚਾਹੀਦਾ ਹੈ। ਉੱਧਰ ਡੈਮੋਕ੍ਰੈਟ ਆਗੂ ਚੱਕ ਸ਼ੂਮਰ ਨੇ ਇਸ ਪ੍ਰੋਜੈਕਟ ਨੂੰ "ਸ਼ਰਮਨਾਕ" ਦੱਸਦੇ ਹੋਏ ਕਿਹਾ ਕਿ ਲੋਕ ਮਹਿੰਗਾਈ ਦਾ ਸਾਹਮਣਾ ਕਰ ਰਹੇ ਹਨ, ਜਦਕਿ ਟੈਕਸਦਾਤਿਆਂ ਦਾ ਪੈਸਾ ਟਰੰਪ ਦੇ ਸ਼ਾਨਦਾਰ ਬਾਲਰੂਮ ਉੱਤੇ ਖਰਚਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਟਰੰਪ ਪਹਿਲਾਂ ਕਹਿ ਚੁੱਕੇ ਹਨ ਕਿ ਬਾਲਰੂਮ ਦੀ ਅਸਲ ਇਮਾਰਤ ਲਈ ਲਗਭਗ 400 ਮਿਲੀਅਨ ਡਾਲਰ ਨਿੱਜੀ ਦਾਨ ਰਾਹੀਂ ਇਕੱਠੇ ਕੀਤੇ ਜਾਣਗੇ ਅਤੇ ਇਸਦਾ ਕੰਮ 2028 ਤੱਕ ਪੂਰਾ ਹੋ ਸਕਦਾ ਹੈ। ਹਾਲਾਂਕਿ ਵਿਰੋਧੀ ਧਿਰ ਦਾ ਕਹਿਣਾ ਹੈ ਕਿ ਪ੍ਰੋਜੈਕਟ ਲਈ ਸਰਕਾਰੀ ਫੰਡ ਦੀ ਵਰਤੋਂ ਜਾਇਜ਼ ਨਹੀਂ। ਵ੍ਹਾਈਟ ਹਾਊਸ ਅਤੇ ਰਿਪਬਲਿਕਨ ਸਮਰਥਕਾਂ ਦਾ ਦਾਅਵਾ ਹੈ ਕਿ ਇਹ ਖਰਚ ਸਿਰਫ਼ ਬਾਲਰੂਮ ਲਈ ਨਹੀਂ, ਸਗੋਂ ਰਾਸ਼ਟਰੀ ਸੁਰੱਖਿਆ ਅਤੇ ਰਾਸ਼ਟਰਪਤੀ ਦੀ ਰੱਖਿਆ ਲਈ ਜ਼ਰੂਰੀ ਬੁਨਿਆਦੀ ਢਾਂਚੇ ਨੂੰ ਅਧੁਨਿਕ ਬਣਾਉਣ ਲਈ ਹੈ।

## ਅਮਰੀਕਾ ’ਚ ਭਾਰਤੀ ਨਾਗਰਿਕ ਵੱਲੋਂ ਤਸਕਰੀ ਦੀ ਸਾਜ਼ਿਸ਼ ਦੇ ਦੋਸ਼ ਸਵੀਕਾਰ; ਹੋਵੇਗੀ ਸਜ਼ਾ

**ਨਿਊਯਾਰਕ, (ਪੰਜਾਬ ਮੇਲ)-** ਇੱਕ 22 ਸਾਲਾ ਭਾਰਤੀ ਨਾਗਰਿਕ ਨੇ ਕੈਨੇਡਾ ਦੀ ਸਰਹੱਦ ਰਾਹੀਂ ਭਾਰਤੀ ਨਾਗਰਿਕਾਂ ਨੂੰ ਗੈਰ-ਕਾਨੂੰਨੀ ਤੌਰ ’ਤੇ ਅਮਰੀਕਾ ’ਚ ਤਸਕਰੀ ਕਰਨ ਦੀ ਸਾਜ਼ਿਸ਼ ਦਾ ਦੋਸ਼ ਸਵੀਕਾਰ ਕੀਤਾ ਹੈ। ਅਮਰੀਕੀ ਨਿਆਂ ਵਿਭਾਗ ਨੇ ਇਸ ਸਬੰਧੀ ਜਾਣਕਾਰੀ ਦਿੱਤੀ। ਨਿਆਂ ਵਿਭਾਗ ਦੇ ਅਨੁਸਾਰ ਸ਼ਿਵਮ ਅਕਤੂਬਰ 2024 ਤੋਂ ਜੂਨ 2025 ਤੱਕ ਤਸਕਰੀ ਦੀ ਕਾਰਵਾਈ ਵਿਚ ਸ਼ਾਮਲ ਸੀ। ਉਸਨੇ ਅਮਰੀਕਾ-ਕੈਨੇਡਾ ਸਰਹੱਦ ਪਾਰ ਕਰਕੇ ਲੋਕਾਂ ਨੂੰ ਗੈਰ ਕਾਨੂੰਨੀ ਤੌਰ ’ਤੇ ਨਿਊਯਾਰਕ ਲਿਆਉਣ ਵਿਚ ਸਹਿਯੋਗ ਦਿੱਤਾ ਸੀ। ਸ਼ਿਵਮ ਦੀ ਭੂਮਿਕਾ ਲੋਕਾਂ ਨੂੰ ਸਰਹੱਦ ਪਾਰ ਲਿਜਾਣ ਅਤੇ ਉਨ੍ਹਾਂ ਨੂੰ ਅਮਰੀਕਾ ਦੇ ਅੰਦਰ ਸੁਰੱਖਿਅਤ ਪਨਾਹਗਾਹਾਂ ਅਤੇ ਨਿਊਯਾਰਕ ਦੇ ਪਲੈਟਸਬਰਗ ਵਿਚ ਇੱਕ ਹੋਟਲ ਵਿਚ ਲਿਜਾਣ ਲਈ ਡਰਾਈਵਰਾਂ ਦਾ ਪ੍ਰਬੰਧ ਕਰਨਾ ਸੀ। ਨਿਆਂ ਵਿਭਾਗ ਨੇ ਕਿਹਾ ਕਿ ਪਿਛਲੇ ਸਾਲ ਜਨਵਰੀ ਵਿਚ, ਉਸਨੇ ਇੱਕ ਸਹਿ-ਸਾਜ਼ਿਸ਼ਕਰਤਾ ਨੂੰ ਭਾਰਤ ਅਤੇ ਬ੍ਰਿਟੇਨ ਦੇ 12 ਲੋਕਾਂ ਨੂੰ ਕੈਨੇਡਾ ਤੋਂ ਅਮਰੀਕਾ ਲਿਆਉਣ ਦਾ ਨਿਰਦੇਸ਼ ਦਿੱਤਾ ਸੀ।

# ਸਰਹੱਦੀ ਕੰਧ ਨਿਰਮਾਣ ਨਾਲ ਪਵਿੱਤਰ ਆਦੀਵਾਸੀ ਥਾਵਾਂ ਦੀ ਹੋ ਰਹੀ ਬੇਅਦਬੀ : ਮੂਲ ਨਿਵਾਸੀ ਆਗੂ

**ਟੇਕਾਟੇ (ਮੈਕਸੀਕੋ), (ਪੰਜਾਬ ਮੇਲ)-** ਅਮਰੀਕਾ-ਮੈਕਸੀਕੋ ਸਰਹੱਦ ’ਤੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਵੱਲੋਂ ਤੇਜ਼ੀ ਨਾਲ ਬਣਾਈ ਜਾ ਰਹੀ ਸਰਹੱਦੀ ਕੰਧ ਕਾਰਨ ਕਈ ਮੂਲ ਨਿਵਾਸੀ ਕੌਮਾਂ ਦੇ ਪਵਿੱਤਰ ਧਾਰਮਿਕ ਅਤੇ ਸੱਭਿਆਚਾਰਕ ਸਥਾਨਾਂ ਨੂੰ ਨੁਕਸਾਨ ਪਹੁੰਚਣ ਦੇ ਦੋਸ਼ ਲੱਗ ਰਹੇ ਹਨ। ਆਦਿਵਾਸੀ ਆਗੂਆਂ ਦਾ ਕਹਿਣਾ ਹੈ ਕਿ ਕੰਧ ਬਣਾਉਣ ਲਈ ਪਹਾੜਾਂ ’ਤੇ ਧਮਾਕੇ ਕਰਨਾ ਅਤੇ ਇਤਿਹਾਸਕ ਥਾਵਾਂ ਨੂੰ ਤਬਾਹ ਕਰਨਾ ਉਨ੍ਹਾਂ ਦੀ ਆਤਮਕ ਵਿਰਾਸਤ ’ਤੇ ਸਿੱਧਾ ਹਮਲਾ ਹੈ।

ਮੈਕਸੀਕੋ ਦੇ ਟੇਕਾਟੇ ਇਲਾਕੇ ਵਿਚ ਸਥਿਤ ਕੁਚਾਮਾ ਪਹਾੜ, ਜਿਸਨੂੰ ਕੁਮੇਆਏ ਕੌਮ ਪਵਿੱਤਰ ਮੰਨਦੀ ਹੈ, ਉੱਥੇ ਅਮਰੀਕੀ ਠੇਕੇਦਾਰਾਂ ਵੱਲੋਂ ਚੱਟਾਨਾਂ ਉਡਾ ਕੇ ਨਵੀਂ ਸਰਹੱਦੀ ਕੰਧ ਬਣਾਉਣ ਦਾ ਕੰਮ ਕੀਤਾ ਜਾ ਰਿਹਾ ਹੈ। ਕੁਮੇਆਏ ਕੌਮ ਦੀ ਆਗੂ ਨੋਰਮਾ ਮੇਜ਼ਾ ਕਾਲੇਸ ਨੇ ਕਿਹਾ ਕਿ ਇਹ ਪਹਾੜ ਉਨ੍ਹਾਂ ਲਈ ਮੰਦਰ ਵਰਗਾ ਹੈ ਅਤੇ ਲੋਕ ਇੱਥੇ ਆਤਮਿਕ ਤਾਕਤ ਅਤੇ ਮਨ ਦੀ ਸ਼ਾਂਤੀ ਲੈਣ ਆਉਂਦੇ ਹਨ।

ਕੈਲੀਫੋਰਨੀਆ ਦੀ ਕੁਮੇਆਏ ਕੌਮ ਨਾਲ ਸੰਬੰਧਿਤ ਐਮਿਲੀ ਬੁਰਗੁਏਨੋ ਨੇ ਕਿਹਾ ਕਿ "ਸਾਡੀ ਭਾਸ਼ਾ ਵਿਚ ਸਰੀਰ ਅਤੇ ਧਰਤੀ ਲਈ ਇੱਕੋ ਸ਼ਬਦ ਵਰਤਿਆ ਜਾਂਦਾ ਹੈ। ਜਦੋਂ ਪਹਾੜ ਨੂੰ ਨੁਕਸਾਨ ਹੁੰਦਾ ਹੈ, ਅਸੀਂ ਉਹ ਦਰਦ ਆਪਣੇ ਡੀ.ਐੱਨ.ਏ. ਵਿਚ ਮਹਿਸੂਸ ਕਰਦੇ ਹਾਂ।"

ਆਦਿਵਾਸੀ ਆਗੂਆਂ ਮੁਤਾਬਕ, ਉਨ੍ਹਾਂ ਨੇ ਅਮਰੀਕੀ ਹੋਮਲੈਂਡ ਸੁਰੱਖਿਆ ਵਿਭਾਗ ਨਾਲ ਮੁਲਾਕਾਤ ਕਰਕੇ ਕੁਚਾਮਾ ਪਹਾੜ ਦੀ ਰੱਖਿਆ ਦੀ ਮੰਗ ਕੀਤੀ ਹੈ ਅਤੇ ਕਾਨੂੰਨੀ ਕਾਰਵਾਈ ਬਾਰੇ ਵੀ ਵਿਚਾਰ ਕੀਤਾ ਜਾ ਰਿਹਾ ਹੈ।

ਅਰੀਜ਼ੋਨਾ ਵਿਚ ਵੀ ਸਰਹੱਦੀ ਕੰਧ ਨਿਰਮਾਣ ਦੌਰਾਨ ਹਜ਼ਾਰਾਂ ਸਾਲ ਪੁਰਾਣੇ "ਲਾਸ ਪਲੇਆਸ ਇੰਟੈਗਲਿਓ" ਨਾਮਕ ਮੱਛੀ ਆਕਾਰ ਦੇ ਭੂ-ਚਿੱਤਰ ਨੂੰ ਨੁਕਸਾਨ ਪਹੁੰਚਿਆ ਹੈ।

ਉੱਧਰ ਅਮਰੀਕੀ ਕਸਟਮ ਅਤੇ ਬਾਰਡਰ ਪ੍ਰੋਟੈਕਸ਼ਨ (ਸੀ.ਬੀ.ਪੀ.) ਨੇ ਕਿਹਾ ਹੈ ਕਿ ਠੇਕੇਦਾਰਾਂ ਵੱਲੋਂ ਇਹ ਸਥਾਨ "ਅਣਜਾਣੇ ਵਿਚ ਪ੍ਰਭਾਵਿਤ" ਹੋਇਆ, ਪਰ ਬਾਕੀ ਹਿੱਸੇ ਦੀ ਰੱਖਿਆ ਕੀਤੀ ਜਾਵੇਗੀ। ਵਿਭਾਗ ਨੇ ਇਹ ਵੀ ਕਿਹਾ ਕਿ ਗੈਰਕਾਨੂੰਨੀ ਸਰਹੱਦੀ ਪਾਰੀਆਂ ਨੂੰ ਰੋਕਣ ਅਤੇ ਨਸ਼ਿਆਂ ਦੀ ਤਸਕਰੀ ਖਤਮ ਕਰਨ ਲਈ ਕੰਧ ਜ਼ਰੂਰੀ ਹੈ।

ਟਰੰਪ ਪ੍ਰਸ਼ਾਸਨ ਦਾ ਟੀਚਾ ਲਗਭਗ 1,400 ਮੀਲ ਲੰਬੀ ਸਰਹੱਦੀ ਕੰਧ ਬਣਾਉਣ ਦਾ ਹੈ ਅਤੇ ਇਸ ਲਈ 46 ਅਰਬ ਡਾਲਰ ਤੋਂ ਵੱਧ ਦੀ ਰਕਮ ਰੱਖੀ ਗਈ ਹੈ। ਹੁਣ ਤੱਕ 600 ਮੀਲ ਤੋਂ ਵੱਧ ਕੰਧ ਲਈ ਠੇਕੇ ਜਾਰੀ ਕੀਤੇ ਜਾ ਚੁੱਕੇ ਹਨ। ਨਿਊ ਮੈਕਸੀਕੋ ਵਿਚ ਮਾਊਂਟ ਕ੍ਰਿਸਟੋ ਰੇ ਅਤੇ ਟੈਕਸਾਸ ਦੇ ਰਿਓ ਗਰਾਂਡੇ ਇਲਾਕੇ ਵਿਚ ਵੀ ਇਤਿਹਾਸਕ ਅਤੇ ਧਾਰਮਿਕ ਥਾਵਾਂ ’ਤੇ ਨਿਰਮਾਣ ਨੂੰ ਲੈ ਕੇ ਵਿਰੋਧ ਹੋ ਰਿਹਾ ਹੈ। ਕੈਥੋਲਿਕ ਚਰਚ ਅਤੇ ਵਾਤਾਵਰਣ ਪ੍ਰੇਮੀਆਂ ਨੇ ਵੀ ਚਿੰਤਾ ਜਤਾਈ ਹੈ ਕਿ ਇਹ ਕੰਮ ਧਾਰਮਿਕ ਅਜ਼ਾਦੀ ਅਤੇ ਕੁਦਰਤੀ ਵਿਰਾਸਤ ਨੂੰ ਖਤਰੇ ਵਿਚ ਪਾ ਰਿਹਾ ਹੈ।

ਕੁਮੇਆਏ ਡੀਗੁਏਨੋ ਲੈਂਡ ਕਨਜ਼ਰਵੇਂਸੀ ਦੀ ਚੇਅਰ ਐਮਿਲੀ ਬੁਰਗੁਏਨੋ ਨੇ ਕਿਹਾ, "ਇਹ ਸਿਰਫ਼ ਸਾਡੇ ਪਵਿੱਤਰ ਸਥਾਨਾਂ ਦੀ ਬੇਅਦਬੀ ਨਹੀਂ, ਸਗੋਂ ਫੈਡਰਲ ਕਾਨੂੰਨਾਂ ਦੀ ਉਲੰਘਣਾ ਵੀ ਹੈ।"

ਮੂਲ ਨਿਵਾਸੀ ਕੌਮਾਂ ਦਾ ਕਹਿਣਾ ਹੈ ਕਿ ਉਹ ਕੰਧਾਂ ਦੀ ਥਾਂ ਆਧੁਨਿਕ ਨਿਗਰਾਨੀ ਤਕਨਾਲੋਜੀ ਵਰਤਣ ਦੇ ਹੱਕ ਵਿਚ ਹਨ, ਤਾਂ ਜੋ ਪਵਿੱਤਰ ਥਾਵਾਂ ਅਤੇ ਜੰਗਲੀ ਜੀਵਨ ਦੀ ਰੱਖਿਆ ਕੀਤੀ ਜਾ ਸਕੇ।

# ਅਮਰੀਕਾ ’ਚ ਦਾਖਲੇ ਨੂੰ ਲੈ ਕੇ ਕਈ ਦੇਸ਼ਾਂ ਦੇ ਨਾਗਰਿਕਾਂ ਲਈ ਨਿਯਮਾਂ ’ਚ ਹੋਰ ਸਖਤੀ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** 2026 ਵਿਚ ਅਮਰੀਕਾ ਵਿਚ ਦਾਖ਼ਲੇ ਨੂੰ ਲੈ ਕੇ ਕਈ ਦੇਸ਼ਾਂ ਦੇ ਨਾਗਰਿਕਾਂ ਲਈ ਨਿਯਮ ਹੋਰ ਸਖ਼ਤ ਹੋ ਗਏ ਹਨ। ਇਹ ਕੋਈ ਇੱਕ ਨਵਾਂ "ਟਰੈਵਲ ਬੈਨ" ਨਹੀਂ, ਸਗੋਂ ਵੀਜ਼ਾ ਰੋਕਾਂ, ਵਧੇਰੇ ਸੁਰੱਖਿਆ ਜਾਂਚਾਂ ਅਤੇ ਸੀਮਿਤ ਐਂਟਰੀ ਨੀਤੀਆਂ ਦਾ ਵਧਦਾ ਜਾਲ ਹੈ। ਇਸ ਕਾਰਨ ਕਈ ਦੇਸ਼ਾਂ ਦੇ ਲੋਕਾਂ ਲਈ ਅਮਰੀਕਾ ਆਉਣਾ ਹੁਣ ਬਹੁਤ ਮੁਸ਼ਕਲ ਜਾਂ ਲਗਭਗ ਅਸੰਭਵ ਬਣਦਾ ਜਾ ਰਿਹਾ ਹੈ।

ਅਫਗਾਨਿਸਤਾਨ ਅਤੇ ਈਰਾਨ ਸਭ ਤੋਂ ਸਖ਼ਤ ਪਾਬੰਦੀਆਂ ਵਾਲੇ ਦੇਸ਼ਾਂ ਵਿਚ ਗਿਣੇ ਜਾ ਰਹੇ ਹਨ। ਅਮਰੀਕੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਅਫਗਾਨਿਸਤਾਨ ਵਿਚ ਤਾਲਿਬਾਨ ਕਬਜ਼ੇ ਤੋਂ ਬਾਅਦ ਮਜ਼ਬੂਤ ਸਰਕਾਰੀ ਪ੍ਰਣਾਲੀ ਅਤੇ ਭਰੋਸੇਯੋਗ ਦਸਤਾਵੇਜ਼ੀ ਰਿਕਾਰਡ ਦੀ ਕਮੀ ਕਾਰਨ ਸੁਰੱਖਿਆ ਜਾਂਚ ਕਰਨੀ ਔਖੀ ਹੋ ਗਈ ਹੈ। ਇਰਾਨ ਲਈ ਦਹਾਕਿਆਂ ਪੁਰਾਣੇ ਤਣਾਅਪੂਰਨ ਸੰਬੰਧ ਅਤੇ ਕੜੀ ਸੁਰੱਖਿਆ ਜਾਂਚਾਂ ਕਾਰਨ ਵੀਜ਼ਾ ਪ੍ਰਕਿਰਿਆ ਬਹੁਤ ਲੰਬੀ ਅਤੇ ਜਟਿਲ ਬਣ ਚੁੱਕੀ ਹੈ।

ਉੱਤਰੀ ਕੋਰੀਆ, ਸੀਰੀਆ ਅਤੇ ਯਮਨ ਵੀ ਅਮਰੀਕਾ ਦੀ "ਹਾਈ ਰਿਸਕ" ਸੂਚੀ ਵਿਚ ਸ਼ਾਮਲ ਹਨ। ਇਨ੍ਹਾਂ ਦੇਸ਼ਾਂ ਵਿਚ ਜੰਗ, ਕਮਜ਼ੋਰ ਸਰਕਾਰੀ ਢਾਂਚੇ ਅਤੇ ਪਹਿਚਾਣ ਰਿਕਾਰਡਾਂ ਦੀ ਕਮੀ ਨੂੰ ਅਮਰੀਕਾ ਸੁਰੱਖਿਆ ਖਤਰੇ ਵਜੋਂ ਵੇਖਦਾ ਹੈ। ਇਸ ਕਾਰਨ ਵਿਦਿਆਰਥੀਆਂ, ਪਰਿਵਾਰਕ ਮੈਂਬਰਾਂ ਅਤੇ ਸ਼ਰਨਾਰਥੀਆਂ ਲਈ ਵੀ ਅਮਰੀਕਾ ਦਾ ਰਸਤਾ ਮੁਸ਼ਕਲ ਹੋ ਗਿਆ ਹੈ।

ਕਿਊਬਾ ਅਤੇ ਵੈਨੇਜ਼ੂਏਲਾ ਦੇ ਮਾਮਲੇ ਵਿਚ ਰਾਜਨੀਤਿਕ ਤਣਾਅ ਅਤੇ ਕੂਟਨੀਤਿਕ ਸੰਬੰਧ ਵੀ ਵੱਡਾ ਕਾਰਨ ਬਣੇ ਹੋਏ ਹਨ। ਕਿਊਬਾ ਵਿਚ ਅਮਰੀਕੀ ਦੂਤਾਵਾਸ ਦੀ ਸੀਮਿਤ ਕਾਰਵਾਈ ਕਾਰਨ ਵੀਜ਼ਾ ਇੰਟਰਵਿਊ ਲਈ ਲੋਕਾਂ ਨੂੰ ਦੂਜੇ ਦੇਸ਼ ਜਾਣਾ ਪੈਂਦਾ ਹੈ। ਵੈਨੇਜ਼ੂਏਲਾ ਵਿਚ ਰਾਜਨੀਤਿਕ ਅਤੇ ਆਰਥਿਕ ਸੰਕਟ ਕਾਰਨ ਪਾਸਪੋਰਟ ਅਤੇ ਦਸਤਾਵੇਜ਼ਾਂ ਦੀ ਭਰੋਸੇਯੋਗਤਾ ’ਤੇ ਸਵਾਲ ਖੜ੍ਹੇ ਹੋ ਰਹੇ ਹਨ। ਮਾਹਿਰਾਂ ਮੁਤਾਬਕ ਹੁਣ ਅਮਰੀਕਾ ਸਿਰਫ਼ "ਟਰੈਵਲ ਬੈਨ" ਨਹੀਂ ਲਗਾ ਰਿਹਾ, ਸਗੋਂ ਕਈ ਤਕਨੀਕੀ ਮਾਪਦੰਡਾਂ ਦੇ ਆਧਾਰ ’ਤੇ ਦੇਸ਼ਾਂ ਨੂੰ ਕੜੀ ਜਾਂਚ ਹੇਠ ਲਿਆ ਰਿਹਾ ਹੈ। ਇਨ੍ਹਾਂ ਵਿਚ ਪਾਸਪੋਰਟ ਸੁਰੱਖਿਆ, ਡਾਟਾ ਸ਼ੇਅਰਿੰਗ, ਵੀਜ਼ਾ ਓਵਰਸਟੇਅ ਦਰਾਂ ਅਤੇ ਡਿਪੋਰਟ ਕੀਤੇ ਗਏ ਲੋਕਾਂ ਨੂੰ ਵਾਪਸ ਲੈਣ ਵਿਚ ਸਰਕਾਰਾਂ ਦਾ ਸਹਿਯੋਗ ਸ਼ਾਮਲ ਹੈ। ਇਮੀਗ੍ਰੇਸ਼ਨ ਵਕੀਲਾਂ ਦਾ ਕਹਿਣਾ ਹੈ ਕਿ ਕਈ ਵਾਰ ਕੋਈ ਦੇਸ਼ "ਬੈਨ" ਨਹੀਂ ਹੁੰਦਾ, ਪਰ ਵੀਜ਼ਾ ਪ੍ਰਕਿਰਿਆ ਇੰਨੀ ਮੁਸ਼ਕਲ ਹੋ ਜਾਂਦੀ ਹੈ ਕਿ ਆਮ ਯਾਤਰਾ ਲਗਭਗ ਬੰਦ ਹੋ ਜਾਂਦੀ ਹੈ। ਇਸ ਦਾ ਸਭ ਤੋਂ ਵੱਡਾ ਅਸਰ ਪਰਿਵਾਰਾਂ, ਵਿਦਿਆਰਥੀਆਂ ਅਤੇ ਅਮਰੀਕਾ ਵਿਚ ਰਹਿੰਦੇ ਪ੍ਰਵਾਸੀ ਭਾਈਚਾਰਿਆਂ ’ਤੇ ਪੈਂਦਾ ਹੈ, ਜਿਨ੍ਹਾਂ ਲਈ ਆਪਣੇ ਸੱਜਣਾਂ ਨੂੰ ਮਿਲਣਾ ਵੀ ਔਖਾ ਹੋ ਜਾਂਦਾ ਹੈ।

# ਕੈਨੇਡਾ 'ਚ ਫ਼ਿਰੌਤੀ ਮੰਗਣ ਦੇ ਮਾਮਲੇ 'ਚ ਚਾਰ ਭਾਰਤੀ-ਅਮਰੀਕੀ ਗ੍ਰਿਫ਼ਤਾਰ

## 5 ਦੀ ਭਾਲ ਜਾਰੀ

**ਕੈਲਗਰੀ, (ਪੰਜਾਬ ਮੇਲ)-** ਕੈਲਗਰੀ ਪੁਲਿਸ ਨੇ ਐਲਾਨ ਕੀਤਾ ਹੈ ਕਿ 'ਆਰਗੇਨਾਈਜ਼ਡ ਕਰਾਈਮ ਐਂਡ ਔਫੈਂਡਰ ਮੈਨੇਜਮੈਂਟ ਸੈਕਸ਼ਨ' ਨੇ ਐਡਮਿੰਟਨ ਵਿਚ ਇੱਕ ਦੱਖਣੀ ਏਸ਼ੀਆਈ ਪਰਿਵਾਰ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਹਿੰਸਕ ਅਗਵਾ ਅਤੇ ਫ਼ਿਰੌਤੀ (ਵਸੂਲੀ) ਦੇ ਮਾਮਲੇ ਵਿਚ ਚਾਰ ਭਾਰਤੀ-ਅਮਰੀਕੀ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਦਕਿ ਪੰਜਵੇਂ ਮੁਲਜ਼ਮ ਖਿਲਾਫ ਵਾਰੰਟ ਜਾਰੀ ਕੀਤੇ ਗਏ ਹਨ। ਪੁਲਿਸ ਵੱਲੋਂ 24 ਸਾਲਾ ਤਰਨਵੀਰ ਸਿੰਘ, 25 ਸਾਲਾ ਦਕਸ਼ ਗੌਤਮ, 18 ਸਾਲਾ ਅਕਾਸ਼ਦੀਪ ਸਿੰਘ ਅਤੇ 24 ਸਾਲਾ ਪ੍ਰਦੀਪ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਜਦਕਿ 29 ਸਾਲਾ ਗਗਨਦੀਪ ਸਿੰਘ ਦੀ ਭਾਲ ਜਾਰੀ ਹੈ।



*ਗਗਨਦੀਪ ਸਿੰਘ*

6 ਮਈ, 2026 ਨੂੰ ਚਾਰ ਹਮਲਾਵਰਾਂ ਨੇ ਕਥਿਤ ਤੌਰ 'ਤੇ ਐਡਮਿੰਟਨ ਵਿਚ ਇੱਕ ਵਿਅਕਤੀ ਨੂੰ ਉਸਦੇ ਘਰੋਂ ਅਗਵਾ ਕਰ ਲਿਆ। ਉਸ ਨਾਲ ਕੁੱਟਮਾਰ ਕੀਤੀ ਗਈ ਅਤੇ ਬੰਦੂਕ ਦੀ ਨੋਕ 'ਤੇ ਧਮਕਾਉਂਦੇ ਹੋਏ ਉਸਨੂੰ ਗੱਡੀ ਵਿਚ ਕੈਲਗਰੀ ਲੈ ਗਏ। ਇਸ ਤੋਂ ਬਾਅਦ ਮੁਲਜ਼ਮ ਪੀੜਤ ਨੂੰ ਉਸਦੇ ਇੱਕ ਦੋਸਤ ਦੇ ਘਰ ਲੈ ਗਏ, ਜਿਸ ਕੋਲੋਂ ਉਹ ਕਥਿਤ ਤੌਰ 'ਤੇ ਫ਼ਿਰੌਤੀ ਵਸੂਲਣਾ ਚਾਹੁੰਦੇ ਸਨ। ਉਨ੍ਹਾਂ ਨੇ ਪੀੜਤ ਨੂੰ ਆਪਣੇ ਦੋਸਤ ਨੂੰ ਘਰੋਂ ਬਾਹਰ ਬੁਲਾਉਣ ਲਈ ਮਜਬੂਰ ਕੀਤਾ, ਪਰ ਜਦੋਂ ਪੀੜਤ ਨੇ ਇਨਕਾਰ ਕਰ ਦਿੱਤਾ, ਤਾਂ ਉਸ ਦੀ ਦੁਬਾਰਾ ਕੁੱਟਮਾਰ ਕੀਤੀ ਗਈ।

ਜਦੋਂ ਪੀੜਤ ਦਾ ਦੋਸਤ ਅਤੇ ਉਸਦੀ ਪਤਨੀ ਆਪਣੇ ਘਰੋਂ ਬਾਹਰ ਜਾਣ ਲੱਗੇ, ਤਾਂ ਮੁਲਜ਼ਮਾਂ ਨੇ ਉਨ੍ਹਾਂ ਦਾ ਪਿੱਛਾ ਕੀਤਾ ਅਤੇ ਹਥਿਆਰ ਦਿਖਾ ਕੇ ਧਮਕਾਇਆ, ਜਿਸ ਕਾਰਨ ਉਹ ਵਾਪਸ ਘਰ ਅੰਦਰ ਚਲੇ ਗਏ ਅਤੇ ਤੁਰੰਤ ਪੁਲਿਸ ਨੂੰ ਫੋਨ ਕਰ ਦਿੱਤਾ।

ਸ਼ਿਕਾਇਤ ਮਿਲਣ 'ਤੇ ਪੁਲਿਸ ਨੇ ਮੇਟਿਸ ਟ੍ਰੇਲ ਅਤੇ 104 ਐਵੇਨਿਊ ਐੱਨ.ਈ. ਦੇ ਨੇੜੇ ਇੱਕ ਗੱਡੀ ਨੂੰ ਰੋਕ ਕੇ ਦੋ ਸ਼ੱਕੀ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਸਮੇਂ ਪੁਲਿਸ ਨੂੰ ਪਹਿਲੇ ਅਗਵਾਕਾਂਡ ਬਾਰੇ ਕੋਈ ਜਾਣਕਾਰੀ ਨਹੀਂ ਸੀ ਅਤੇ ਦੋਵਾਂ 'ਤੇ ਸਿਰਫ਼ ਪੀੜਤ ਦੇ ਦੋਸਤ ਅਤੇ ਉਸਦੀ ਪਤਨੀ ਦੀ ਸ਼ਿਕਾਇਤ ਦੇ ਆਧਾਰ 'ਤੇ ਮਾਮਲਾ ਦਰਜ ਕੀਤਾ ਗਿਆ ਸੀ।

ਇਸ ਦੌਰਾਨ, ਬਾਕੀ ਬਚੇ ਦੋ ਮੁਲਜ਼ਮ ਪੀੜਤ ਨੂੰ ਵਾਪਸ ਐਡਮਿੰਟਨ ਲੈ ਗਏ ਅਤੇ ਅਗਲੀ ਸਵੇਰ ਤੜਕੇ ਉਸਨੂੰ ਰਿਹਾਅ ਕਰ ਦਿੱਤਾ। ਰਿਹਾਈ ਤੋਂ ਬਾਅਦ ਪੀੜਤ ਨੇ ਆਪਣੇ ਅਗਵਾ ਹੋਣ ਦੀ ਰਿਪੋਰਟ ਪੁਲਿਸ ਨੂੰ ਦਿੱਤੀ, ਜਿਸ ਨਾਲ ਪੂਰੇ ਮਾਮਲੇ ਦਾ ਖੁਲਾਸਾ ਹੋਇਆ।

12 ਮਈ ਨੂੰ ਸੀ.ਪੀ.ਐੱਸ. ਟੈਕਟੀਕਲ ਟੀਮ ਦੀ ਮਦਦ ਨਾਲ ਪੁਲਿਸ ਨੇ ਮਾਰਟਿਨਡੇਲ ਬੁਲੇਵਾਰਡ ਐੱਨ.ਈ. ਦੇ 600 ਬਲਾਕ ਵਿਚ ਇੱਕ ਹੋਰ ਗੱਡੀ ਨੂੰ ਰੋਕ ਕੇ ਬਾਕੀ ਦੋ ਮੁਲਜ਼ਮਾਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ। ਜਾਂਚ ਦੌਰਾਨ ਇੱਕ ਗੈਰ-ਕਾਨੂੰਨੀ (ਘਰੇਲੂ ਬਣਿਆ) ਹਥਿਆਰ ਵੀ ਜ਼ਬਤ ਕੀਤਾ ਗਿਆ ਹੈ। ਗ੍ਰਿਫ਼ਤਾਰ ਕੀਤੇ ਗਏ ਚਾਰੇ ਨੌਜਵਾਨਾਂ 'ਤੇ ਹਥਿਆਰ ਦੀ ਨੋਕ 'ਤੇ ਅਗਵਾ ਕਰਨ, ਨਜਾਇਜ਼ ਹਿਰਾਸਤ ਵਿਚ ਰੱਖਣ, ਹਥਿਆਰ ਤਾਣਨ ਅਤੇ ਹਮਲਾ ਕਰਨ ਸਮੇਤ ਕਈ ਗੰਭੀਰ ਧਾਰਾਵਾਂ ਲਗਾਈਆਂ ਗਈਆਂ ਹਨ।


ਇਸ ਘਟਨਾ ਬਾਰੇ ਗੱਲ ਕਰਦਿਆਂ ਸੀ.ਪੀ.ਐੱਸ. ਕ੍ਰਿਮੀਨਲ ਓਪਰੇਸ਼ਨਜ਼ ਐਂਡ ਇੰਟੈਲੀਜੈਂਸ ਡਿਵੀਜ਼ਨ ਦੇ ਸੁਪਰਡੈਂਟ ਜੈੱਫ ਬੈੱਲ ਨੇ ਇੱਕ ਬਿਆਨ ਵਿਚ ਕਿਹਾ, "ਕੈਲਗਰੀ ਵਿਚ ਹੁਣ ਤੱਕ ਦੇਖੀਆਂ ਗਈਆਂ ਫ਼ਿਰੌਤੀ ਦੀਆਂ ਘਟਨਾਵਾਂ ਦੇ ਮੁਕਾਬਲੇ ਇਸ ਮਾਮਲੇ ਵਿਚ ਹਿੰਸਕ ਪੱਧਰ ਕਾਫ਼ੀ ਜ਼ਿਆਦਾ ਵਧ ਗਿਆ ਹੈ।" ਉਨ੍ਹਾਂ ਅੱਗੇ ਕਿਹਾ, "ਜਦੋਂ ਤੋਂ ਇਹ ਸਿਲਸਿਲਾ ਸ਼ੁਰੂ ਹੋਇਆ ਹੈ, ਅਸੀਂ ਜਾਣਕਾਰੀ ਸਾਂਝੀ ਕਰਨ ਅਤੇ ਆਪਣੀ ਕਾਰਵਾਈ ਨੂੰ ਤਾਲਮੇਲ ਵਿਚ ਲਿਆਉਣ ਲਈ ਰਾਸ਼ਟਰੀ ਪੱਧਰ 'ਤੇ ਆਪਣੇ ਪੁਲਿਸ ਭਾਈਵਾਲਾਂ ਨਾਲ ਮਿਲ ਕੇ ਕੰਮ ਕਰ ਰਹੇ ਹਾਂ, ਜਿਸ ਸਦਕਾ ਅਸੀਂ ਇਸ ਕੇਸ ਵਿਚ ਤੇਜ਼ੀ ਨਾਲ ਗ੍ਰਿਫ਼ਤਾਰੀਆਂ ਕਰਨ ਵਿਚ ਕਾਮਯਾਬ ਹੋਏ ਹਾਂ।"

# ਅਮਰੀਕਾ ਅਤੇ ਕੈਨੇਡਾ ਵਿਚਕਾਰ 85 ਸਾਲ ਪੁਰਾਣੇ ਰੱਖਿਆ ਸਹਿਯੋਗ 'ਤੇ ਰੋਕ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ ਅਤੇ ਕੈਨੇਡਾ ਵਿਚਕਾਰ 85 ਸਾਲ ਪੁਰਾਣੇ ਰੱਖਿਆ ਸਹਿਯੋਗ ਨੂੰ ਲੈ ਕੇ ਵੱਡਾ ਮੋੜ ਸਾਹਮਣੇ ਆਇਆ ਹੈ। ਅਮਰੀਕੀ ਰੱਖਿਆ ਵਿਭਾਗ ਪੈਂਟਾਗਨ ਨੇ ਕੈਨੇਡਾ ਨਾਲ ਚੱਲ ਰਹੇ "ਪਰਮਾਨੈਂਟ ਜੁਆਇੰਟ ਬੋਰਡ ਆਨ ਡਿਫੈਂਸ" ਵਿਚ ਆਪਣੀ ਭਾਗੀਦਾਰੀ ਅਸਥਾਈ ਤੌਰ 'ਤੇ ਰੋਕਣ ਦਾ ਐਲਾਨ ਕੀਤਾ ਹੈ।

ਅਮਰੀਕੀ ਰੱਖਿਆ ਵਿਭਾਗ ਦੇ ਅੰਡਰ ਸੈਕਟਰੀ ਐਲਡਰਿਜ ਕੋਲਬੀ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਕਿਹਾ ਕਿ ਮਜ਼ਬੂਤ ਕੈਨੇਡਾ ਉੱਤਰੀ ਅਮਰੀਕਾ ਦੀ ਸੁਰੱਖਿਆ ਲਈ ਜ਼ਰੂਰੀ ਹੈ, ਪਰ ਕੈਨੇਡਾ ਆਪਣੀਆਂ ਰੱਖਿਆ ਵਚਨਬੱਧਤਾਵਾਂ ਨੂੰ ਪੂਰਾ ਕਰਨ ਵਿਚ ਭਰੋਸੇਯੋਗ ਤਰੱਕੀ ਨਹੀਂ ਕਰ ਸਕਿਆ। ਇਸ ਲਈ ਅਮਰੀਕਾ ਹੁਣ ਇਸ ਸਾਂਝੇ ਰੱਖਿਆ ਫੋਰਮ ਦੀ ਮੁੜ ਸਮੀਖਿਆ ਕਰੇਗਾ।

ਇਸ ਫੈਸਲੇ ਦੇ ਪਿੱਛੇ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ ਹਾਲੀਆ ਬਿਆਨਾਂ ਨੂੰ ਵੀ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਵਰਲਡ ਇਕਨਾਮਿਕ ਫੋਰਮ ਵਿਚ ਕਾਰਨੀ ਨੇ ਕਿਹਾ ਸੀ ਕਿ ਮੱਧਮ ਦਰਜੇ



ਦੇ ਦੇਸ਼ਾਂ ਨੂੰ ਸਿਰਫ ਵੱਡੇ ਦੇਸ਼ਾਂ 'ਤੇ ਨਿਰਭਰ ਨਹੀਂ ਰਹਿਣਾ ਚਾਹੀਦਾ ਅਤੇ ਨਵੀਆਂ ਗਲੋਬਲ ਸਾਂਝਾਂ ਬਣਾਉਣੀਆਂ ਚਾਹੀਦੀਆਂ ਹਨ। ਉਨ੍ਹਾਂ ਨੇ ਇਹ ਵੀ ਕਿਹਾ ਕਿ "ਪੁਰਾਣਾ ਵਿਸ਼ਵ ਕ੍ਰਮ ਹੁਣ ਵਾਪਸ ਨਹੀਂ ਆਵੇਗਾ।" ਕਾਰਨੀ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਟੈਰਿਫ ਨੀਤੀ ਅਤੇ ਕੈਨੇਡਾ ਨੂੰ "51ਵਾਂ ਸੂਬਾ" ਬਣਾਉਣ ਵਾਲੀਆਂ ਟਿੱਪਣੀਆਂ 'ਤੇ ਵੀ ਇਤਰਾਜ਼ ਜਤਾਇਆ ਸੀ।

ਰਾਜਨੀਤਿਕ ਮਾਹਿਰਾਂ ਮੁਤਾਬਕ ਇਹ ਘਟਨਾ ਅਮਰੀਕਾ-ਕੈਨੇਡਾ ਸੰਬੰਧਾਂ ਵਿਚ ਤਣਾਅ ਦਾ ਸੰਕੇਤ ਹੋ ਸਕਦੀ ਹੈ, ਖ਼ਾਸ ਕਰਕੇ ਰੱਖਿਆ, ਨਾਟੋ ਖਰਚੇ ਅਤੇ ਵਪਾਰਕ ਮਸਲਿਆਂ ਨੂੰ ਲੈ ਕੇ। ਹਾਲਾਂਕਿ ਦੋਵੇਂ ਦੇਸ਼ ਨਾਟੋ ਅਤੇ ਨੋਰਾਡ ਵਰਗੀਆਂ ਸੁਰੱਖਿਆ ਸਾਂਝਾਂ ਵਿਚ ਅਜੇ ਵੀ ਇਕੱਠੇ ਕੰਮ ਕਰ ਰਹੇ ਹਨ।

# ਅਮਰੀਕੀ ਸੁਪਰੀਮ ਕੋਰਟ ਦੇ ਇੱਕ ਮਹੱਤਵਪੂਰਨ ਫੈਸਲੇ ਨਾਲ ਟਰੱਕਿੰਗ ਇੰਡਸਟਰੀ 'ਚ ਵੱਡੀ ਹਲਚਲ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-**ਅਮਰੀਕੀ ਸੁਪਰੀਮ ਕੋਰਟ ਦੇ ਇੱਕ ਮਹੱਤਵਪੂਰਨ ਫੈਸਲੇ ਨੇ ਟਰੱਕਿੰਗ ਇੰਡਸਟਰੀ 'ਚ ਵੱਡੀ ਹਲਚਲ ਪੈਦਾ ਕਰ ਦਿੱਤੀ ਹੈ। ਅਦਾਲਤ ਨੇ ਇਕਸੁਰ ਵਿਚ 9-0 ਫੈਸਲਾ ਦਿੰਦਿਆਂ ਕਿਹਾ ਹੈ ਕਿ ਜੇਕਰ ਕਿਸੇ ਫ੍ਰੇਟ ਬ੍ਰੋਕਰ ਨੇ ਲਾਪ੍ਰਵਾਹ ਜਾਂ ਗਲਤ ਤਰੀਕੇ ਨਾਲ ਟਰੱਕਿੰਗ ਕੰਪਨੀ ਦੀ ਚੋਣ ਕੀਤੀ ਅਤੇ ਉਸ ਕਾਰਨ ਹਾਦਸਾ ਵਾਪਰਿਆ, ਤਾਂ ਪੀੜਤ ਪਰਿਵਾਰ ਹੁਣ ਉਸ ਬ੍ਰੋਕਰ ਖ਼ਿਲਾਫ ਵੀ ਕੇਸ ਕਰ ਸਕਣਗੇ।

ਇਹ ਮਾਮਲਾ "Montgomery vs. Caribe Transport II" ਦੇ ਨਾਂ ਨਾਲ ਜਾਣਿਆ ਜਾ ਰਿਹਾ ਹੈ। ਫੈਸਲੇ ਤੋਂ ਬਾਅਦ ਟਰੱਕਿੰਗ ਸੁਰੱਖਿਆ ਨਾਲ ਜੁੜੇ ਗਰੁੱਪਾਂ ਅਤੇ ਪੀੜਤ ਪਰਿਵਾਰਾਂ ਨੇ ਇਸ ਨੂੰ ਵੱਡੀ ਜਿੱਤ ਦੱਸਿਆ ਹੈ।

ਫ੍ਰੇਟ ਬ੍ਰੋਕਰ ਉਹ ਮੱਧਵਰਤੀ ਕੰਪਨੀਆਂ ਹੁੰਦੀਆਂ ਹਨ, ਜੋ ਸਮਾਨ ਭੇਜਣ ਵਾਲੀਆਂ ਕੰਪਨੀਆਂ ਨੂੰ ਟਰੱਕਿੰਗ ਕੈਰੀਅਰਾਂ ਨਾਲ ਜੋੜਦੀਆਂ ਹਨ। ਆਲੋਚਕਾਂ ਦਾ ਦੋਸ਼ ਹੈ ਕਿ ਕਈ ਬ੍ਰੋਕਰ ਸੁਰੱਖਿਆ ਦੀ ਬਜਾਏ ਘੱਟ ਖਰਚੇ ਅਤੇ ਵੱਧ ਮੁਨਾਫੇ ਨੂੰ ਤਰਜੀਹ ਦਿੰਦੇ ਸਨ ਅਤੇ ਉਨ੍ਹਾਂ ਨੇ ਅਜਿਹੀਆਂ ਟਰੱਕਿੰਗ ਕੰਪਨੀਆਂ ਨੂੰ ਕੰਮ ਦਿੱਤਾ, ਜਿਹੜੀਆਂ ਅਣਪੜਤਾਲੇ ਜਾਂ ਘੱਟ ਤਜ਼ਰਬੇਕਾਰ ਡਰਾਈਵਰ ਰੱਖਦੀਆਂ ਸਨ। ਫੈਸਲੇ 'ਚ ਖਾਸ ਤੌਰ 'ਤੇ ਦਾਅਵਾ ਕੀਤਾ ਗਿਆ ਹੈ ਕਿ ਕੁਝ ਗੈਰਕਾਨੂੰਨੀ ਪ੍ਰਵਾਸੀ ਡਰਾਈਵਰਾਂ ਨੂੰ ਕਮਰਸ਼ੀਅਲ ਟਰੱਕਿੰਗ ਵਿਚ ਲਿਆਂਦਾ ਗਿਆ, ਜਿਨ੍ਹਾਂ ਵਿਚੋਂ ਕਈਆਂ ਨੂੰ ਅੰਗਰੇਜ਼ੀ ਭਾਸ਼ਾ ਦੀ ਵੀ ਪੂਰੀ ਜਾਣਕਾਰੀ ਨਹੀਂ ਸੀ। ਫੈਸਲੇ ਨੇ ਬਾਇਡਨ ਪ੍ਰਸ਼ਾਸਨ, ਕੈਲੀਫੋਰਨੀਆ



ਅਤੇ ਨਿਊਯਾਰਕ ਵਰਗੇ ਰਾਜਾਂ ਦੀਆਂ ਨੀਤੀਆਂ 'ਤੇ ਵੀ ਸਵਾਲ ਉਠਾਏ ਹਨ ਕਿ ਇਨ੍ਹਾਂ ਕਾਰਨਾਂ ਨਾਲ ਵਿਦੇਸ਼ੀ ਅਤੇ ਸਸਤੇ ਮਜ਼ਦੂਰਾਂ ਲਈ ਮੌਕੇ ਵਧੇ।

ਫੈਸਲੇ 'ਚ ਕੁਝ ਦਰਦਨਾਕ ਹਾਦਸਿਆਂ ਦਾ ਜ਼ਿਕਰ ਵੀ ਕੀਤਾ ਗਿਆ ਹੈ, ਜਿੱਥੇ ਪਰਿਵਾਰਾਂ ਨੇ ਆਪਣੇ ਪਿਆਰੇ ਗੁਆਏ। ਉਨ੍ਹਾਂ ਦਾ ਕਹਿਣਾ ਹੈ ਕਿ ਪਹਿਲਾਂ ਸਿਰਫ ਡਰਾਈਵਰ ਜਾਂ ਛੋਟੀ ਟਰੱਕਿੰਗ ਕੰਪਨੀ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਸੀ, ਜਦਕਿ ਵੱਡੇ ਫ੍ਰੇਟ ਬ੍ਰੋਕਰ ਕਾਨੂੰਨੀ ਤੌਰ 'ਤੇ ਬਚ ਜਾਂਦੇ ਸਨ। ਹੁਣ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਉਨ੍ਹਾਂ ਖ਼ਿਲਾਫ ਵੀ ਕਾਨੂੰਨੀ ਕਾਰਵਾਈ ਦਾ ਰਸਤਾ ਖੁੱਲ੍ਹ ਗਿਆ ਹੈ।

ਹਾਲਾਂਕਿ ਇਹ ਵੀ ਧਿਆਨਯੋਗ ਹੈ ਕਿ ਇਹ ਫੈਸਲਾ ਇੱਕ ਰਾਇ-ਆਧਾਰਿਤ ਫੈਸਲਾ ਹੈ। ਇਸ ਵਿਚ ਗੈਰਕਾਨੂੰਨੀ ਪ੍ਰਵਾਸੀਆਂ ਅਤੇ ਟਰੱਕਿੰਗ ਇੰਡਸਟਰੀ ਨੂੰ ਜੋੜਦੇ ਹੋਏ ਕਈ ਤਿੱਖੇ ਦੋਸ਼ ਲਗਾਏ ਗਏ ਹਨ, ਜਿਨ੍ਹਾਂ 'ਤੇ ਵੱਖ-ਵੱਖ ਪੱਖਾਂ ਵੱਲੋਂ ਵੱਖਰੀ ਰਾਏ ਹੋ ਸਕਦੀ ਹੈ।

ਇਸ ਫੈਸਲੇ ਤੋਂ ਬਾਅਦ ਟਰੱਕਿੰਗ ਉਦਯੋਗ ਵਿਚ ਸੁਰੱਖਿਆ ਮਿਆਰਾਂ, ਡਰਾਈਵਰ ਜਾਂਚ ਪ੍ਰਕਿਰਿਆ ਅਤੇ ਫ੍ਰੇਟ ਬ੍ਰੋਕਰਾਂ ਦੀ ਜ਼ਿੰਮੇਵਾਰੀ 'ਤੇ ਵੱਡੀ ਚਰਚਾ ਹੋਣ ਦੀ ਸੰਭਾਵਨਾ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਵ੍ਹਾਈਟ ਹਾਊਸ ਦੇ ਲਾਨ 'ਤੇ ਹੈਲੀਪੈਡ ਬਣਾਉਣ ਦੀ ਯੋਜਨਾ 'ਤੇ ਵਿਚਾਰ ਕਰ ਰਹੇ ਹਨ ਟਰੰਪ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਡੋਨਾਲਡ ਟਰੰਪ ਪ੍ਰਸ਼ਾਸਨ ਵੱਲੋਂ ਵ੍ਹਾਈਟ ਹਾਊਸ ਦੇ ਸਾਊਥ ਲਾਨ 'ਤੇ ਇੱਕ ਨਵਾਂ ਹੈਲੀਪੈਡ ਬਣਾਉਣ ਦੀ ਯੋਜਨਾ 'ਤੇ ਵਿਚਾਰ ਕੀਤਾ ਜਾ ਰਿਹਾ ਹੈ, ਤਾਂ ਜੋ ਰਾਸ਼ਟਰਪਤੀ ਦੇ ਹੈਲੀਕਾਪਟਰ ਮਰੀਨ ਵਨ ਦੀ ਲੈਂਡਿੰਗ ਕਾਰਨ ਘਾਹ ਨੂੰ ਹੋਣ ਵਾਲੇ ਨੁਕਸਾਨ ਤੋਂ ਬਚਾਇਆ ਜਾ ਸਕੇ।

ਰਿਪੋਰਟਾਂ ਮੁਤਾਬਕ ਨਵੇਂ ਵੀ.ਐੱਚ-92ਏ ਪੈਟਰੀਅਟ ਹੈਲੀਕਾਪਟਰਾਂ ਦੇ ਇੰਜਣ ਦਾ ਗਰਮ ਧੂੰਆ ਵ੍ਹਾਈਟ ਹਾਊਸ ਦੇ ਲਾਨ ਦੀ ਘਾਹ ਨੂੰ ਸਾੜ ਸਕਦਾ ਹੈ। ਇਸ ਕਾਰਨ ਇਹ ਹੈਲੀਕਾਪਟਰ ਅਜੇ ਤੱਕ ਵ੍ਹਾਈਟ ਹਾਊਸ ਤੋਂ ਸਿੱਧੀਆਂ ਉਡਾਣਾਂ ਲਈ ਪੂਰੀ ਤਰ੍ਹਾਂ ਵਰਤੇ ਨਹੀਂ ਗਏ।

ਮੀਡੀਆ ਰਿਪੋਰਟਾਂ ਅਨੁਸਾਰ ਇਹ ਹੈਲੀਪੈਡ ਇਸ ਗਰਮੀ ਦੇ ਸ਼ੁਰੂ ਵਿਚ ਹੀ ਬਣਾਇਆ ਜਾ ਸਕਦਾ ਹੈ। ਦੱਸਿਆ ਜਾ ਰਿਹਾ ਹੈ ਕਿ ਯੂਨਾਈਟਿਡ ਸਟੇਟਸ ਮਰੀਨ ਕੋਰ ਵੀ ਕਈ ਸਾਲਾਂ ਤੋਂ ਇਸ ਤਰ੍ਹਾਂ ਦੇ ਵਿਕਲਪ 'ਤੇ ਵਿਚਾਰ ਕਰ ਰਹੀ ਸੀ।



ਟਰੰਪ ਪਹਿਲਾਂ ਵੀ ਵ੍ਹਾਈਟ ਹਾਊਸ ਵਿਚ ਕਈ ਤਬਦੀਲੀਆਂ ਕਰਵਾ ਚੁੱਕੇ ਹਨ। ਉਨ੍ਹਾਂ ਦੇ ਦੌਰਾਨ ਰੋਜ਼ ਗਾਰਡਨ ਦਾ ਕੁਝ ਹਿੱਸਾ ਪੱਕਾ ਕੀਤਾ ਗਿਆ ਸੀ ਅਤੇ ਈਸਟ ਵਿੰਗ ਨੂੰ ਤੋੜ ਕੇ ਨਵਾਂ ਬਾਲਰੂਮ ਬਣਾਉਣ ਦੀ ਯੋਜਨਾ ਵੀ ਚਰਚਾ ਵਿਚ ਰਹੀ।

ਇੱਕ ਸਾਬਕਾ ਫੌਜੀ ਅਧਿਕਾਰੀ ਨੇ ਕਿਹਾ ਕਿ ਹੈਲੀਪੈਡ ਦਾ ਵਿਚਾਰ "ਕੋਈ ਅਜੀਬ ਟਰੰਪ ਯੋਜਨਾ ਨਹੀਂ" ਹੈ, ਪਰ ਵ੍ਹਾਈਟ ਹਾਊਸ ਦੀ ਇਤਿਹਾਸਕ ਮਹੱਤਤਾ ਕਾਰਨ ਇਸ ਤਰ੍ਹਾਂ ਦੇ ਪ੍ਰੋਜੈਕਟਾਂ ਨੂੰ ਪਹਿਲਾਂ ਰਾਜਨੀਤਿਕ ਸਮਰਥਨ ਨਹੀਂ ਮਿਲਿਆ।

ਸਿਕੋਰਸਕੀ, ਜੋ ਲਾਕਹੀਡ ਮਾਰਟਿਨ ਦੀ ਮਲਕੀਅਤ ਹੈ, ਨੂੰ 2019 ਵਿਚ ਨਵੇਂ ਵੀ.ਐੱਚ.-92ਏ ਹੈਲੀਕਾਪਟਰ ਬਣਾਉਣ ਦਾ ਠੇਕਾ ਦਿੱਤਾ ਗਿਆ ਸੀ। ਇਹ ਪੁਰਾਣੇ ਵੀ.ਐੱਚ.-3ਡੀ ਅਤੇ ਵੀ.ਐੱਚ.-60 ਹੈਲੀਕਾਪਟਰਾਂ ਦੀ ਥਾਂ ਲੈਣ ਲਈ ਤਿਆਰ ਕੀਤੇ ਗਏ ਸਨ। ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ ਅਧਿਕਾਰੀਆਂ ਨੂੰ ਪਹਿਲਾਂ ਤੋਂ ਪਤਾ ਸੀ ਕਿ ਨਵੇਂ ਹੈਲੀਕਾਪਟਰਾਂ ਦਾ ਏਗਜ਼ਾਸਟ ਸਿਸਟਮ ਲਾਨ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਇਸ ਵੇਲੇ ਮਰੀਨ ਵਨ ਦੀ ਲੈਂਡਿੰਗ ਦੌਰਾਨ ਲਾਨ 'ਤੇ ਖਾਸ ਬੋਰਡ ਰੱਖੇ ਜਾਂਦੇ ਹਨ।

ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਨੇ 2024 ਵਿਚ ਸ਼ਿਕਾਗੋ ਦੌਰੇ ਦੌਰਾਨ ਨਵੇਂ ਹੈਲੀਕਾਪਟਰ ਦੀ ਵਰਤੋਂ ਕੀਤੀ ਸੀ, ਜਦਕਿ ਟਰੰਪ ਨੇ 2025 ਵਿਚ ਮੁੜ ਦਫ਼ਤਰ ਸੰਭਾਲਣ ਤੋਂ ਬਾਅਦ ਕੁਝ ਛੋਟੇ ਦੌਰਿਆਂ ਲਈ ਇਸਦੀ ਵਰਤੋਂ ਕੀਤੀ ਹੈ।

# ਗ੍ਰੀਨ ਕਾਰਡ ਧਾਰਕ ਨੂੰ ਗ੍ਰਿਫ਼ਤਾਰ ਕਰਕੇ ਹੱਥਕੜੀਆਂ ਪਾ ਕੇ ਕਈ ਅਮਰੀਕੀ ਸੂਬਿਆਂ 'ਚ ਲਿਜਾਣ ਦੇ ਦੋਸ਼

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ 'ਚ ਇਮੀਗ੍ਰੇਸ਼ਨ ਕਾਰਵਾਈ ਨੂੰ ਲੈ ਕੇ ਇੱਕ ਹੋਰ ਵੱਡਾ ਵਿਵਾਦ ਸਾਹਮਣੇ ਆਇਆ ਹੈ। ਇੱਕ ਗ੍ਰੀਨ ਕਾਰਡ ਧਾਰਕ ਨੂੰ ਏਅਰਪੋਰਟ 'ਤੇ ਗ੍ਰਿਫ਼ਤਾਰ ਕਰਨ ਤੋਂ ਬਾਅਦ ਉਸਨੂੰ ਹਥਕੜੀਆਂ ਅਤੇ ਪੈਰਾਂ ਵਿਚ ਜੰਜ਼ੀਰਾਂ ਪਾ ਕੇ ਅਮਰੀਕਾ ਦੇ ਕਈ ਸੂਬਿਆਂ ਵਿਚ ਲਿਜਾਣ ਦੇ ਦੋਸ਼ ਲੱਗੇ ਹਨ। ਇਹ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਟਰੰਪ ਪ੍ਰਸ਼ਾਸਨ ਦੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ 'ਤੇ ਫਿਰ ਸਵਾਲ ਖੜ੍ਹੇ ਹੋ ਰਹੇ ਹਨ।

ਰਿਪੋਰਟਾਂ ਮੁਤਾਬਕ ਉਹ ਵਿਅਕਤੀ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਰਹਿ ਰਿਹਾ ਸੀ ਅਤੇ ਉਸਦੇ ਕੋਲ ਵੈਧ ਗ੍ਰੀਨ ਕਾਰਡ ਸੀ। ਪਰ ਵਿਦੇਸ਼ ਯਾਤਰਾ ਤੋਂ ਵਾਪਸੀ ਦੌਰਾਨ ਏਅਰਪੋਰਟ 'ਤੇ ਉਸਨੂੰ ਅਚਾਨਕ ਰੋਕ ਲਿਆ ਗਿਆ ਅਤੇ ਲੰਬੀ ਪੁੱਛਗਿੱਛ ਤੋਂ ਬਾਅਦ ICE

## ਟਰੰਪ ਪ੍ਰਸ਼ਾਸਨ ਦੀਆਂ ਸਖਤ ਇਮੀਗ੍ਰੇਸ਼ਨ ਨੀਤੀਆਂ 'ਤੇ ਫਿਰ ਸਵਾਲ ਖੜ੍ਹੇ ਹੋਏ



ਦੀ ਹਿਰਾਸਤ 'ਚ ਭੇਜ ਦਿੱਤਾ ਗਿਆ।

ਪਰਿਵਾਰ ਮੁਤਾਬਕ ਗ੍ਰਿਫ਼ਤਾਰੀ ਤੋਂ ਬਾਅਦ ਉਸ ਵਿਅਕਤੀ ਨੂੰ ਹੱਥਾਂ, ਕਮਰ ਅਤੇ ਪੈਰਾਂ ਵਿਚ ਬੇੜੀਆਂ ਪਾ ਕੇ ਇੱਕ ਸੈਂਟਰ ਤੋਂ ਦੂਜੇ ਸੈਂਟਰ ਭੇਜਿਆ ਗਿਆ। ਦੋਸ਼ ਹੈ ਕਿ ਉਸਨੂੰ ਕਈ ਵਾਰ ਫਲਾਈਟਾਂ ਰਾਹੀਂ ਵੱਖ-ਵੱਖ ਡਿਟੇਨਸ਼ਨ ਸੈਂਟਰਾਂ ਵਿਚ ਲਿਜਾਇਆ ਗਿਆ ਅਤੇ ਕਈ ਘੰਟਿਆਂ ਤੱਕ ਢੰਗ ਦਾ ਖਾਣਾ ਜਾਂ ਆਰਾਮ ਨਹੀਂ ਦਿੱਤਾ ਗਿਆ।

ਪਰਿਵਾਰ ਨੇ ਕਿਹਾ ਕਿ "ਉਸ ਨਾਲ ਐਸਾ ਸਲੂਕ ਕੀਤਾ ਗਿਆ, ਜਿਵੇਂ ਉਹ ਕੋਈ ਖ਼ਤਰਨਾਕ ਅਪਰਾਧੀ ਹੋਵੇ, ਜਦਕਿ ਉਹ ਕਾਨੂੰਨੀ ਰਿਹਾਇਸ਼ੀ ਸੀ।"

ਇਮੀਗ੍ਰੇਸ਼ਨ ਵਕੀਲਾਂ ਦਾ ਕਹਿਣਾ ਹੈ ਕਿ ਪਿਛਲੇ ਕੁਝ ਮਹੀਨਿਆਂ ਦੌਰਾਨ ਗ੍ਰੀਨ ਕਾਰਡ ਧਾਰਕ ਅਤੇ ਵੀਜ਼ਾ ਧਾਰਕ ਦੀ ਏਅਰਪੋਰਟਾਂ 'ਤੇ ਵਧੀ ਹੋਈ ਜਾਂਚ ਕੀਤੀ ਜਾ ਰਹੀ ਹੈ। ਖ਼ਾਸ ਕਰਕੇ ਉਹ ਲੋਕ ਜਿਨ੍ਹਾਂ ਦਾ ਕੋਈ ਪੁਰਾਣਾ ਕੇਸ, ਗ੍ਰਿਫ਼ਤਾਰੀ ਰਿਕਾਰਡ ਜਾਂ ਇਮੀਗ੍ਰੇਸ਼ਨ ਈਸ਼ੂ ਰਿਹਾ ਹੋਵੇ, ਉਨ੍ਹਾਂ ਨੂੰ ਵਧੇਰੇ ਜਾਂਚ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਕਈ ਕੇਸਾਂ ਵਿਚ ਲੋਕਾਂ ਨੂੰ ਘੰਟਿਆਂ ਤੱਕ ਏਅਰਪੋਰਟ 'ਤੇ ਰੱਖਿਆ ਗਿਆ, ਜਦਕਿ ਕੁਝ ਨੂੰ ICE ਡਿਟੈਨਸ਼ਨ ਸੈਂਟਰਾਂ ਵਿਚ ਭੇਜ ਦਿੱਤਾ ਗਿਆ।

ਮਨੁੱਖੀ ਅਧਿਕਾਰ ਸੰਗਠਨ ਨੇ ਇਸ ਮਾਮਲੇ ਨੂੰ "ਗੈਰ-ਮਾਨਵੀ" ਕਰਾਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕਾਨੂੰਨੀ ਤੌਰ 'ਤੇ ਰਹਿ ਰਹੇ ਲੋਕਾਂ ਨਾਲ ਇਸ ਤਰ੍ਹਾਂ ਦਾ ਸਲੂਕ ਡਰ ਦਾ ਮਾਹੌਲ ਪੈਦਾ ਕਰ ਰਿਹਾ ਹੈ। ਕਈ ਸੰਸਥਾਵਾਂ ਨੇ ਦੋਸ਼ ਲਗਾਇਆ ਕਿ ਟਰੰਪ ਪ੍ਰਸ਼ਾਸਨ ਦੀ ਦੇਸ਼ ਨਿਕਾਲੇ ਦੀ ਨੀਤੀ ਕਾਰਨ ਇਮੀਗ੍ਰੇਸ਼ਨ ਅਧਿਕਾਰੀ ਨੂੰ ਬਹੁਤ ਜ਼ਿਆਦਾ ਸਖ਼ਤ ਕਾਰਵਾਈ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਇਹ ਖ਼ਬਰ ਸਾਹਮਣੇ ਆਉਣ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਵੀ ਕਾਫ਼ੀ ਗੁੱਸਾ ਦੇਖਣ ਨੂੰ ਮਿਲਿਆ। ਲੋਕਾਂ ਨੇ ਸਵਾਲ ਉਠਾਏ ਕਿ ਜੇ ਗਰੀਨ ਕਾਰਡ ਧਾਰਕ ਵੀ ਸੁਰੱਖਿਅਤ ਨਹੀਂ ਹਨ, ਤਾਂ ਫਿਰ ਆਮ ਇਮੀਗ੍ਰਾਂਟਸ ਦਾ ਕੀ ਹੋਵੇਗਾ।

ਕਈ ਯੂਜ਼ਰਸ ਨੇ ਇਸ ਘਟਨਾ ਦੀ ਤੁਲਨਾ ਜੇਲ੍ਹ ਵਰਗੇ ਸਲੂਕ ਨਾਲ ਕੀਤੀ ਅਤੇ ICE ਡਿਟੈਨਸ਼ਨ ਸਿਸਟਮ ਵਿਚ ਸੁਧਾਰ ਦੀ ਮੰਗ ਕੀਤੀ।

# ਕੈਲੀਫੋਰਨੀਆ ਦੇ ਗਵਰਨਰ ਚੋਣ ਲਈ ਜ਼ੈਵੀਅਰ ਬਸੇਰਾ ਪਹਿਲੇ ਸਥਾਨ ’ਤੇ

## ■ ਮੇਅਰ ਬੌਬੀ ਸਿੰਘ ਐਲਨ ਅਤੇ ਮਨੀ ਗਰੇਵਾਲ ਵੱਲੋਂ ਹਮਾਇਤ







ਸੈਕਰਾਮੈਂਟੋ, (ਪੰਜਾਬ ਮੇਲ)- ਜ਼ੈਵੀਅਰ ਬਸੇਰਾ ਨੂੰ ਕੈਲੀਫੋਰਨੀਆ ਦੇ ਅਗਲੇ ਗਵਰਨਰ ਵਜੋਂ ਸਮਰਥਨ ਦੇਣ ਲਈ ਹੁਣ ਕਈ ਸਥਾਨਕ ਨੇਤਾ ਖੁੱਲ੍ਹ ਕੇ ਸਾਹਮਣੇ ਆ ਰਹੇ ਹਨ। ਐਲਕ ਗਰੋਵ ਦੀ ਮੇਅਰ ਬੌਬੀ ਸਿੰਘ ਐਲਨ ਅਤੇ ਸਟੈਨਿਸਲਾਸ ਕਾਊਂਟੀ ਦੇ ਸੁਪਰਵਾਇਜ਼ਰ ਮਨੀ ਗਰੇਵਾਲ ਨੇ ਕਿਹਾ ਕਿ ਕੈਲੀਫੋਰਨੀਆ ਇਸ ਵੇਲੇ ਇਕ ਅਹਿਮ ਮੋੜ ’ਤੇ ਖੜ੍ਹਾ ਹੈ ਅਤੇ ਰਾਜ ਨੂੰ ਅਜਿਹੇ ਆਗੂ ਦੀ ਲੋੜ ਹੈ, ਜੋ ਤਜ਼ਰਬੇਕਾਰ, ਇਮਾਨਦਾਰ ਅਤੇ ਨਤੀਜੇ ਦੇਣ ਵਾਲਾ ਹੋਵੇ।

ਉਨ੍ਹਾਂ ਦੇ ਅਨੁਸਾਰ ਰਾਜ ਵਿਚ ਮਹਿੰਗਾਈ, ਹਾਊਸਿੰਗ ਸੰਕਟ, ਬੇਘਰਪਨ, ਪਬਲਿਕ ਸੇਫਟੀ, ਸਿਹਤ ਸੇਵਾਵਾਂ ਅਤੇ ਆਰਥਿਕ ਅਨਿਸ਼ਚਿਤਤਾ ਵਰਗੀਆਂ ਚੁਣੌਤੀਆਂ ਵਧ ਰਹੀਆਂ ਹਨ। ਅਜਿਹੇ ਸਮੇਂ ਵਿਚ ਸਿਰਫ਼ ਰਾਜਨੀਤਿਕ ਨਾਅਰੇ ਨਹੀਂ, ਸਗੋਂ ਮਜ਼ਬੂਤ ਅਤੇ ਸਮਝਦਾਰ ਪ੍ਰਸ਼ਾਸਨ ਦੀ ਲੋੜ ਹੈ।

ਜ਼ੈਵੀਅਰ ਬਸੇਰਾ ਨੂੰ ਇੱਕ ਜਨ ਸੇਵਕ ਵਜੋਂ ਦੱਸਦਿਆਂ ਹੋਇਆਂ ਇਨ੍ਹਾਂ ਆਗੂਆਂ ਨੇ ਕਿਹਾ ਹੈ ਕਿ ਉਹ ਕਈ ਦਹਾਕਿਆਂ ਤੋਂ ਕੈਲੀਫੋਰਨੀਆ ਅਤੇ ਦੇਸ਼ ਦੀ ਸੇਵਾ ਕਰ ਰਹੇ ਹਨ। ਉਹ ਪਹਿਲਾਂ ਕੈਲੀਫੋਰਨੀਆ ਦੇ ਅਟਾਰਨੀ ਜਨਰਲ ਰਹਿ ਚੁੱਕੇ ਹਨ, ਲੰਬੇ ਸਮੇਂ ਤੱਕ ਕਾਂਗਰਸ ਮੈਂਬਰ ਰਹੇ ਅਤੇ ਬਾਅਦ ਵਿਚ ਅਮਰੀਕੀ ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ ਦੇ ਸਕੱਤਰ ਵਜੋਂ ਵੀ ਕੰਮ ਕੀਤਾ।

ਆਗੂਆਂ ਨੇ ਕਿਹਾ ਕਿ ਸਰਕਾਰ ’ਤੇ ਲੋਕਾਂ ਦਾ ਭਰੋਸਾ ਕਮਜ਼ੋਰ ਹੋ ਰਿਹਾ ਹੈ, ਇਸ ਲਈ ਕੈਲੀਫੋਰਨੀਆ ਨੂੰ ਇੱਕ ਸਥਿਰ ਅਤੇ ਭਰੋਸੇਯੋਗ ਨੇਤਾ ਦੀ ਲੋੜ ਹੈ। ਉਨ੍ਹਾਂ ਮੁਤਾਬਕ ਬਸੇਰਾ ਨੇ ਵੱਡੀਆਂ ਸਰਕਾਰੀ ਸੰਸਥਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚਲਾਉਣ, ਬਜਟ ਸੰਭਾਲਣ ਅਤੇ ਸੰਕਟਾਂ ਦੌਰਾਨ ਫੈਸਲੇ ਲੈਣ ਦੀ ਯੋਗਤਾ ਸਾਬਤ ਕੀਤੀ ਹੈ।

ਉਨ੍ਹਾਂ ਕਿਹਾ ਕਿ ਬਸੇਰਾ ਨੇ ਆਪਣੇ ਪੂਰੇ ਰਾਜਨੀਤਿਕ ਜੀਵਨ ਦੌਰਾਨ ਸਿਹਤ ਸੇਵਾਵਾਂ, ਸਿਵਲ ਅਧਿਕਾਰਾਂ, ਵਾਤਾਵਰਣ ਸੁਰੱਖਿਆ ਅਤੇ ਕੈਲੀਫੋਰਨੀਆ ਲਈ ਫੈਡਰਲ ਫੰਡਾਂ ਦੀ ਰੱਖਿਆ ਲਈ ਲਗਾਤਾਰ ਆਵਾਜ਼ ਉਠਾਈ ਹੈ। ਕੈਲੀਫੋਰਨੀਆ ਦੇ ਅਟਾਰਨੀ ਜਨਰਲ ਵਜੋਂ ਉਨ੍ਹਾਂ ਨੇ ਕੇਂਦਰੀ ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਵੀ ਕੀਤਾ, ਜਦੋਂ ਰਾਜ ਦੇ ਹੱਕਾਂ ਨੂੰ ਖ਼ਤਰਾ ਮਹਿਸੂਸ ਹੋਇਆ।

ਉਨ੍ਹਾਂ ਦੀ ਸਿਹਤ ਖੇਤਰ ਵਿਚ ਮਹਾਰਤ ਨੂੰ ਵੀ ਮਹੱਤਵਪੂਰਨ ਦੱਸਿਆ ਗਿਆ ਹੈ। ਕੈਲੀਫੋਰਨੀਆ ਵਿਚ ਵਧ ਰਹੇ ਸਿਹਤ ਖਰਚੇ, ਮਾਨਸਿਕ ਸਿਹਤ ਸੰਕਟ ਅਤੇ ਬੇਘਰਪਨ ਵਰਗੇ ਮਸਲੇ ਸਿੱਧੇ ਤੌਰ ’ਤੇ ਪਬਲਿਕ ਹੈਲਥ ਨਾਲ ਜੁੜੇ ਹੋਏ ਹਨ। ਕੋਵਿਡ ਮਹਾਂਮਾਰੀ ਵਰਗੇ ਮੁਸ਼ਕਲ ਸਮੇਂ ਦੌਰਾਨ ਜ਼ੈਵੀਅਰ ਬਸੇਰਾ ਨੇ ਦੇਸ਼ ਪੱਧਰ ’ਤੇ ਸਿਹਤ ਪ੍ਰਬੰਧਨ ’ਚ ਅਹਿਮ ਭੂਮਿਕਾ ਨਿਭਾਈ ਸੀ।

ਦੋਹਾਂ ਆਗੂਆਂ ਨੇ ਜ਼ੋਰ ਦੇ ਕੇ ਕਿਹਾ ਕਿ ਕੈਲੀਫੋਰਨੀਆ ਦੇ ਲੋਕ ਹੁਣ ਟਕਰਾਅ ਅਤੇ ਰਾਜਨੀਤਿਕ ਨਾਟਕ ਤੋਂ ਥੱਕ ਚੁੱਕੇ ਹਨ। ਲੋਕ ਅਜਿਹੇ ਨੇਤਾ ਚਾਹੁੰਦੇ ਹਨ, ਜੋ ਸੁਰਖੀਆਂ ਬਣਾਉਣ ਦੀ ਬਜਾਏ ਸਮੱਸਿਆਵਾਂ ਦਾ ਹੱਲ ਲੱਭਣ। ਉਨ੍ਹਾਂ ਅਨੁਸਾਰ ਜ਼ੈਵੀਅਰ ਬਸੇਰਾ ਇੱਕ ਸੋਚਵਾਨ, ਗੰਭੀਰ ਅਤੇ ਵਿਵਹਾਰਕ ਨੇਤਾ ਹਨ, ਜੋ ਪ੍ਰੋਗਰੈਸਿਵ ਅਤੇ ਮੋਡਰੇਟ ਦੋਹਾਂ ਧਿਰਾਂ ਨੂੰ ਇਕੱਠਾ ਕਰ ਸਕਦੇ ਹਨ।

# ਅਮਰੀਕਾ ਵੱਲੋਂ 13 ਭਾਰਤੀਆਂ ’ਤੇ ਵੀਜ਼ਾ ਪਾਬੰਦੀਆਂ ਲਗਾਉਣ ਦਾ ਐਲਾਨ !

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ ਨੇ ਵਿਸ਼ਵ ਪੱਧਰ ’ਤੇ ਨਸ਼ਾ ਤਸਕਰੀ ਦੇ ਨੈੱਟਵਰਕ ਨੂੰ ਤੋੜਨ ਲਈ ਆਪਣੀ ਮੁਹਿੰਮ ਤੇਜ਼ ਕਰਦਿਆਂ ਭਾਰਤ ਸਥਿਤ ਇੱਕ ਕੰਪਨੀ ਨਾਲ ਜੁੜੇ 13 ਵਿਅਕਤੀਆਂ ’ਤੇ ਵੀਜ਼ਾ ਪਾਬੰਦੀਆਂ ਲਗਾਉਣ ਦਾ ਐਲਾਨ ਕੀਤਾ ਹੈ। ਅਮਰੀਕੀ ਵਿਦੇਸ਼ ਵਿਭਾਗ ਅਨੁਸਾਰ ਇਹ ਲੋਕ ‘ਫੈਂਟਾਨਿਲ’ ਵਰਗੇ ਖ਼ਤਰਨਾਕ ਨਸ਼ੀਲੇ ਪਦਾਰਥਾਂ ਦੀ ਗੈਰ-ਕਾਨੂੰਨੀ ਤਸਕਰੀ ’ਚ ਸ਼ਾਮਲ ਨੈੱਟਵਰਕ ਦਾ ਹਿੱਸਾ ਹਨ।

ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਥਾਮਸ ਪਿਗੋਟ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਇਹ ਕਾਰਵਾਈ ਭਾਰਤ ਵਿਚ ਸਥਿਤ ‘ਕੇ.ਐੱਸ. ਇੰਟਰਨੈਸ਼ਨਲ ਟ੍ਰੇਡਰਜ਼’ ਨਾਮਕ ਫਰਮ ਦੇ ਨਜ਼ਦੀਕੀ ਕਾਰੋਬਾਰੀ ਸਹਿਯੋਗੀਆਂ ’ਤੇ ਕੀਤੀ ਗਈ ਹੈ। ਇਨ੍ਹਾਂ ’ਤੇ ਦੋਸ਼ ਹੈ ਕਿ ਇਹ ਕੰਪਨੀ ਫੈਂਟਾਨਿਲ ਮਿਲੀ ਹੋਈ ਨਕਲੀ ਦਵਾਈਆਂ ਦੀ ਵਿਕਰੀ ਵਿਚ ਸ਼ਾਮਲ ਸੀ। ਅਮਰੀਕਾ ਵਿਚ ਲੱਖਾਂ ਦੀ ਗਿਣਤੀ ਵਿਚ ਅਜਿਹੀਆਂ ਨਕਲੀ ਗੋਲੀਆਂ ਵੰਡੀਆਂ ਗਈਆਂ ਹਨ, ਜਿਸ ਕਾਰਨ ਉੱਥੇ ਜਨਤਕ ਸਿਹਤ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ ਅਤੇ ਕਈ ਪਰਿਵਾਰ ਬਰਬਾਦ ਹੋ ਗਏ ਹਨ। ਵਿਦੇਸ਼ ਵਿਭਾਗ ਨੇ ਸਖ਼ਤ ਰੁਖ਼ ਅਪਣਾਉਂਦੇ ਹੋਏ ਕਿਹਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਹਿਲਾਂ ਹੀ ਗੈਰ-ਕਾਨੂੰਨੀ ਫੈਂਟਾਨਿਲ ਨੂੰ ‘ਸਮੂਹਿਕ ਵਿਨਾਸ਼ ਦਾ ਹਥਿਆਰ’ ਵਜੋਂ ਨਾਮਜ਼ਦ ਕੀਤਾ ਹੋਇਆ ਹੈ।

# ਮਿਨੀਆਪੋਲਿਸ ਇਮੀਗ੍ਰੇਸ਼ਨ ਕਾਰਵਾਈ ਦੌਰਾਨ ਗੋਲੀਬਾਰੀ ਮਾਮਲੇ ’ਚ ICE ਅਫਸਰ ’ਤੇ ਹਮਲੇ ਦੇ ਦੋਸ਼

**ਮਿਨੀਆਪੋਲਿਸ, (ਪੰਜਾਬ ਮੇਲ)-** ਅਮਰੀਕਾ ਦੇ ਮਿਨੀਆਪੋਲਿਸ ਸ਼ਹਿਰ ਵਿਚ ਜਨਵਰੀ ਮਹੀਨੇ ਦੌਰਾਨ ਹੋਈ ਇਮੀਗ੍ਰੇਸ਼ਨ ਕਾਰਵਾਈ ਵੇਲੇ ਗੋਲੀਬਾਰੀ ਦੇ ਮਾਮਲੇ ਵਿਚ ICE ਦੇ ਇੱਕ ਅਧਿਕਾਰੀ ਖ਼ਿਲਾਫ਼ ਗੰਭੀਰ ਦੋਸ਼ ਲਗਾਏ ਗਏ ਹਨ। ਹੇਨਿਪਿਨ ਕਾਊਂਟੀ ਦੀ ਅਟਾਰਨੀ ਮੈਰੀ ਮੋਰੀਆਰਟੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਫੈਡਰਲ ਏਜੰਟ ਕ੍ਰਿਸਚੀਅਨ ਕਾਸਤ੍ਰੋ ਉੱਤੇ ਸੈਕੰਡ ਡਿਗਰੀ ਅਸਾਲਟ ਦੇ ਚਾਰ ਕੇਸ ਅਤੇ ਝੂਠੀ ਰਿਪੋਰਟ ਦਰਜ ਕਰਨ ਦਾ ਇੱਕ ਮਾਮਲਾ ਦਰਜ ਕੀਤਾ ਗਿਆ ਹੈ।

ਇਹ ਮਾਮਲਾ ਦੋ ਵੈਨੇਜ਼ੂਏਲਨ ਪ੍ਰਵਾਸੀਆਂ ਜੂਲਿਓ ਸੀਜ਼ਰ ਸੋਸਾ-ਸੈਲਿਸ ਅਤੇ ਉਸਦੇ ਭਰਾ ਅਲਫਰੇਡੋ ਅਲਜੋਰਨਾ ਨਾਲ ਸੰਬੰਧਿਤ ਹੈ। ਸ਼ੁਰੂ ਵਿਚ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ (ਡੀ.ਐੱਚ.ਐੱਸ.) ਨੇ ਦਾਅਵਾ ਕੀਤਾ ਸੀ ਕਿ ਦੋਵਾਂ ਨੇ ICE ਅਧਿਕਾਰੀਆਂ ’ਤੇ ਹਮਲਾ ਕੀਤਾ ਸੀ, ਜਿਸ ਤੋਂ ਬਾਅਦ ਏਜੰਟ ਨੇ ਆਪਣੀ ਜਾਨ ਬਚਾਉਣ ਲਈ ਗੋਲੀ ਚਲਾਈ।

ਪਰ ਬਾਅਦ ਵਿਚ ਸਾਹਮਣੇ ਆਈ ਵੀਡੀਓ ਫੁਟੇਜ ਨੇ ਸਰਕਾਰੀ ਦਾਅਵਿਆਂ ’ਤੇ ਸਵਾਲ ਖੜ੍ਹੇ ਕਰ ਦਿੱਤੇ। ਪ੍ਰੋਸੀਕਿਊਟਰਾਂ ਮੁਤਾਬਕ ਏਜੰਟ ਕਾਸਤ੍ਰੋ ਨੂੰ ਕਿਸੇ ਵੀ ਤਰ੍ਹਾਂ ਦਾ ਤੁਰੰਤ ਖ਼ਤਰਾ ਨਹੀਂ ਸੀ ਅਤੇ ਨਾ ਹੀ ਉਸ ਨੂੰ ਕਿਸੇ ਸ਼ਾਵਲ ਜਾਂ ਹੋਰ ਚੀਜ਼ ਨਾਲ ਮਾਰਿਆ ਗਿਆ ਸੀ।

ਇਸ ਮਾਮਲੇ ਵਿਚ ਇੱਕ ਵੱਡਾ ਮੋੜ ਉਸ ਵੇਲੇ ਆਇਆ, ਜਦੋਂ ਅਮਰੀਕੀ ਜਸਟਿਸ ਡਿਪਾਰਟਮੈਂਟ ਨੇ ਦੋਵਾਂ ਵੈਨੇਜ਼ੂਏਲਨ ਵਿਅਕਤੀਆਂ ਖ਼ਿਲਾਫ਼ ਕੇਸ ਵਾਪਸ ਲੈ ਲਏ। ICE ਨੇ ਵੀ ਮੰਨਿਆ ਕਿ ਉਸਦੇ ਦੋ ਏਜੰਟਾਂ ਨੇ ਅਦਾਲਤ ਵਿਚ ਝੂਠੇ ਬਿਆਨ ਦਿੱਤੇ ਸਨ। ਇਸ ਤੋਂ ਬਾਅਦ ਦੋਵਾਂ ਏਜੰਟਾਂ ਨੂੰ ਜਾਂਚ ਮੁਕੰਮਲ ਹੋਣ ਤੱਕ ਪ੍ਰਸ਼ਾਸਕੀ ਛੁੱਟੀ ’ਤੇ ਭੇਜ ਦਿੱਤਾ ਗਿਆ।

ਇਸ ਘਟਨਾ ਤੋਂ ਬਾਅਦ ਮਿਨੀਆਪੋਲਿਸ ਵਿਚ ਵੱਡੇ ਪੱਧਰ ’ਤੇ ਪ੍ਰਦਰਸ਼ਨ ਵੀ ਹੋਏ ਸਨ ਅਤੇ ਲੋਕਾਂ ਨੇ ਫੈਡਰਲ ਏਜੰਸੀਆਂ ਦੀ ਕਾਰਵਾਈ ਅਤੇ ਪਾਰਦਰਸ਼ਤਾ ’ਤੇ ਸਵਾਲ ਉਠਾਏ ਸਨ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :**
**www.punjabmailusa.com**


Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ



ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

SACRAMENTO
5855 Auburn Blvd,
Sacramento, CA 95841,
+1-916-307-4620

FRESNO
1625 E Shaw Ave
#122, Fresno,
CA 93726
559-271-5511

FREMONT
3155 KEARNEY ST,
SUITE #248,
FREMONT, CA 94538.
+1-510-657-6444

NEWYORK
108-14 Jamaica Ave,
Richmond Hill,
NY 11418
Phone: 718-533-8444

Designed By Punjab Mail USA

# ਐੱਚ-1ਬੀ ਵੀਜ਼ਾ ਘੁਟਾਲੇ ਦੇ ਮਾਮਲੇ 'ਚ ਚੀਨ ਨਾਲ ਜੁੜੀ ਫਰਮ ਖਿਲਾਫ਼ ਮੁਕੱਦਮਾ



**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਟੈਕਸਾਸ ਦੇ ਅਟਾਰਨੀ ਜਨਰਲ ਕੇਨ ਪੈਕਸਟਨ ਨੇ ਉੱਤਰੀ ਟੈਕਸਾਸ ਦੀ ਇੱਕ ਕੰਪਨੀ ਅਤੇ ਇਸ ਦੇ ਚੀਨੀ ਮੂਲ ਦੇ ਮਾਲਕ ਖ਼ਿਲਾਫ਼ ਮੁਕੱਦਮਾ ਦਰਜ ਕੀਤਾ ਹੈ। ਦੋਸ਼ ਹੈ ਕਿ ਉਨ੍ਹਾਂ ਨੇ ਧੋਖਾਧੜੀ ਨਾਲ ਐੱਚ-1ਬੀ ਵੀਜ਼ੇ ਪ੍ਰਾਪਤ ਕਰਨ ਅਤੇ ਨਿਯੰਤਰਕ ਏਜੰਸੀਆਂ ਨੂੰ ਗੁੰਮਰਾਹ ਕਰਨ ਲਈ ਜਾਅਲੀ ਬਾਲ ਦੇਖਭਾਲ ਕਾਰੋਬਾਰ ਚਲਾਏ।

ਕੋਲਿਨ ਕਾਊਂਟੀ ਵਿਚ ਦਰਜ ਕੀਤੇ ਗਏ ਇਸ ਮੁਕੱਦਮੇ ਵਿਚ ਗੋਲਡਨ ਕਿਊ ਹੋਲਡਿੰਗਜ਼ ਐੱਲ.ਐੱਲ.ਸੀ. ਅਤੇ ਚੀਨ ਦੇ ਨਾਗਰਿਕ ਯੂਆਨ ਯਾਓ 'ਤੇ ਅਜਿਹੀਆਂ ਬਾਲ ਦੇਖਭਾਲ ਅਤੇ ਔਟਿਜ਼ਮ ਥੈਰੇਪੀ ਸੇਵਾਵਾਂ ਦਾ ਪ੍ਰਚਾਰ ਕਰਨ ਦੇ ਦੋਸ਼ ਲਗੇ ਹਨ, ਜੋ ਕਥਿਤ ਤੌਰ 'ਤੇ ਹਕੀਕਤ ਵਿਚ ਮੌਜੂਦ ਹੀ ਨਹੀਂ ਸਨ।

ਪੈਕਸਟਨ ਨੇ ਕਿਹਾ ਕਿ ਇਹ ਮਾਮਲਾ ਐੱਚ-1ਬੀ ਵੀਜ਼ਾ ਪ੍ਰੋਗਰਾਮ ਦੀ ਕਥਿਤ ਦੁਰਵਰਤੋਂ ਸਬੰਧੀ ਚੱਲ ਰਹੀ ਵਿਆਪਕ ਜਾਂਚ ਦੌਰਾਨ ਸਾਹਮਣੇ ਆਇਆ ਹੈ।

ਉਨ੍ਹਾਂ ਕਿਹਾ, "ਇਹ ਮਾਮਲਾ ਐੱਚ-1ਬੀ ਵੀਜ਼ਾ ਪ੍ਰੋਗਰਾਮ ਨਾਲ ਧੋਖਾਧੜੀ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਲਈ ਚੇਤਾਵਨੀ ਹੈ। ਮੈਂ ਇਹ ਯਕੀਨੀ ਬਣਾਉਣ ਲਈ ਲੜਾਈ ਜਾਰੀ ਰੱਖਾਂਗਾ ਕਿ ਐੱਚ-1ਬੀ ਪ੍ਰੋਗਰਾਮ ਅਮਰੀਕੀ ਹਿੱਤਾਂ ਦੀ ਸੇਵਾ ਕਰੇ, ਨਾ ਕਿ ਚੀਨੀ ਨਾਗਰਿਕਾਂ ਦੇ ਹਿੱਤਾਂ ਦੀ। ਜੋ ਵੀ ਇਸ ਪ੍ਰੋਗਰਾਮ ਦੀ ਦੁਰਵਰਤੋਂ ਕਰੇਗਾ, ਉਸ ਨੂੰ ਕਾਨੂੰਨ ਅਨੁਸਾਰ ਜਵਾਬਦੇਹ ਠਹਿਰਾਇਆ ਜਾਵੇਗਾ।"

ਉਨ੍ਹਾਂ ਹੋਰ ਕਿਹਾ, "ਮੇਰਾ ਦਫ਼ਤਰ ਕਿਸੇ ਵੀ ਵਿਦੇਸ਼ੀ ਨਾਗਰਿਕ ਨੂੰ ਗੈਰ-ਕਾਨੂੰਨੀ ਢੰਗ ਨਾਲ ਇਸ ਦੇਸ਼ ਵਿਚ ਦਾਖਲ ਹੋਣ ਤੋਂ ਰੋਕਣ ਲਈ ਕਾਰਵਾਈ ਜਾਰੀ ਰੱਖੇਗਾ।"

ਮੁਕੱਦਮੇ ਅਨੁਸਾਰ ਯਾਓ ਨੇ ਗੋਲਡਨ ਕਿਊ ਹੋਲਡਿੰਗਜ਼ ਸਮੇਤ ਕਈ ਟੈਕਸਾਸ ਅਧਾਰਿਤ ਸੰਸਥਾਵਾਂ ਦੀ ਮਲਕੀਅਤ ਅਤੇ ਪ੍ਰਬੰਧਨ ਕੀਤਾ। ਇਨ੍ਹਾਂ ਕੰਪਨੀਆਂ ਨੇ ਵੈੱਬਸਾਈਟਾਂ ਰਾਹੀਂ ਆਪਣੇ ਆਪ ਨੂੰ ਐਲਨ, ਟੈਕਸਾਸ ਵਿਚ ਚੱਲ ਰਹੀਆਂ ਬਾਲ ਦੇਖਭਾਲ ਸਹੂਲਤਾਂ ਵਜੋਂ ਦਰਸਾਇਆ। ਇਨ੍ਹਾਂ ਵਿਚੋਂ ਇੱਕ ਕਾਰੋਬਾਰ, ਐਲਨ ਇਨਫੈਂਟ ਕੇਅਰ ਸੈਂਟਰ ਨੇ ਮਾਪਿਆਂ ਨੂੰ "ਦਿੱਤੀ ਜਾਣ ਵਾਲੀ ਪਿਆਰ ਭਰੀ ਦੇਖਭਾਲ ਦੇਖਣ ਲਈ ਆਉਣ" ਦਾ ਸੱਦਾ ਦਿੱਤਾ।

ਪਰ ਮੁਕੱਦਮੇ ਵਿਚ ਕਿਹਾ ਗਿਆ ਹੈ ਕਿ ਬਲੇਜ਼ ਮੀਡੀਆ ਦੀ ਪੱਤਰਕਾਰ ਸਾਰਾ ਗੋਂਜ਼ਾਲੇਸ ਜਦੋਂ ਇਸ ਪਤੇ 'ਤੇ ਗਈ, ਤਾਂ ਉੱਥੇ ਇੱਕ ਖਾਲੀ ਇਮਾਰਤ ਅਤੇ ਬੂਟਿਆਂ ਨਾਲ ਢੱਕਿਆ ਹੋਇਆ ਖੇਡ ਮੈਦਾਨ ਮਿਲਿਆ। ਪਟੀਸ਼ਨ ਵਿਚ ਦੱਸਿਆ ਗਿਆ ਕਿ ਇੱਕ ਵਿਅਕਤੀ ਨੇ ਗੋਂਜ਼ਾਲੇਸ ਨੂੰ ਕਿਹਾ ਕਿ ਇਹ ਸਹੂਲਤ "ਕਾਫ਼ੀ ਸਮੇਂ ਤੋਂ ਬੰਦ ਪਈ ਹੈ" ਅਤੇ ਦੋਸ਼ ਲਗਾਇਆ ਕਿ ਯਾਓ "ਵੀਜ਼ੇ ਵੇਚਦਾ ਹੈ।"

ਮੁਕੱਦਮੇ ਵਿਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਇਨ੍ਹਾਂ ਕਾਰੋਬਾਰਾਂ ਨੇ ਸਾਫਟਵੇਅਰ ਡਿਵੈਲਪਰਾਂ ਤੋਂ ਲੈ ਕੇ ਸਪਲਾਈ ਚੇਨ ਵਿਸ਼ਲੇਸ਼ਕਾਂ ਤੱਕ ਕਈ ਅਹੁਦਿਆਂ ਲਈ ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ ਅਤੇ ਵਿਦੇਸ਼ ਵਿਭਾਗ ਕੋਲ ਵੀਜ਼ਾ ਅਰਜ਼ੀਆਂ ਦਾਇਰ ਕੀਤੀਆਂ। ਟੈਕਸਾਸ ਸਰਕਾਰ ਨੇ ਦੋਸ਼ ਲਾਇਆ ਕਿ ਗੋਲਡਨ ਕਿਊ ਹੋਲਡਿੰਗਜ਼ ਨੇ 2024 ਤੋਂ 2026 ਦੇ ਵਿਚਕਾਰ ਸਾਫਟਵੇਅਰ ਇੰਜੀਨੀਅਰ, ਮਾਰਕੀਟ ਖੋਜ ਵਿਸ਼ਲੇਸ਼ਕ, ਐਪ ਵਿਕਾਸਕਾਰ, ਵਿੱਤੀ ਵਿਸ਼ਲੇਸ਼ਕ ਅਤੇ ਕਾਰੋਬਾਰੀ ਖੁਫੀਆ ਵਿਸ਼ਲੇਸ਼ਕ ਵਰਗੇ ਅਹੁਦਿਆਂ ਲਈ 20 ਲੇਬਰ ਕੰਡੀਸ਼ਨ ਅਰਜ਼ੀਆਂ ਜਮ੍ਹਾਂ ਕਰਵਾਈਆਂ।

ਰਾਜ ਸਰਕਾਰ ਨੇ ਇਹ ਵੀ ਕਿਹਾ ਕਿ ਨਾ ਤਾਂ ਐਲਨ ਇਨਫੈਂਟ ਕੇਅਰ ਸੈਂਟਰ ਅਤੇ ਨਾ ਹੀ ਡੀ.ਐੱਫ.ਡਬਲਯੂ. ਏ.ਬੀ.ਏ. ਸੈਂਟਰ ਕੋਲ ਟੈਕਸਾਸ ਵਿਚ ਬਾਲ ਦੇਖਭਾਲ ਸਹੂਲਤਾਂ ਚਲਾਉਣ ਲਈ ਲਾਇਸੈਂਸ ਸੀ। ਇਸ ਤੋਂ ਇਲਾਵਾ ਯਾਓ ਅਤੇ ਗੋਲਡਨ ਕਿਊ ਹੋਲਡਿੰਗਜ਼ ਕੋਲ ਵੀ ਲਾਜ਼ਮੀ ਚਾਈਲਡਕੇਅਰ ਲਾਇਸੈਂਸ ਨਹੀਂ ਸਨ। ਸ਼ਿਕਾਇਤ ਵਿਚ ਅਦਾਲਤ ਤੋਂ ਅਸਥਾਈ ਅਤੇ ਸਥਾਈ ਪਾਬੰਦੀ ਹੁਕਮਾਂ ਦੀ ਮੰਗ ਕੀਤੀ ਗਈ ਹੈ, ਤਾਂ ਜੋ ਕਥਿਤ ਗੈਰ-ਕਾਨੂੰਨੀ ਕਾਰਵਾਈਆਂ ਰੋਕੀਆਂ ਜਾ ਸਕਣ, ਬਾਲ ਦੇਖਭਾਲ ਸੇਵਾਵਾਂ ਨਾਲ ਸਬੰਧਤ ਇਸ਼ਤਿਹਾਰ ਹਟਾਏ ਜਾਣ ਅਤੇ ਬਚਾਅ ਪੱਖ ਨੂੰ ਐਲਨ ਪਤੇ ਨਾਲ ਜੁੜੇ ਐੱਚ-1ਬੀ ਵੀਜ਼ਿਆਂ ਦੀ ਸਪਾਂਸਰਸ਼ਿਪ ਕਰਨ ਤੋਂ ਰੋਕਿਆ ਜਾ ਸਕੇ।

## ਟਰੰਪ ਚੀਨ ਦੀਆਂ ਕੰਪਨੀਆਂ 'ਤੇ ਲੱਗੀਆਂ ਪਾਬੰਦੀਆਂ ਨੂੰ ਜਲਦ ਹਟਾਉਣਗੇ !

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਚੀਨ ਨੂੰ ਵੱਡੀ ਰਾਹਤ ਦੇਣ ਦੀ ਤਿਆਰੀ ਵਿਚ ਹਨ। ਰਾਸ਼ਟਰਪਤੀ ਟਰੰਪ ਨੇ ਇੱਕ ਅਹਿਮ ਐਲਾਨ ਕਰਦਿਆਂ ਕਿਹਾ ਹੈ ਕਿ ਉਹ ਈਰਾਨੀ ਤੇਲ ਦੀ ਖਰੀਦ ਕਰਨ ਵਾਲੀਆਂ ਚੀਨੀ ਤੇਲ ਕੰਪਨੀਆਂ 'ਤੇ ਲੱਗੀਆਂ ਪਾਬੰਦੀਆਂ ਨੂੰ ਹਟਾਉਣ ਬਾਰੇ ਜਲਦ ਹੀ ਕੋਈ ਫੈਸਲਾ ਲੈਣਗੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਸ਼ਟਰਪਤੀ ਟਰੰਪ ਨੇ ਦੱਸਿਆ ਕਿ ਉਹ ਅਗਲੇ ਕੁਝ ਦਿਨਾਂ ਦੇ ਅੰਦਰ ਚੀਨੀ ਤੇਲ ਕੰਪਨੀਆਂ 'ਤੇ ਲੱਗੀਆਂ ਇਨ੍ਹਾਂ ਪਾਬੰਦੀਆਂ ਨੂੰ ਚੁੱਕਣ ਬਾਰੇ ਆਪਣਾ ਅੰਤਿਮ ਫੈਸਲਾ ਸੁਣਾਉਣਗੇ।



ਚੀਨ ਦੇ ਦੌਰੇ ਤੋਂ ਬਾਅਦ ਵਾਪਸ ਪਰਤਦੇ ਸਮੇਂ 'ਏਅਰ ਫੋਰਸ ਵਨ' ਜਹਾਜ਼ 'ਤੇ ਸਵਾਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੰਪ ਨੇ ਦੱਸਿਆ ਕਿ ਉਨ੍ਹਾਂ ਨੇ ਇਸ ਮੁੱਦੇ 'ਤੇ ਚਰਚਾ ਕੀਤੀ ਹੈ ਅਤੇ ਉਹ ਜਲਦ ਹੀ ਅੰਤਿਮ ਫੈਸਲਾ ਸੁਣਾਉਣਗੇ। ਜ਼ਿਕਰਯੋਗ ਹੈ ਕਿ ਇਸ ਸਾਲ ਦੇ ਸ਼ੁਰੂ ਵਿਚ, ਵਾਸ਼ਿੰਗਟਨ ਨੇ ਈਰਾਨ ਨਾਲ ਜੰਗ ਸ਼ੁਰੂ ਹੋਣ ਤੋਂ ਕੁਝ ਹਫ਼ਤੇ ਪਹਿਲਾਂ, ਉਸਦੇ ਮਾਲੀ ਸਰੋਤਾਂ ਨੂੰ ਰੋਕਣ ਲਈ 'ਮੈਕਸੀਮਮ ਪ੍ਰੈਸ਼ਰ' (ਵੱਧ ਤੋਂ ਵੱਧ ਦਬਾਅ) ਦੀ ਮੁਹਿੰਮ ਤਹਿਤ ਇਹ ਸਖ਼ਤ ਪਾਬੰਦੀਆਂ ਲਗਾਈਆਂ ਸਨ। ਸਰੋਤਾਂ ਅਨੁਸਾਰ ਅਪ੍ਰੈਲ ਮਹੀਨੇ ਵਿਚ ਅਮਰੀਕਾ ਨੇ ਕਈ ਸੁਤੰਤਰ ਰਿਫਾਇਨਰੀਆਂ 'ਤੇ ਪਾਬੰਦੀਆਂ ਲਗਾਈਆਂ ਸਨ, ਜਿਨ੍ਹਾਂ ਨੂੰ 'ਟੀਪੋਟਸ' ਵਜੋਂ ਜਾਣਿਆ ਜਾਂਦਾ ਹੈ। ਇਨ੍ਹਾਂ ਵਿਚ ਚੀਨ ਦੀਆਂ ਸਭ ਤੋਂ ਵੱਡੀਆਂ ਰਿਫਾਇਨਰੀਆਂ ਵਿਚੋਂ ਇੱਕ, 'ਹੇਂਗਲੀ ਪੈਟਰੋਕੈਮੀਕਲ (ਡਾਲੀਅਨ) ਰਿਫਾਇਨਰੀ' ਵੀ ਸ਼ਾਮਲ ਸੀ, ਜਿਸ ਨੂੰ ਇਰਾਨੀ ਤੇਲ ਦੀ ਦਰਾਮਦ ਕਰਦੇ ਹੋਏ ਪਾਇਆ ਗਿਆ ਸੀ।

# ਟਰੰਪ ਵੱਲੋਂ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੂੰ ਵ੍ਹਾਈਟ ਹਾਊਸ ਆਉਣ ਦਾ ਸੱਦਾ



**ਬੀਜਿੰਗ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਆਪਣੇ ਵਫਦ ਸਮੇਤ ਚੀਨ ਦੌਰੇ 'ਤੇ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਕਿ ਉਨ੍ਹਾਂ ਦੇ ਚੀਨੀ ਹਮਰੁਤਬਾ ਸ਼ੀ ਜਿਨਪਿੰਗ 24 ਸਤੰਬਰ ਨੂੰ ਵ੍ਹਾਈਟ ਹਾਊਸ ਦਾ ਜਵਾਬੀ ਦੌਰਾ ਕਰਨਗੇ।

ਟਰੰਪ ਨੇ ਸ਼ੀ ਨਾਲ ਆਪਣੀ ਮੁਲਾਕਾਤ ਦੌਰਾਨ ਇੱਥੇ ਆਪਣੇ ਭਾਸ਼ਣ ਦੌਰਾਨ ਕਿਹਾ, "ਰਾਸ਼ਟਰਪਤੀ ਸ਼ੀ, ਇਸ ਸ਼ਾਨਦਾਰ ਸਵਾਗਤ ਲਈ ਤੁਹਾਡਾ ਦੁਬਾਰਾ ਧੰਨਵਾਦ। ਮੈਡਮ ਪੇਂਗ ਅਤੇ ਤੁਹਾਨੂੰ ਇਸ 24 ਸਤੰਬਰ ਨੂੰ ਵ੍ਹਾਈਟ ਹਾਊਸ ਆਉਣ ਦਾ ਸੱਦਾ ਦਿੰਦੇ ਹੋਏ ਮੈਨੂੰ ਮਾਣ ਮਹਿਸੂਸ ਹੋ ਰਿਹਾ ਹੈ। ਅਸੀਂ ਤੀਬਰਤਾ ਨਾਲ ਤੁਹਾਡੇ ਇਸ ਦੌਰੇ ਦੀ ਉਡੀਕ ਕਰ ਰਹੇ ਹਾਂ। ਹੁਣ ਮੈਂ ਆਪਣਾ ਗਲਾਸ ਉੱਚਾ ਕਰਕੇ ਅਮਰੀਕੀ ਅਤੇ ਚੀਨੀ ਲੋਕਾਂ ਵਿਚਕਾਰ ਅਮੀਰ ਅਤੇ ਸਥਾਈ ਸਬੰਧਾਂ ਲਈ ਇੱਕ ਟੋਸਟ ਪੇਸ਼ ਕਰਨਾ ਚਾਹੁੰਦਾ ਹਾਂ।" ਟਰੰਪ ਨੇ ਕਿਹਾ, "ਇਹ ਇੱਕ ਬਹੁਤ ਹੀ ਖਾਸ ਰਿਸ਼ਤਾ ਹੈ ਅਤੇ ਮੈਂ ਤੁਹਾਡਾ ਦੁਬਾਰਾ ਧੰਨਵਾਦ ਕਰਨਾ ਚਾਹੁੰਦਾ ਹਾਂ। ਇਹ ਸਮਾਂ ਬਹੁਤ ਸ਼ਾਨਦਾਰ ਰਿਹਾ ਹੈ।"

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਅਮਰੀਕਾ 'ਚ 10 ਹਜ਼ਾਰ ਵਿਦੇਸ਼ੀ ਵਿਦਿਆਰਥੀ ICE ਦੀ ਰਡਾਰ 'ਤੇ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ 'ਚ ਪੜ੍ਹਾਈ ਦੇ ਨਾਲ-ਨਾਲ ਕੰਮ ਕਰਨ ਦਾ ਸੁਪਨਾ ਦੇਖਣ ਵਾਲੇ ਹਜ਼ਾਰਾਂ ਵਿਦੇਸ਼ੀ ਵਿਦਿਆਰਥੀਆਂ ਲਈ ਵੱਡੀ ਮੁਸੀਬਤ ਖੜ੍ਹੀ ਹੋ ਗਈ ਹੈ। ਅਮਰੀਕੀ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ICE) ਏਜੰਸੀ ਨੇ ਖੁਲਾਸਾ ਕੀਤਾ ਹੈ ਕਿ ਉਸ ਨੇ ਲਗਭਗ 10,000 ਵਿਦੇਸ਼ੀ ਵਿਦਿਆਰਥੀਆਂ ਦੀ ਪਛਾਣ ਕੀਤੀ ਹੈ, ਜਿਨ੍ਹਾਂ 'ਤੇ ਆਪਣੇ ਵੀਜ਼ਾ ਦੇ "ਵਿਕਲਪਿਕ ਪ੍ਰੈਕਟੀਕਲ ਟ੍ਰੇਨਿੰਗ" (ਓ.ਪੀ.ਟੀ.) ਪ੍ਰਬੰਧ ਦੀ ਦੁਰਵਰਤੋਂ ਕਰਕੇ ਸ਼ੱਕੀ ਮਾਲਕਾਂ ਲਈ ਕੰਮ ਕਰਨ ਦਾ ਦੋਸ਼ ਹੈ। ਇਨ੍ਹਾਂ ਵਿਦਿਆਰਥੀਆਂ 'ਚ ਵੱਡੀ ਗਿਣਤੀ ਭਾਰਤੀਆਂ ਦੀ ਦੱਸੀ ਜਾ ਰਹੀ ਹੈ।

ਓ.ਪੀ.ਟੀ. ਵਿਦਿਆਰਥੀ ਵੀਜ਼ਾ 'ਤੇ ਅਮਰੀਕਾ ਆਉਣ ਵਾਲੇ ਵਿਦੇਸ਼ੀ ਵਿਦਿਆਰਥੀਆਂ ਨੂੰ 12 ਮਹੀਨਿਆਂ ਤੱਕ ਅਤੇ ਕੁਝ ਮਾਮਲਿਆਂ ਵਿਚ 24 ਮਹੀਨਿਆਂ ਤੱਕ ਕੰਮ ਕਰਨ ਦੀ ਆਗਿਆ ਦਿੰਦਾ ਹੈ। ਇਹ ਵਿਦਿਆਰਥੀਆਂ ਲਈ ਐੱਚ-1ਬੀ ਵੀਜ਼ਾ ਹਾਸਲ ਕਰਨ ਦਾ ਇੱਕ ਅਹਿਮ ਜ਼ਰੀਆ ਵੀ ਹੁੰਦਾ ਹੈ। ਮਤਲਬ ਇਹ ਵਿਦਿਆਰਥੀਆਂ ਨੂੰ ਮਾਲਕਾਂ ਦੁਆਰਾ ਸਪਾਂਸਰ ਕੀਤੇ ਐੱਚ-1ਬੀ ਵੀਜ਼ਾ ਵਿਚ ਬਦਲਣ ਦਾ ਮੌਕਾ ਵੀ ਦਿੰਦਾ ਹੈ।

ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ICE ਦੇ ਕਾਰਜਕਾਰੀ ਨਿਰਦੇਸ਼ਕ ਟੌਡ ਲਿਓਨਜ਼ ਨੇ ਕਿਹਾ ਕਿ ਵਿਦਿਆਰਥੀ ਵੀਜ਼ਾ ਪ੍ਰੋਗਰਾਮ ਦਾ ਓ.ਪੀ.ਟੀ. ਪ੍ਰਬੰਧ "ਧੋਖਾਧੜੀ

### ਭਾਰਤੀ ਵਿਦਿਆਰਥੀ ਵੀ ਸ਼ਾਮਲ

ਦਾ ਕੇਂਦਰ" ਬਣ ਗਿਆ ਹੈ ਅਤੇ ਗ੍ਰਹਿ ਸੁਰੱਖਿਆ ਵਿਭਾਗ ਦੁਆਰਾ ਕਈ ਜਾਂਚਾਂ ਦਾ ਵਿਸ਼ਾ ਰਿਹਾ ਹੈ। ਲਿਓਨਜ਼ ਨੇ ਕਿਹਾ, "ਸਾਨੂੰ ਜਾਸੂਸੀ, ਬਾਇਓਥ੍ਰੀਟਸ, ਬੌਧਿਕ ਸੰਪਤੀ ਚੋਰੀ, ਵੀਜ਼ਾ ਅਤੇ ਰੁਜ਼ਗਾਰ ਧੋਖਾਧੜੀ, ਅਤੇ ਇੱਥੋਂ ਤੱਕ ਕਿ ਬਜ਼ੁਰਗ ਅਮਰੀਕੀਆਂ ਨੂੰ ਨਿਸ਼ਾਨਾ ਬਣਾਉਣ ਵਾਲੇ ਘੁਟਾਲਿਆਂ ਨਾਲ ਜੁੜੇ ਮਾਮਲੇ ਮਿਲੇ ਹਨ।" ਇਨ੍ਹਾਂ ਸਾਰਿਆਂ ਵਿਚ ਅਜਿਹੇ ਲੋਕ ਸ਼ਾਮਲ ਪਾਏ ਗਏ, ਜਿਨਾਂ ਨੇ ਆਪਣੀ ਵਿਦਿਆਰਥੀ ਸਥਿਤੀ ਦੀ ਦੁਰਵਰਤੋਂ ਕੀਤੀ। ਉਨ੍ਹਾਂ ਕਿਹਾ, "ਸਾਡਾ ਦੇਸ਼ ਵਿਦੇਸ਼ੀ ਵਿਦਿਆਰਥੀ ਪ੍ਰੋਗਰਾਮ ਦੁਆਰਾ ਪੈਦਾ ਹੋਣ ਵਾਲੇ ਸੁਰੱਖਿਆ ਜੋਖਮਾਂ ਨੂੰ ਬਰਦਾਸ਼ਤ ਨਹੀਂ ਕਰੇਗਾ।" ਲਿਓਨਜ਼ ਅਤੇ ਹੋਰ ਅਧਿਕਾਰੀਆਂ ਨੇ ਕਿਹਾ ਕਿ ਸੰਘੀ ਜਾਂਚਕਰਤਾਵਾਂ ਨੇ ਵੱਖ-ਵੱਖ ਥਾਵਾਂ ਦਾ ਮੁਆਇਨਾ ਕੀਤਾ ਅਤੇ ਪਾਇਆ ਕਿ ਬਹੁਤ ਸਾਰੇ ਓ.ਪੀ.ਟੀ. ਲਾਭਪਾਤਰੀਆਂ ਨੂੰ ਭਾਰਤ 'ਚ ਬੈਠੇ ਕਰਮਚਾਰੀਆਂ ਦੁਆਰਾ "ਪ੍ਰਬੰਧਿਤ" ਕੀਤਾ ਜਾ ਰਿਹਾ ਸੀ। ਨਿਯਮਾਂ ਅਨੁਸਾਰ ਵਿਦਿਆਰਥੀਆਂ ਦੀ ਸਿਖਲਾਈ ਅਤੇ ਨਿਗਰਾਨੀ ਸਿਰਫ਼ ਅਮਰੀਕਾ ਦੇ ਅੰਦਰ ਹੀ ਹੋਣੀ ਲਾਜ਼ਮੀ ਹੈ। ਇਸ ਨਿਯਮ ਦੀ ਉਲੰਘਣਾ ਕਾਰਨ ਹੁਣ ਹਜ਼ਾਰਾਂ ਵਿਦਿਆਰਥੀਆਂ ਦੀ ਵੀਜ਼ਾ ਸਥਿਤੀ ਅਤੇ ਭਵਿੱਖ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ।

# ਅਮਰੀਕੀ ਵੀਜ਼ਾ ਪ੍ਰਣਾਲੀ 'ਚ ਵੱਡੇ ਅਤੇ ਸਖਤ ਬਦਲਾਅ !

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ 'ਚ ਰਹਿਣ ਅਤੇ ਕੰਮ ਕਰਨ ਦਾ ਸੁਪਨਾ ਦੇਖਣ ਵਾਲੇ ਭਾਰਤੀ ਪੇਸ਼ੇਵਰਾਂ, ਵਿਦਿਆਰਥੀਆਂ ਅਤੇ ਪਰਿਵਾਰਕ ਸ਼੍ਰੇਣੀ ਦੇ ਪ੍ਰਵਾਸੀਆਂ ਲਈ ਇੱਕ ਚਿੰਤਾਜਨਕ ਖ਼ਬਰ ਸਾਹਮਣੇ ਆਈ ਹੈ। ਰਿਪਬਲਿਕਨ ਸੰਸਦ ਮੈਂਬਰ ਟੌਮੀ ਟਿਊਬਰਵਿਲੇ ਵੱਲੋਂ ਪੇਸ਼ ਕੀਤੇ ਗਏ ਇੱਕ ਨਵੇਂ ਸਖ਼ਤ ਇਮੀਗ੍ਰੇਸ਼ਨ ਪ੍ਰਸਤਾਵ, ਜਿਸ ਨੂੰ 'ਏਸੀਮੀਲੇਸ਼ਨ ਐਕਟ' ਦਾ ਨਾਮ ਦਿੱਤਾ ਗਿਆ ਹੈ, ਨਾਲ ਅਮਰੀਕੀ ਵੀਜ਼ਾ ਪ੍ਰਣਾਲੀ 'ਚ ਵੱਡੇ ਅਤੇ ਸਖ਼ਤ ਬਦਲਾਅ ਹੋ ਸਕਦੇ ਹਨ।

2026 ਦੀਆਂ ਚੋਣਾਂ ਤੋਂ ਪਹਿਲਾਂ ਅਮਰੀਕਾ ਵਿਚ ਇਮੀਗ੍ਰੇਸ਼ਨ ਦਾ ਮੁੱਦਾ ਕਾਫ਼ੀ ਭਖਦਾ ਜਾ ਰਿਹਾ ਹੈ। 82 ਸਫਿਆਂ ਦੇ ਇਸ ਪ੍ਰਸਤਾਵ ਵਿਚ ਐੱਚ-1ਬੀ ਵੀਜ਼ਾ ਪ੍ਰੋਗਰਾਮ 'ਤੇ ਕਈ ਪਾਬੰਦੀਆਂ ਲਗਾਉਣ ਦੀ ਤਜਵੀਜ਼ ਹੈ, ਜਿਸ ਦਾ ਸਭ ਤੋਂ ਵੱਡਾ ਅਸਰ ਭਾਰਤੀਆਂ 'ਤੇ

### ਭਾਰਤੀ ਪੇਸ਼ੇਵਰਾਂ ਤੇ ਵਿਦਿਆਰਥੀਆਂ ਦੀ ਵਧੀ ਮੁਸੀਬਤ




ਪਵੇਗਾ। ਬਿੱਲ ਮੁਤਾਬਕ ਐੱਚ-1ਬੀ ਵੀਜ਼ਾ ਦਾ ਸਾਲਾਨਾ ਕੋਟਾ ਘਟਾ ਕੇ ਸਿਰਫ਼ 50,000 ਕਰਨ ਦੀ ਯੋਜਨਾ ਹੈ। ਕੰਪਨੀਆਂ ਨੂੰ ਵਿਦੇਸ਼ੀ ਕਾਮਿਆਂ ਨੂੰ ਸਬੰਧਤ ਕਿੱਤੇ ਦੀ ਔਸਤ ਤਨਖਾਹ ਦਾ 200 ਫੀਸਦੀ ਭੁਗਤਾਨ ਕਰਨਾ ਲਾਜ਼ਮੀ ਹੋਵੇਗਾ। ਇਹ ਵੀਜ਼ਾ ਸਿਰਫ਼ ਇੱਕ ਵਾਰ 3 ਸਾਲਾਂ ਲਈ ਦਿੱਤਾ ਜਾਵੇਗਾ ਅਤੇ ਇਸ ਨੂੰ ਮੁੜ ਤੋਂ ਰੀਨਿਊ ਜਾਂ ਐਕਸਟੈਂਡ ਨਹੀਂ ਕੀਤਾ ਜਾ ਸਕੇਗਾ। ਵੀਜ਼ਾ ਖ਼ਤਮ ਹੋਣ ਤੋਂ ਬਾਅਦ ਪੱਕੀ ਰਿਹਾਇਸ਼ (ਪੀ.ਆਰ.) ਲਈ ਅਪਲਾਈ ਕਰਨ ਤੋਂ ਪਹਿਲਾਂ ਵਿਦੇਸ਼ੀ ਕਾਮੇ ਨੂੰ ਘੱਟੋ-ਘੱਟ 2 ਸਾਲ ਅਮਰੀਕਾ ਤੋਂ ਬਾਹਰ ਰਹਿਣਾ ਪਵੇਗਾ। ਇਸ ਤੋਂ ਇਲਾਵਾ ਭਾਰਤੀ ਵਿਦਿਆਰਥੀਆਂ ਲਈ ਇਕ ਹੋਰ ਵੱਡਾ ਝਟਕਾ ਇਹ ਹੈ ਕਿ ਇਸ ਬਿੱਲ ਵਿਚ ਓਪਸ਼ਨਲ ਪ੍ਰੈਕਟੀਕਲ ਟ੍ਰੇਨਿੰਗ (ਓ.ਪੀ.ਟੀ.) ਪ੍ਰੋਗਰਾਮ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਦੀ ਗੱਲ ਕਹੀ ਗਈ ਹੈ।

ਦੱਸਣਯੋਗ ਹੈ ਕਿ ਇਸ ਪ੍ਰੋਗਰਾਮ ਤਹਿਤ ਅੰਤਰਰਾਸ਼ਟਰੀ ਵਿਦਿਆਰਥੀ ਆਪਣੀ ਪੜ੍ਹਾਈ ਤੋਂ ਬਾਅਦ ਅਮਰੀਕਾ ਵਿਚ ਕੰਮ ਕਰਨ ਦੇ ਯੋਗ ਹੁੰਦੇ ਸਨ।

ਪ੍ਰਸਤਾਵ ਅਨੁਸਾਰ ਅਮਰੀਕੀ ਨਾਗਰਿਕਤਾ ਹਾਸਲ ਕਰਨ ਲਈ ਰਿਹਾਇਸ਼ ਦੀ ਸ਼ਰਤ 5 ਸਾਲ ਤੋਂ ਵਧਾ ਕੇ 10 ਸਾਲ ਕੀਤੀ ਜਾਵੇਗੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਮੁਹਾਰਤ (ਬੀ-2 ਲੈਵਲ) ਹੋਣੀ ਲਾਜ਼ਮੀ ਹੋਵੇਗੀ। ਇਸ ਤੋਂ ਇਲਾਵਾ ਪਰਿਵਾਰ-ਆਧਾਰਿਤ ਇਮੀਗ੍ਰੇਸ਼ਨ ਵਿਚ ਸਿਰਫ਼ ਪਤੀ-ਪਤਨੀ ਅਤੇ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਹੀ ਸ਼ਾਮਲ ਕੀਤਾ ਜਾਵੇਗਾ। ਅਮਰੀਕੀ ਨਾਗਰਿਕਾਂ ਦੇ ਮਾਪਿਆਂ ਨੂੰ ਹੁਣ ਪੱਕੀ ਰਿਹਾਇਸ਼ (ਪੀ.ਆਰ.) ਨਹੀਂ ਮਿਲੇਗੀ, ਸਗੋਂ ਉਨ੍ਹਾਂ ਨੂੰ ਸਿਰਫ਼ 5 ਸਾਲਾਂ ਦਾ ਗੈਰ-ਪ੍ਰਵਾਸੀ ਵੀਜ਼ਾ ਮਿਲੇਗਾ, ਜਿਸ 'ਤੇ ਉਹ ਕੰਮ ਨਹੀਂ ਕਰ ਸਕਣਗੇ।

ਬਿੱਲ ਵਿਚ ਡਾਇਵਰਸਿਟੀ ਵੀਜ਼ਾ ਲਾਟਰੀ ਪ੍ਰਣਾਲੀ ਨੂੰ ਖ਼ਤਮ ਕਰਨ, ਅਸਾਇਲਮ (ਸ਼ਰਨ) ਲਈ 500 ਡਾਲਰ ਫੀਸ ਲਗਾਉਣ ਅਤੇ ਨੌਕਰੀਆਂ ਲਈ ਦੇਸ਼ ਭਰ ਵਿਚ ਈ-ਵੈਰੀਵਾਫੀ ਨੂੰ ਲਾਜ਼ਮੀ ਕਰਨ ਦੀ ਤਜਵੀਜ਼ ਹੈ। ਸਾਂਸਦ ਟਿਊਬਰਵਿਲੇ ਅਨੁਸਾਰ ਅਮਰੀਕਾ ਆਉਣਾ ਇੱਕ ਵਿਸ਼ੇਸ਼ ਅਧਿਕਾਰ ਹੈ, ਨਾ ਕਿ ਇਕ ਅਧਿਕਾਰ। ਇਸ ਲਈ ਉਨ੍ਹਾਂ ਲੋਕਾਂ ਦੀ ਦੇਸ਼ ਵਿਚ ਕੋਈ ਲੋੜ ਨਹੀਂ, ਜੋ ਇਸ ਦੇ ਸੱਭਿਆਚਾਰ ਵਿਚ ਨਹੀਂ ਰਲਣਾ ਚਾਹੁੰਦੇ।

# ਅਮਰੀਕਾ 'ਚ ਸਾਲਾਨਾ ਥੋਕ ਮਹਿੰਗਾਈ 6 ਪ੍ਰਤੀਸ਼ਤ ਤੱਕ ਪਹੁੰਚੀ

**ਵਾਸ਼ਿੰਗਟਨ, (ਪੰਜਾਬ ਮੇਲ)**- ਟਰੰਪ ਪ੍ਰਸ਼ਾਸਨ ਦੇ ਆਮ ਤੌਰ 'ਤੇ ਉਤਸ਼ਾਹਜਨਕ ਲਹਿਜੇ ਤੋਂ ਹਟ ਕੇ, ਅਮਰੀਕੀ ਉਪ-ਰਾਸ਼ਟਰਪਤੀ ਜੇਡੀ ਵੈਂਸ ਨੇ ਸਵੀਕਾਰ ਕੀਤਾ ਕਿ ਅਪ੍ਰੈਲ ਮਹੀਨੇ ਵਿਚ ਉਪਭੋਗਤਾ ਮਹਿੰਗਾਈ ਦੀ ਦਰ "ਬਹੁਤ ਚੰਗੀ" ਨਹੀਂ ਰਹੀ। ਅਪ੍ਰੈਲ ਵਿਚ ਅਮਰੀਕਾ ਦੀ ਸਾਲਾਨਾ ਉਪਭੋਗਤਾ ਮਹਿੰਗਾਈ ਦਰ 3.8 ਪ੍ਰਤੀਸ਼ਤ। ਦਰਜ ਕੀਤੀ ਗਈ, ਜੋ ਕਿ ਪਿਛਲੇ ਤਿੰਨ ਸਾਲਾਂ ਦਾ ਉੱਚਤਮ ਪੱਧਰ ਹੈ। ਇਸ ਵਾਧੇ ਦਾ ਮੁੱਖ ਕਾਰਨ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਈਰਾਨ ਨਾਲ ਜੰਗ ਕਾਰਨ ਊਰਜਾ (ਤੇਲ ਅਤੇ ਗੈਸ) ਦੀਆਂ ਕੀਮਤਾਂ ਵਿਚ ਹੋਇਆ ਵਾਧਾ ਹੈ।

ਸਰਕਾਰ ਨੇ ਦੱਸਿਆ ਕਿ ਸਾਲਾਨਾ ਥੋਕ ਮਹਿੰਗਾਈ 6 ਪ੍ਰਤੀਸ਼ਤ ਤੱਕ ਪਹੁੰਚ ਗਈ ਹੈ, ਜੋ ਦਸੰਬਰ 2022 ਤੋਂ ਬਾਅਦ ਸਭ ਤੋਂ ਉੱਚੀ ਹੈ। ਮਾਹਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਤੇਲ ਦੀਆਂ ਵਧਦੀਆਂ ਕੀਮਤਾਂ ਦਾ ਅਸਰ ਹੁਣ ਹੋਰ ਚੀਜ਼ਾਂ 'ਤੇ ਵੀ ਪੈਣਾ ਸ਼ੁਰੂ ਹੋ ਗਿਆ ਹੈ। ਵ੍ਹਾਈਟ ਹਾਊਸ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵੈਂਸ ਨੇ ਕਿਹਾ, "ਹਾਂ, ਪਿਛਲੇ ਮਹੀਨੇ ਮਹਿੰਗਾਈ ਦੇ ਅੰਕੜੇ ਚੰਗੇ ਨਹੀਂ ਸਨ। ਅਸੀਂ ਜਾਣਦੇ ਹਾਂ ਕਿ ਅਮਰੀਕੀ ਲੋਕਾਂ ਨੂੰ ਉਹ ਖੁਸ਼ਹਾਲੀ ਦੇਣ ਲਈ ਸਾਨੂੰ ਅਜੇ ਬਹੁਤ ਕੰਮ ਕਰਨ ਦੀ ਲੋੜ ਹੈ, ਜਿਸ ਦੇ ਉਹ ਹੱਕਦਾਰ ਹਨ।" ਵੈਂਸ ਨੇ ਕਿਹਾ ਕਿ ਰਾਸ਼ਟਰਪਤੀ ਟਰੰਪ ਇਸ ਮੁੱਦੇ ਪ੍ਰਤੀ "ਬਹੁਤ ਗੰਭੀਰ" ਹਨ। ਹਾਲਾਂਕਿ, ਇਸ ਤੋਂ ਇੱਕ ਦਿਨ ਪਹਿਲਾਂ ਟਰੰਪ ਨੇ ਦਾਅਵਾ ਕੀਤਾ ਸੀ ਕਿ ਉੱਚੀ ਮਹਿੰਗਾਈ ਸਿਰਫ "ਥੋੜ੍ਹੇ ਸਮੇਂ ਲਈ" ਹੈ। ਜਦੋਂ ਇੱਕ ਪੱਤਰਕਾਰ ਨੇ ਪੁੱਛਿਆ ਕਿ ਕੀ ਅਮਰੀਕੀਆਂ ਦੀ ਵਿੱਤੀ ਸਥਿਤੀ ਉਨ੍ਹਾਂ ਨੂੰ ਈਰਾਨ ਨਾਲ ਸ਼ਾਂਤੀ ਸਮਝੌਤਾ ਕਰਨ ਲਈ ਪ੍ਰੇਰਿਤ ਕਰ ਰਹੀ ਹੈ, ਤਾਂ ਟਰੰਪ ਨੇ ਸਖ਼ਤ ਜਵਾਬ ਦਿੱਤਾ। ਉਨ੍ਹਾਂ ਕਿਹਾ, "ਬਿਲਕੁਲ ਵੀ ਨਹੀਂ। ਜਦੋਂ ਮੈਂ ਈਰਾਨ ਬਾਰੇ ਗੱਲ ਕਰਦਾ ਹਾਂ, ਤਾਂ ਸਿਰਫ ਇੱਕ ਹੀ ਗੱਲ ਮਾਇਨੇ ਰੱਖਦੀ ਹੈ: ਉਨ੍ਹਾਂ ਕੋਲ ਪ੍ਰਮਾਣੂ ਹਥਿਆਰ ਨਹੀਂ ਹੋ ਸਕਦੇ।"

# ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਭਾਰਤ ਦੇ ਦੌਰੇ ’ਤੇ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ 23 ਮਈ ਤੋਂ 26 ਮਈ ਤੱਕ ਭਾਰਤ ਦੇ ਦੌਰੇ ’ਤੇ ਰਹਿਣਗੇ। ਇਸ ਦੌਰਾਨ ਉਹ ਕੋਲਕਾਤਾ, ਆਗਰਾ, ਜੈਪੁਰ ਅਤੇ ਨਵੀਂ ਦਿੱਲੀ ਦਾ ਦੌਰਾ ਕਰਨਗੇ।



ਇਸ ਦੌਰੇ ਦੌਰਾਨ ਰੂਬਿਓ ਭਾਰਤ ਦੇ ਸੀਨੀਅਰ ਅਧਿਕਾਰੀਆਂ ਨਾਲ ਕਈ ਮਹੱਤਵਪੂਰਨ ਮਸਲਿਆਂ ’ਤੇ ਗੱਲਬਾਤ ਕਰਨਗੇ, ਜਿਨ੍ਹਾਂ ਵਿਚ ਊਰਜਾ ਸੁਰੱਖਿਆ, ਵਪਾਰਕ ਸਬੰਧ ਅਤੇ ਰੱਖਿਆ ਸਹਿਯੋਗ ਮੁੱਖ ਰਹਿਣਗੇ। ਦੋਵਾਂ ਦੇਸ਼ਾਂ ਵਿਚਕਾਰ ਇੰਡੋ-ਪੈਸਿਫਿਕ ਖੇਤਰ ਦੀ ਸੁਰੱਖਿਆ, ਚੀਨ ਨਾਲ ਜੁੜੀਆਂ ਰਣਨੀਤਿਕ ਚੁਣੌਤੀਆਂ ਅਤੇ ਆਰਥਿਕ ਭਾਈਚਾਰੇ ਨੂੰ ਹੋਰ ਮਜ਼ਬੂਤ ਕਰਨ ’ਤੇ ਵੀ ਚਰਚਾ ਹੋਣ ਦੀ ਸੰਭਾਵਨਾ ਹੈ।

ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਦਾ ਭਾਰਤ ਦੌਰਾ ਹੁਣ ਕਾਫ਼ੀ ਅਹਿਮ ਮੰਨਿਆ ਜਾ ਰਿਹਾ ਹੈ ਕਿਉਂਕਿ ਇਸ ਦੌਰਾਨ ਭਾਰਤ ਅਤੇ ਅਮਰੀਕਾ ਵਿਚਕਾਰ ਰੱਖਿਆ, ਵਪਾਰ, ਟੈਕਨੋਲੋਜੀ ਅਤੇ ਇੰਡੋ-ਪੈਸਿਫਿਕ ਸੁਰੱਖਿਆ ਵਰਗੇ ਮਸਲਿਆਂ ’ਤੇ ਵੱਡੇ ਪੱਧਰ ’ਤੇ ਗੱਲਬਾਤ ਹੋਣ ਦੀ ਸੰਭਾਵਨਾ ਹੈ। ਖ਼ਾਸ ਕਰਕੇ ਰੱਖਿਆ ਸੌਦਿਆਂ, ਟੈਕਨੋਲੋਜੀ ਸਾਂਝ ਅਤੇ ਸਾਫ਼ ਊਰਜਾ ਪ੍ਰੋਜੈਕਟਾਂ ਵਿਚ ਦੋਵਾਂ ਦੇਸ਼ਾਂ ਦੀ ਭਾਗੀਦਾਰੀ ਨੂੰ ਲੈ ਕੇ ਵੀ ਅਹਿਮ ਵਿਚਾਰ-ਵਟਾਂਦਰਾ ਹੋ ਸਕਦਾ ਹੈ। ਮੰਨਿਆ ਜਾ ਰਿਹਾ ਹੈ ਕਿ ਇਸ ਦੌਰੇ ਦੌਰਾਨ ਦੋਵੇਂ ਦੇਸ਼ ਕ੍ਰਿਟੀਕਲ ਮਿਨਰਲਜ਼, ਸਾਫ਼ ਊਰਜਾ, ਏ.ਆਈ. ਟੈਕਨੋਲੋਜੀ ਅਤੇ ਰੱਖਿਆ ਖੇਤਰ ਵਿਚ ਨਵੇਂ ਸਮਝੌਤਿਆਂ ਨੂੰ ਵੀ ਅੱਗੇ ਵਧਾ ਸਕਦੇ ਹਨ। ਭਾਰਤ ਵੱਲੋਂ ਅਮਰੀਕਾ ਵਿਚ ਵੱਡੇ ਨਿਵੇਸ਼ ਅਤੇ ਵਪਾਰਕ ਸਾਂਝ ਨੂੰ ਲੈ ਕੇ ਵੀ ਚਰਚਾ ਹੋ ਸਕਦੀ ਹੈ।

ਸੂਤਰਾਂ ਮੁਤਾਬਕ ਰੂਬਿਓ ਦੀ ਮੁਲਾਕਾਤ ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨਾਲ ਤੈਅ ਮੰਨੀ ਜਾ ਰਹੀ ਹੈ। ਇਸ ਤੋਂ ਇਲਾਵਾ ਕਈ ਰਿਪੋਰਟਾਂ ਵਿਚ ਇਹ ਵੀ ਕਿਹਾ ਗਿਆ ਹੈ ਕਿ ਉਹ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਵੀ ਮੁਲਾਕਾਤ ਕਰ ਸਕਦੇ ਹਨ, ਹਾਲਾਂਕਿ ਇਸ ਦੀ ਅਧਿਕਾਰਿਕ ਪੁਸ਼ਟੀ ਅਜੇ ਤੱਕ ਨਹੀਂ ਹੋਈ।

ਇਸ ਦੌਰੇ ਦੀ ਇੱਕ ਹੋਰ ਵੱਡੀ ਖ਼ਾਸ ਗੱਲ ਕਵਾਡ ਮੀਟਿੰਗ ਹੋਵੇਗੀ, ਜਿਸ ਵਿਚ ਅਮਰੀਕਾ, ਭਾਰਤ, ਜਪਾਨ ਅਤੇ ਆਸਟ੍ਰੇਲੀਆ ਦੇ ਉੱਚ ਅਧਿਕਾਰੀ ਸ਼ਾਮਲ ਹੋਣਗੇ। ਇਸ ਮੀਟਿੰਗ ਵਿਚ ਚੀਨ ਦੇ ਵਧਦੇ ਪ੍ਰਭਾਵ, ਸਮੁੰਦਰੀ ਸੁਰੱਖਿਆ, ਸਪਲਾਈ ਚੇਨ ਅਤੇ ਡਿਫੈਂਸ ਕੋਆਪਰੇਸ਼ਨ ’ਤੇ ਵਿਚਾਰ ਕੀਤਾ ਜਾਵੇਗਾ।

ਭਾਰਤ-ਅਮਰੀਕਾ ਚੀਨ ਦੇ ਪ੍ਰਭਾਵ ਨੂੰ ਸੰਤੁਲਿਤ ਕਰਨ ਲਈ ਇਕੱਠੇ ਕੰਮ ਕਰ ਰਹੇ ਹਨ।

# ਗਰੀਨ ਕਾਰਡ ਦੀ ਉਡੀਕ ਕਰ ਰਹੇ ਭਾਰਤੀ ਪੇਸ਼ੇਵਰਾਂ ਨੂੰ ਝਟਕਾ

**ਵਾਸ਼ਿੰਗਟਨ, (ਪੰਜਾਬ ਮੇਲ)-** ਭਾਰਤੀ ਗ੍ਰੀਨ ਕਾਰਡ ਅਰਜ਼ੀਕਾਰਾਂ ਲਈ ਜੂਨ 2026 ਦਾ ਵੀਜ਼ਾ ਬੁਲੇਟਿਨ ਵੱਡਾ ਝਟਕਾ ਲੈ ਕੇ ਆਇਆ ਹੈ। ਖਾਸ ਕਰਕੇ Employment-Based (ਈ.ਬੀ.) ਕੈਟਾਗਰੀਆਂ ’ਚ ਇੰਤਜ਼ਾਰ ਹੋਰ ਲੰਮਾ ਹੋ ਗਿਆ ਹੈ, ਕਿਉਂਕਿ ਅਮਰੀਕੀ ਸਟੇਟ ਡਿਪਾਰਟਮੈਂਟ ਨੇ ਈ.ਬੀ.-1 ਅਤੇ ਈ.ਬੀ.-2 ਕੈਟਾਗਰੀ ਵਿਚ “**retrogression**” ਦਾ ਐਲਾਨ ਕੀਤਾ ਹੈ।

ਅਮਰੀਕੀ ਸਰਕਾਰ ਦੇ ਅਨੁਸਾਰ ਭਾਰਤ ਤੋਂ ਆਉਣ ਵਾਲੀਆਂ ਅਰਜ਼ੀਆਂ ਦੀ ਗਿਣਤੀ ਬਹੁਤ ਵੱਧ ਗਈ ਹੈ ਅਤੇ ਵਿੱਤੀ ਸਾਲ 2026 ਦੇ ਵੀਜ਼ਾ ਲਿਮਟ ਨੂੰ ਕਾਬੂ ਵਿਚ ਰੱਖਣ ਲਈ ਫਾਈਨਲ ਐਕਸ਼ਨ ਡੇਟਸ ਨੂੰ ਪਿੱਛੇ ਧੱਕਣਾ ਪਿਆ। ਜੂਨ 2026 ਵੀਜ਼ਾ ਬੁਲੇਟਿਨ ਮੁਤਾਬਕ

## ■ ਈ.ਬੀ. ਕੈਟਾਗਰੀ ’ਚ ਫਾਈਨਲ ਐਕਸ਼ਨ ਡੇਟਸ ਨੂੰ ਪਿਛਾਂਹ ਕੀਤਾ

ਈ.ਬੀ.-1 ਭਾਰਤ ਦੀ ਫਾਈਨਲ ਐਕਸ਼ਨ ਡੇਟ ਹੁਣ 15 ਦਸੰਬਰ 2022 ਹੋ ਗਈ ਹੈ, ਜੋ ਪਹਿਲਾਂ ਅਪ੍ਰੈਲ 2023 ਦੇ ਨੇੜੇ ਸੀ। ਈ.ਬੀ.-2 ਭਾਰਤ ਦੀ ਫਾਈਨਲ ਐਕਸ਼ਨ ਡੇਟ ਵੱਡੀ ਤਰ੍ਹਾਂ ਪਿੱਛੇ ਜਾ ਕੇ 1 ਸਤੰਬਰ 2013 ਹੋ ਗਈ ਹੈ। ਈ.ਬੀ.-3 ਭਾਰਤ ਵਿਚ ਹਲਕੀ ਜਿਹੀ ਤਰੱਕੀ ਹੋਈ ਹੈ ਅਤੇ ਕੱਟਆਫ ਡੇਟ 15 ਦਸੰਬਰ 2013 ਤੱਕ ਪਹੁੰਚੀ ਹੈ। ਇਸ ਦਾ ਸਿੱਧਾ ਅਸਰ ਹਜ਼ਾਰਾਂ ਭਾਰਤੀ ਐੱਚ-1ਬੀ ਵਰਕਰਾਂ ਅਤੇ ਆਈ.ਟੀ. ਪ੍ਰੋਫੈਸ਼ਨਲਜ਼ ’ਤੇ ਪਵੇਗਾ, ਜੋ ਸਾਲਾਂ ਤੋਂ ਗਰੀਨ ਕਾਰਡ ਦੀ ਉਡੀਕ ਕਰ ਰਹੇ ਹਨ। ਇਮੀਗ੍ਰੇਸ਼ਨ ਮਾਹਰਾਂ ਦਾ ਕਹਿਣਾ ਹੈ ਕਿ ਅਗਲੇ ਕੁਝ ਮਹੀਨਿਆਂ ਵਿਚ ਹੋਰ **retrogression** ਜਾਂ ਵੀਜ਼ਾ ਕੈਟਾਗਰੀ “unavailable” ਹੋਣ ਦੀ ਸੰਭਾਵਨਾ ਵੀ ਬਣ ਸਕਦੀ ਹੈ, ਜੇ ਸਾਲਾਨਾ ਕੋਟਾ ਜਲਦੀ ਖਤਮ ਹੋ ਗਿਆ। ਇੱਕ ਹੋਰ ਮਹੱਤਵਪੂਰਨ ਗੱਲ ਇਹ ਹੈ ਕਿ ਯੂ.ਐੱਸ.ਸੀ.ਆਈ.ਐੱਸ. ਹਾਲੇ ਵੀ ਰੁਜ਼ਗਾਰ-ਆਧਾਰਿਤ ਅਰਜ਼ੀਕਾਰਾਂ ਲਈ “ਫਾਈਨਲ ਐਕਸ਼ਨ ਡੇਟਸ” ਚਾਰਟ ਹੀ ਵਰਤ ਰਹੀ ਹੈ। ਇਸ ਕਰਕੇ ਕਈ ਅਰਜ਼ੀਕਾਰ ਜੋ ਪਹਿਲਾਂ ਆਈ-485 ਫਾਈਲ ਕਰਨ ਦੇ ਯੋਗ ਸਨ, ਹੁਣ ਮੁੜ ਉਡੀਕ ਸੂਚੀ ਵਿਚ ਚਲੇ ਗਏ ਹਨ। ਇਮੀਗ੍ਰੇਸ਼ਨ ਮਾਹਿਰ ਮੰਨਦੇ ਹਨ ਕਿ ਭਾਰਤੀ ਬਿਨੈਕਾਰ ਲਈ ਬੈਕਲਾਗ ਹੁਣ ਕਈ ਸਾਲ ਹੋਰ ਲੰਬਾ ਹੋ ਸਕਦਾ ਹੈ।

# ਬੋਸਟਨ ਲੋਗਨ ਏਅਰਪੋਰਟ ’ਤੇ ਅਮਰੀਕਾ ਦਾ ਪਹਿਲਾ “ਰਿਮੋਟ ਟਰਮੀਨਲ” ਸ਼ੁਰੂ

**ਬੋਸਟਨ, (ਪੰਜਾਬ ਮੇਲ)-** ਬੋਸਟਨ ਲੋਗਨ ਅੰਤਰਰਾਸ਼ਟਰੀ ਹਵਾਈ ਅੱਡਾ ’ਤੇ ਅਮਰੀਕਾ ਦਾ ਪਹਿਲਾ “ਰਿਮੋਟ ਏਅਰਪੋਰਟ ਟਰਮੀਨਲ” ਸ਼ੁਰੂ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ, ਜਿਸ ਨਾਲ ਯਾਤਰੀਆਂ ਨੂੰ ਹਵਾਈ ਅੱਡੇ ਦੀਆਂ ਲੰਬੀਆਂ ਸੁਰੱਖਿਆ ਲਾਈਨਾਂ ਤੋਂ ਵੱਡੀ ਰਾਹਤ ਮਿਲ ਸਕਦੀ ਹੈ। ਇਹ ਨਵਾਂ ਪਾਇਲਟ ਪ੍ਰੋਗਰਾਮ 1 ਜੂਨ 2026 ਤੋਂ ਸ਼ੁਰੂ ਹੋਵੇਗਾ ਅਤੇ ਇਸਨੂੰ “ਸਟਰੇਟ ਟੂ ਗੇਟ” ਨਾਮ ਦਿੱਤਾ ਗਿਆ ਹੈ। ਇਸ ਪ੍ਰੋਜੈਕਟ ਤਹਿਤ ਯਾਤਰੀ ਹਵਾਈ ਅੱਡੇ ਤੋਂ ਲਗਭਗ 25 ਮੀਲ ਦੂਰ ਸਥਿਤ ਫਰੇਮਿੰਘਮ ਲੋਗਨ ਐਕਸਪ੍ਰੈੱਸ ਟਰਮੀਨਲ ’ਤੇ ਹੀ ਆਪਣੀ ਟੀ.ਐੱਸ.ਏ. ਸੁਰੱਖਿਆ ਜਾਂਚ, ਸਾਮਾਨ ਚੈੱਕ-ਇਨ ਅਤੇ ਬੋਰਡਿੰਗ ਪ੍ਰਕਿਰਿਆ ਪੂਰੀ ਕਰ ਸਕਣਗੇ। ਇਸ ਤੋਂ ਬਾਅਦ ਉਨ੍ਹਾਂ ਨੂੰ ਖਾਸ ਸੁਰੱਖਿਅਤ ਲੋਕਲ ਬੱਸ ਰਾਹੀਂ ਸਿੱਧਾ ਏਅਰਪੋਰਟ ਦੇ ਸੁਰੱਖਿਅਤ ਖੇਤਰ ਵਿਚ ਉਨ੍ਹਾਂ ਦੇ ਗੇਟ ਕੋਲ ਪਹੁੰਚਾਇਆ ਜਾਵੇਗਾ।

ਇਸ ਯੋਜਨਾ ਨੂੰ ਮਾਸਪੋਰਟ ਵੱਲੋਂ ਸ਼ੁਰੂ ਕੀਤਾ ਜਾ ਰਿਹਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਨਾਲ ਲੋਗਨ ਏਅਰਪੋਰਟ ’ਤੇ ਵੱਧ ਰਹੀਆਂ ਸਕਿਓਰਿਟੀ ਲਾਈਨਜ਼ ਅਤੇ ਆਵਾਜਾਈ ਭੀੜ ਨੂੰ ਘਟਾਉਣ ਵਿਚ ਮਦਦ ਮਿਲੇਗੀ। ਖਾਸ ਤੌਰ ’ਤੇ ਸਵੇਰੇ ਦੇ ਭੀੜ-ਭੜੱਕੇ ਵਾਲੇ ਘੰਟੇ ਦੌਰਾਨ ਯਾਤਰੀਆਂ ਨੂੰ ਵੱਡੀ ਸਹੂਲਤ ਮਿਲਣ ਦੀ ਉਮੀਦ ਹੈ।

ਸ਼ੁਰੂਆਤੀ ਪੜਾਅ ਵਿਚ ਇਹ ਸੇਵਾ ਸਿਰਫ਼ ਡੈਲਟਾ ਏਅਰ ਲਾਈਨਜ਼ ਅਤੇ ਜੈੱਟਬਲੂ ਦੀਆਂ ਕੁਝ ਚੁਣਿੰਦਾ ਉਡਾਣਾਂ ਲਈ ਉਪਲਬਧ ਹੋਵੇਗੀ। ਹਰ ਸੁਰੱਖਿਅਤ ਬੱਸ ਵਿਚ ਲਗਭਗ 55 ਯਾਤਰੀ ਸਫ਼ਰ ਕਰ ਸਕਣਗੇ ਅਤੇ ਇਹ ਸੇਵਾ ਸਵੇਰੇ 4 ਵਜੇ ਤੋਂ ਦੁਪਹਿਰ 1 ਵਜੇ ਤੱਕ ਚਲਾਈ ਜਾਵੇਗੀ। ਮਾਹਿਰਾਂ ਮੁਤਾਬਕ ਜੇ ਇਹ ਪ੍ਰੋਗਰਾਮ ਸਫਲ ਰਹਿੰਦਾ ਹੈ, ਤਾਂ ਭਵਿੱਖ ਵਿਚ ਅਮਰੀਕਾ ਦੇ ਹੋਰ ਵੱਡੇ ਹਵਾਈ ਅੱਡਿਆਂ ’ਤੇ ਵੀ ਇਸ ਤਰ੍ਹਾਂ ਦੇ ਰਿਮੋਟ ਟਰਮੀਨਲ ਬਣਾਏ ਜਾ ਸਕਦੇ ਹਨ। ਯਾਤਰੀਆਂ ਲਈ ਇਹ ਮਾਡਲ ਸਮਾਂ ਬਚਾਉਣ ਅਤੇ ਯਾਤਰਾ ਨੂੰ ਹੋਰ ਆਸਾਨ ਬਣਾਉਣ ਵੱਲ ਇਕ ਵੱਡਾ ਕਦਮ ਮੰਨਿਆ ਜਾ ਰਿਹਾ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com**




# ਸਰਬੱਤ ਦਾ ਭਲਾ ਟਰੱਸਟ ਵੱਲੋਂ ਜੀ.ਐੱਨ.ਡੀ.ਯੂ. ਵਿਖੇ "ਸਨੀ ਓਬਰਾਏ ਕਲੀਨਿਕਲ ਲੈਬ ਅਤੇ ਡਾਇਗਨੌਸਟਿਕ ਸੈਂਟਰ" ਦੀ ਸ਼ੁਰੂਆਤ



**ਅੰਮ੍ਰਿਤਸਰ, (ਪੰਜਾਬ ਮੇਲ)-** ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ "ਸਨੀ ਓਬਰਾਏ ਕਲੀਨਿਕਲ ਲੈਬ ਅਤੇ ਡਾਇਗਨੌਸਟਿਕ ਸੈਂਟਰ" ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਕੇਂਦਰ ਦਾ ਉਦਘਾਟਨ ਜੀ.ਐੱਨ.ਡੀ.ਯੂ. ਦੇ ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਅਤੇ ਵਿਵੇਕ ਸਦਨ/ਫਿਊਚਰਿਸਟਿਕ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਡਾ: ਸਰਬਜਿੰਦਰ ਸਿੰਘ ਵੱਲੋਂ ਪ੍ਰੋ. ਡਾ. ਐੱਸ.ਪੀ. ਸਿੰਘ ਓਬਰਾਏ ਦੀ ਹਾਜ਼ਰੀ ਵਿਚ ਕੀਤਾ ਗਿਆ।



*ਡਾ. ਐੱਸ.ਪੀ. ਸਿੰਘ ਓਬਰਾਏ।*

ਇਹ ਘੱਟ ਖਰਚ ਵਾਲੀ ਡਾਇਗਨੋਸਟਿਕ ਸੁਵਿਧਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਦੀ ਯਾਦ ਵਿਚ ਸਥਾਪਿਤ ਕੀਤੀ ਗਈ ਹੈ। ਇਸ ਸੈਂਟਰ ਰਾਹੀਂ ਯੂਨੀਵਰਸਿਟੀ ਦੇ ਕਰੀਬ 15 ਹਜ਼ਾਰ ਵਿਦਿਆਰਥੀਆਂ, ਫੈਕਲਟੀ ਮੈਂਬਰਾਂ, ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸਸਤੀ ਅਤੇ ਸੁਵਿਧਾਜਨਕ ਸਿਹਤ ਸੇਵਾਵਾਂ ਮਿਲਣਗੀਆਂ, ਜਿਸ ਨਾਲ ਵੱਡੀ ਰਾਹਤ ਦੀ ਉਮੀਦ ਜਤਾਈ ਜਾ ਰਹੀ ਹੈ।

ਇਸ ਮੌਕੇ ਐੱਸ.ਡੀ.ਬੀ.ਸੀ.ਟੀ. ਦੇ ਸਟੇਟ ਪ੍ਰਧਾਨ ਡਾ. ਗਿੱਲ, ਜ਼ਿਲ੍ਹਾ ਪ੍ਰਧਾਨ, ਟਰੱਸਟ ਮੈਂਬਰ ਅਤੇ ਯੂਨੀਵਰਸਿਟੀ ਦੇ ਪ੍ਰੋਫੈਸਰ ਵੀ ਹਾਜ਼ਰ ਸਨ।

# ਸੁਰਜੀਤ ਸਿੰਘ ਰੱਖੜਾ 'ਆਪ' 'ਚ ਹੋਏ ਸ਼ਾਮਲ

**■ ਮੁੱਖ ਮੰਤਰੀ ਨੇ ਪਾਰਟੀ 'ਚ ਕਰਵਾਇਆ ਸ਼ਾਮਲ**




**ਪਟਿਆਲਾ, (ਪੰਜਾਬ ਮੇਲ)-** ਸੁਰਜੀਤ ਸਿੰਘ ਰੱਖੜਾ 'ਆਪ' ਵਿਚ ਸ਼ਾਮਲ ਹੋ ਗਏ ਹਨ। ਉਨ੍ਹਾਂ ਨੂੰ ਮੁੱਖ ਮੰਤਰੀ ਭਗਵੰਤ ਮਾਨ ਨੇ ਪਾਰਟੀ ਵਿਚ ਸ਼ਾਮਲ ਕਰਵਾਇਆ। ਇਸ ਤੋਂ ਪਹਿਲਾਂ ਜਲੰਧਰ ਵਿਚ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਦੌਰਾਨ ਸੁਰਜੀਤ ਸਿੰਘ ਰੱਖੜਾ ਨੂੰ ਪਾਰਟੀ ਵਿਚੋਂ ਬਾਹਰ ਕੱਢਣ ਦਾ ਫੈਸਲਾ ਲਿਆ ਗਿਆ ਸੀ।

ਅਕਾਲੀ ਦਲ (ਪੁਨਰ ਸੁਰਜੀਤ) ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਦੱਸਿਆ ਸੀ ਕਿ ਸੁਰਜੀਤ ਸਿੰਘ ਰੱਖੜਾ ਪਾਰਟੀ ਦੀ ਕੋਰ ਕਮੇਟੀ ਅਤੇ ਸਿਆਸੀ ਮਾਮਲਿਆਂ ਦੀ ਕਮੇਟੀ ਦੇ ਇੱਕ ਸਰਗਰਮ ਮੈਂਬਰ ਸਨ ਪਰ ਉਨ੍ਹਾਂ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਵਿਚ ਸ਼ਾਮਲ ਹੋਣ ਦੇ ਕਾਰਨ ਪਾਰਟੀ ਵਿਚੋਂ ਬਾਹਰ ਦਾ ਰਸਤਾ ਦਿਖਾਇਆ ਗਿਆ ਹੈ। ਇਸ ਤੋਂ ਬਾਅਦ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਅਕਾਲੀ ਦਲ (ਪੁਨਰ ਸੁਰਜੀਤ) ਕੋਲ ਉਨ੍ਹਾਂ ਨੂੰ ਪਾਰਟੀ ਵਿਚੋਂ ਕੱਢਣ ਦਾ ਪੂਰਾ ਹੱਕ ਹੈ ਕਿਉਂਕਿ ਉਨ੍ਹਾਂ ਨੇ ਪਹਿਲਾਂ ਹੀ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੂੰ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਦੀ ਆਪਣੀ ਇੱਛਾ ਬਾਰੇ ਦੱਸ ਦਿੱਤਾ ਸੀ।

ਜ਼ਿਕਰਯੋਗ ਹੈ ਕਿ ਸੁਰਜੀਤ ਰੱਖੜਾ ਕਾਫੀ ਸਮੇਂ ਤੋਂ ਰਾਜਨੀਤਿਕ ਖੇਤਰ 'ਚ ਸਰਗਰਮ ਹਨ। ਉਹ ਸ਼ੁਰੂ 'ਚ ਇਸੇ ਇਲਾਕੇ ਨਾਲ ਸਬੰਧਤ ਗੁਰਚਰਨ ਸਿੰਘ ਟੌਹੜਾ ਨਾਲ ਜੁੜੇ ਹੋਏ ਸਨ ਪਰ 1999 'ਚ ਅਕਾਲੀ ਦਲ ਦੀ ਧੜੇਬੰਦੀ ਦੌਰਾਨ ਬਾਦਲ ਧੜੇ ਨੇ ਸੁਰਜੀਤ ਸਿੰਘ ਰੱਖੜਾ ਨੂੰ ਆਪਣੇ ਨਾਲ ਜੋੜਦਿਆਂ ਪਟਿਆਲਾ ਤੋਂ ਲੋਕ ਸਭਾ ਦੀ ਚੋਣ ਲੜਾਈ ਸੀ। ਇਸ ਤੋਂ ਬਾਅਦ 2002 'ਚ ਸੁਰਜੀਤ ਸਿੰਘ ਰੱਖੜਾ ਸਮਾਣਾ ਹਲਕੇ ਤੋਂ ਬਾਦਲ ਦਲ ਤੋਂ ਵਿਧਾਇਕ ਬਣੇ, ਪਰ 2007 'ਚ ਹਾਰ ਗਏ ਤੇ 2012 'ਚ ਮੁੜ ਸਮਾਣਾ ਤੋਂ ਹੀ ਵਿਧਾਇਕ ਬਣ ਕੇ ਬਾਦਲ ਸਰਕਾਰ 'ਚ ਪੰਚਾਇਤ ਮੰਤਰੀ ਵੀ ਬਣੇ ਪਰ ਇਸ ਤੋਂ ਬਾਅਦ ਉਹ 2017 ਅਤੇ 2022 ਦੀਆਂ ਚੋਣਾਂ ਵੀ ਹਾਰ ਗਏ। ਪਿਛਲੀਆਂ ਅਕਾਲੀ ਸਰਕਾਰਾਂ ਦੌਰਾਨ ਸੁਰਜੀਤ ਸਿੰਘ ਰੱਖੜਾ ਨੇ ਮਾਲ ਅਤੇ ਮੁੜ ਵਸੇਬਾ ਵਿਭਾਗ ਵਰਗੇ ਅਹਿਮ ਮੰਤਰਾਲਿਆਂ ਦੀ ਜ਼ਿੰਮੇਵਾਰੀ ਸੰਭਾਲੀ ਸੀ। ਉਨ੍ਹਾਂ ਨੂੰ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਬੇਹੱਦ ਨਜ਼ਦੀਕੀ ਅਤੇ ਭਰੋਸੇਮੰਦ ਸਾਥੀਆਂ ਵਿਚ ਗਿਣਿਆ ਜਾਂਦਾ ਸੀ।

ਸਮਾਂ ਬੀਤਣ ਨਾਲ, ਖਾਸ ਕਰਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਮਤਭੇਦਾਂ ਕਾਰਨ ਰੱਖੜਾ ਨੇ ਹੌਲੀ-ਹੌਲੀ ਪਾਰਟੀ ਤੋਂ ਦੂਰੀ ਬਣਾ ਲਈ ਸੀ। ਇਸ ਤੋਂ ਬਾਅਦ ਉਹ ਸੁਖਬੀਰ ਬਾਦਲ ਦੇ ਧੜੇ ਨੂੰ ਛੱਡ ਕੇ ਅਕਾਲੀ ਦਲ (ਪੁਨਰ ਸੁਰਜੀਤ) ਵਿਚ ਸ਼ਾਮਲ ਹੋ ਗਏ ਸਨ। ਹਾਲਾਂਕਿ, ਬਾਅਦ ਵਿਚ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਾਲੇ ਇਸ ਵੱਖਰੇ ਹੋਏ ਧੜੇ ਨੇ ਵੀ ਰੱਖੜਾ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਦੋਸ਼ ਲਗਾ ਕੇ ਪਾਰਟੀ ਵਿਚੋਂ ਬਾਹਰ ਕੱਢ ਦਿੱਤਾ।

# ਸਿੱਖ ਵਿਦਵਾਨਾਂ ਵੱਲੋਂ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਨੂੰ ਰੱਦ ਕਰਨ ਦੀ ਮੰਗ

**ਚੰਡੀਗੜ੍ਹ, (ਪੰਜਾਬ ਮੇਲ) -** ਸਿੱਖ ਵਿਦਵਾਨਾਂ, ਕਾਨੂੰਨੀ ਮਾਹਿਰਾਂ ਅਤੇ ਸਾਬਕਾ ਅਧਿਕਾਰੀਆਂ ਦੇ ਇੱਕ ਸਮੂਹ ਨੇ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਨੂੰ ਪੂਰੀ ਤਰ੍ਹਾਂ ਰੱਦ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰ ਕੋਲ ਸਿੱਖ ਧਰਮ ਦੀ ਪਵਿੱਤਰਤਾ ਨਾਲ ਸਬੰਧਤ ਮਾਮਲਿਆਂ 'ਤੇ ਕਾਨੂੰਨ ਬਣਾਉਣ ਦਾ ਕੋਈ ਅਧਿਕਾਰ ਨਹੀਂ ਹੈ।

ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖ ਪੰਥ ਦੇ ਅਧਿਆਤਮਿਕ ਅਤੇ ਸੰਸਥਾਗਤ ਜੀਵਨ ਦਾ ਕੇਂਦਰ ਹਨ ਅਤੇ ਇਸ ਲਈ ਇਨ੍ਹਾਂ ਨੂੰ ਸਰਕਾਰੀ ਕਾਨੂੰਨ ਦੇ ਦਾਇਰੇ ਤੋਂ ਬਾਹਰ ਰੱਖਿਆ ਜਾਣਾ ਚਾਹੀਦਾ ਹੈ।

ਮੀਡੀਆ ਨਾਲ ਗੱਲਬਾਤ ਕਰਨ ਵਾਲਿਆਂ ਵਿਚ ਜਸਟਿਸ ਨਿਰਮਲ ਸਿੰਘ (ਸੇਵਾਮੁਕਤ), ਸੀਨੀਅਰ ਐਡਵੋਕੇਟ ਪੂਰਨ ਸਿੰਘ ਹੁੰਦਲ, ਅਸ਼ੋਕ ਸਿੰਘ ਬਾਗੜੀਆਂ, ਸਾਬਕਾ ਆਈ.ਏ.ਐੱਸ. ਅਧਿਕਾਰੀ ਗੁਰਤੇਜ ਸਿੰਘ, ਪਰਮਜੀਤ ਸਿੰਘ ਗਾਜ਼ੀ, ਜਸਪਾਲ ਸਿੰਘ ਸਿੱਧੂ, ਪ੍ਰੋ. ਦਵਿੰਦਰ ਸਿੰਘ ਅਤੇ ਗੁਰਪ੍ਰੀਤ ਸਿੰਘ ਸ਼ਾਮਲ ਸਨ।

ਬੁਲਾਰਿਆਂ ਨੇ ਕਿਹਾ ਕਿ ਇਸ ਸਾਲ 13 ਅਪ੍ਰੈਲ ਨੂੰ ਉਪਰੋਕਤ ਐਕਟ ਵਿਚ ਕੀਤੀਆਂ ਗਈਆਂ ਸੋਧਾਂ ਸਿੱਖ ਭਾਵਨਾਵਾਂ ਦੀ ਅਸਲ ਚਿੰਤਾ ਦੀ ਬਜਾਏ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਰਾਜਨੀਤੀ ਤੋਂ ਪ੍ਰੇਰਿਤ ਦਿਖਾਈ ਦਿੰਦੀਆਂ ਹਨ।

ਉਨ੍ਹਾਂ ਨੇ ਕੋਟਕਪੂਰਾ ਅਤੇ ਬਹਿਬਲ ਕਲਾਂ (ਬਰਗਾੜੀ) ਬੇਅਦਬੀ ਮਾਮਲਿਆਂ ਵਿਚ ਇਨਸਾਫ਼ ਦਿਵਾਉਣ ਵਿਚ ਅਸਫ਼ਲ ਰਹਿਣ ਤੋਂ ਬਾਅਦ ਅਜਿਹਾ ਕਾਨੂੰਨ ਲਿਆਉਣ ਲਈ ਪੰਜਾਬ ਸਰਕਾਰ ਦੀ ਨੈਤਿਕ ਅਧਿਕਾਰ 'ਤੇ ਵੀ ਸਵਾਲ ਚੁੱਕੇ।

ਜਸਟਿਸ ਨਿਰਮਲ ਸਿੰਘ (ਸੇਵਾਮੁਕਤ) ਨੇ 2008 ਅਤੇ 2026 ਦੇ ਦੋਵਾਂ ਕਾਨੂੰਨਾਂ ਦਾ ਸਖ਼ਤ ਵਿਰੋਧ ਕੀਤਾ ਅਤੇ ਇਨ੍ਹਾਂ ਨੂੰ ਲਾਗੂ ਕਰਨ 'ਤੇ ਗੰਭੀਰ ਚਿੰਤਾਵਾਂ ਪ੍ਰਗਟਾਈਆਂ।

ਉਨ੍ਹਾਂ ਨੇ ਬੇਅਦਬੀ ਦੇ ਮਾਮਲਿਆਂ ਵਿਚ ਕਾਨੂੰਨੀ ਪ੍ਰਕਿਰਿਆ 'ਤੇ ਸਵਾਲ ਉਠਾਏ ਅਤੇ ਕਿਹਾ "ਜਦੋਂ ਅਜਿਹੇ ਮਾਮਲੇ ਅਦਾਲਤ ਵਿਚ ਆਉਣਗੇ, ਤਾਂ ਬੇਅਦਬੀ ਕਿਵੇਂ ਸਾਬਤ ਹੋਵੇਗੀ? ਕੀ ਪਾੜੇ ਹੋਏ 'ਅੰਗਾਂ' ਦਾ ਮਿਲਾਨ ਕੀਤਾ ਜਾਵੇਗਾ? ਪਵਿੱਤਰ ਸਰੂਪ ਨੂੰ ਕਿੱਥੇ ਰੱਖਿਆ ਜਾਵੇਗਾ — ਅਦਾਲਤ ਦੇ 'ਮਾਲਖਾਨੇ' ਵਿਚ? ਅਤੇ ਕਿਸ ਮਰਿਆਦਾ ਨਾਲ ਇਸ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ?"

ਸੀਨੀਅਰ ਐਡਵੋਕੇਟ ਪੂਰਨ ਸਿੰਘ ਹੁੰਦਲ ਨੇ ਕਿਹਾ ਕਿ ਇਹ ਦੋਵੇਂ ਐਕਟ ਗੈਰ-ਕਾਨੂੰਨੀ, ਅਨੈਤਿਕ ਅਤੇ ਗੈਰ-ਸੰਵਿਧਾਨਕ ਹਨ, ਇਸ ਲਈ ਇਨ੍ਹਾਂ ਨੂੰ ਬਿਨਾਂ ਸ਼ਰਤ ਵਾਪਸ ਲਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ, "ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਵੱਲੋਂ ਕਹੇ ਅਨੁਸਾਰ ਕਾਨੂੰਨ ਦੀਆਂ 'ਕੁਝ ਧਾਰਾਵਾਂ' ਵਿਚ ਸੋਧ ਕਰਨ ਦੀ ਬਜਾਏ, ਇਸ ਪੂਰੇ ਕਾਨੂੰਨ ਨੂੰ ਹੀ ਰੱਦ ਕੀਤਾ ਜਾਣਾ ਚਾਹੀਦਾ ਹੈ।"

ਅਸ਼ੋਕ ਸਿੰਘ ਬਾਗੜੀਆਂ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਨਾਲ ਸਬੰਧਤ ਮਾਮਲੇ ਸਿਰਫ਼ ਸਿੱਖ ਪੰਥ ਦੇ ਅੰਦਰੂਨੀ ਧਾਰਮਿਕ ਦਾਇਰੇ ਦੇ ਹਨ। ਕੋਈ ਸਰਕਾਰ ਧਾਰਮਿਕ ਨਿਯਮਾਂ (ਰਹਿਤ ਮਰਿਆਦਾ) ਜਾਂ ਪਵਿੱਤਰ ਰੀਤੀ-ਰਿਵਾਜਾਂ ਨੂੰ ਪਰਿਭਾਸ਼ਿਤ ਜਾਂ ਲਾਗੂ ਨਹੀਂ ਕਰ ਸਕਦੀ।

# ਬੇਅਦਬੀ ਰੋਕੂ ਕਾਨੂੰਨ ਦੀਆਂ ਮੱਦਾਂ ਹਟਾਉਣ ਲਈ ਪੰਜਾਬ ਸਰਕਾਰ ਨੂੰ 15 ਦਿਨਾਂ ਦਾ ਅਲਟੀਮੇਟਮ

**ਸ੍ਰੀ ਅਨੰਦਪੁਰ ਸਾਹਿਬ, (ਪੰਜਾਬ ਮੇਲ)-** ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਗਏ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਦੀਆਂ ਕਈ ਮੱਦਾਂ ਖ਼ਿਲਾਫ਼ ਸਿੱਖ ਜਥੇਬੰਦੀਆਂ, ਗ੍ਰੰਥੀ, ਪਾਠੀ, ਪ੍ਰਚਾਰਕਾਂ ਤੇ ਪੰਥਕ ਆਗੂਆਂ ਨੇ ਰੋਸ ਜਤਾਇਆ ਹੈ। ਪੰਥਕ ਇਕੱਤਰਤਾ ਦੌਰਾਨ ਇਨ੍ਹਾਂ ਵਿਵਾਦਤ ਮੱਦਾਂ ਨੂੰ ਤੁਰੰਤ ਹਟਾਉਣ ਲਈ ਸਰਕਾਰ ਨੂੰ 15 ਦਿਨਾਂ ਦਾ ਅਲਟੀਮੇਟਮ ਦਿੱਤਾ ਗਿਆ ਹੈ। ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਜੇ ਅਕਾਲ ਤਖ਼ਤ ਵੱਲੋਂ ਉਠਾਏ ਇਤਰਾਜ਼ ਦੂਰ ਨਾ ਕੀਤਾ ਗਏ, ਤਾਂ ਪੰਥ ਇਸ ਕਾਨੂੰਨ ਨੂੰ ਕਿਸੇ ਵੀ ਹਾਲਤ ਵਿਚ ਪ੍ਰਵਾਨ ਨਹੀਂ ਕਰੇਗਾ। ਇਕੱਠ ਵਿਚ ਵੱਖ-ਵੱਖ ਪੰਥਕ ਸ਼ਖ਼ਸੀਅਤਾਂ, ਨਿਰਮਲਾ ਸੰਪਰਦਾ ਦੇ ਨੁਮਾਇੰਦਿਆਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ। ਜਥੇਦਾਰ ਗੜਗੱਜ ਨੇ ਦੋਸ਼ ਲਾਇਆ ਕਿ ਸਰਕਾਰ ਨੇ ਸਿੱਖ ਕੌਮ ਨੂੰ ਭਰੋਸੇ ਵਿਚ ਲਏ ਬਿਨਾਂ ਹੀ ਇਸ ਕਾਨੂੰਨ 'ਚ ਸੋਧਾਂ ਕਰ ਕੇ ਅਕਾਲ ਤਖ਼ਤ ਅਤੇ ਸ਼੍ਰੋਮਣੀ ਕਮੇਟੀ ਦੇ ਅਧਿਕਾਰ ਖੇਤਰ ਵਿਚ ਦਖ਼ਲਅੰਦਾਜ਼ੀ ਕੀਤੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਗੁਰੂ ਸਾਹਿਬ ਦੀ ਮਰਿਆਦਾ ਅਤੇ ਪਾਵਨ ਸਰੂਪ ਨਾਲ ਜੁੜੇ ਮਸਲਿਆਂ 'ਤੇ ਫ਼ੈਸਲੇ ਕਰਨ ਦਾ ਅਧਿਕਾਰ ਸਿਰਫ ਅਕਾਲ ਤਖ਼ਤ ਕੋਲ ਰਾਖਵਾਂ ਹੈ। ਉਨ੍ਹਾਂ ਐਕਟ ਵਿਚ ਵਰਤੇ ਗਏ 'ਕਸਟੋਡੀਅਨ' ਸ਼ਬਦ 'ਤੇ ਵੀ ਇਤਰਾਜ਼ ਜਤਾਉਂਦਿਆਂ ਕਿਹਾ ਕਿ ਸਰਕਾਰ ਜਾਣਬੁੱਝ ਕੇ ਪੰਥਕ ਪ੍ਰੰਪਰਾਵਾਂ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਕੋਈ ਵੀ ਸਰਕਾਰ ਸ਼੍ਰੋਮਣੀ ਕਮੇਟੀ ਦੀ ਖ਼ੁਦਮੁਖਤਿਆਰੀ ਨੂੰ ਚੁਣੌਤੀ ਨਹੀਂ ਦੇ ਸਕਦੀ। ਸਰਕਾਰ ਸਿੱਖ ਸਿਧਾਂਤਾਂ ਤੇ ਮਰਿਆਦਾ ਦੇ ਨਾਜ਼ੁਕ ਮਸਲਿਆਂ ਨਾਲ ਕਾਨੂੰਨ ਦੀ ਆੜ ਵਿਚ ਛੇੜਛਾੜ ਕਰ ਰਹੀ ਹੈ।



*ਪੰਥਕ ਇਕੱਤਰਤਾ ਸ਼ਾਮਲ ਵੱਖ-ਵੱਖ ਧਾਰਮਿਕ ਆਗੂ ਅਤੇ ਸੰਗਤ।*

ਐਡਵੋਕੇਟ ਧਾਮੀ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਨੂੰ ਦੁਨਿਆਵੀ ਕਾਨੂੰਨ ਅਧੀਨ ਲਿਆਉਣ ਦੀ ਸਰਕਾਰੀ ਸਾਜ਼ਿਸ਼ ਵੱਡੀ ਕੌਮੀ ਚੁਣੌਤੀ ਬਣ ਗਈ ਹੈ, ਜਿਸ ਦਾ ਮੁਕਾਬਲਾ ਸਮੁੱਚੀ ਕੌਮ ਨੂੰ ਸਿਆਸੀ ਧੜੇਬੰਦੀਆਂ ਤੋਂ ਉੱਪਰ ਉੱਠ ਕੇ ਇਕਜੁੱਟਤਾ ਨਾਲ ਕਰਨ ਦੀ ਲੋੜ ਹੈ।

# ਅੰਮ੍ਰਿਤਸਰ ਤੋਂ ਦੁਬਈ ਲਈ ਹਵਾਈ ਉਡਾਣਾਂ ਮੁੜ ਸ਼ੁਰੂ

**ਅੰਮ੍ਰਿਤਸਰ, (ਪੰਜਾਬ ਮੇਲ)-** ਏਅਰ ਇੰਡੀਆ ਐਕਸਪ੍ਰੈੱਸ ਨੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਅੰਮ੍ਰਿਤਸਰ ਅਤੇ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਵਿਚਕਾਰ ਆਪਣੀਆਂ ਸਿੱਧੀਆਂ ਉਡਾਣਾਂ ਮੁੜ ਬਹਾਲ ਕਰ ਦਿੱਤੀਆਂ ਹਨ। ਐਵੀਏਸ਼ਨ ਕੰਪਨੀ ਨੇ 16 ਮਈ ਤੋਂ ਅੰਮ੍ਰਿਤਸਰ-ਦੁਬਈ ਦੀ ਰੋਜ਼ਾਨਾ ਉਡਾਣ ਅਧਿਕਾਰਤ ਤੌਰ 'ਤੇ ਦੁਬਾਰਾ ਸ਼ੁਰੂ ਕਰ ਦਿੱਤੀ ਹੈ। ਇਸ ਤੋਂ ਇਲਾਵਾ ਕੰਪਨੀ ਦੀ ਵੈੱਬਸਾਈਟ 'ਤੇ ਬੁਕਿੰਗ ਦੀ ਉਪਲਬਧਤਾ ਅਨੁਸਾਰ ਇੰਡੀਗੋ ਏਅਰਲਾਈਨਜ਼ ਵੀ 20 ਮਈ ਤੋਂ ਅੰਮ੍ਰਿਤਸਰ ਤੋਂ ਸ਼ਾਰਜਾਹ ਲਈ ਆਪਣੀਆਂ ਉਡਾਣਾਂ ਸ਼ੁਰੂ ਕਰਨ ਜਾ ਰਹੀ ਹੈ।

ਏਅਰ ਇੰਡੀਆ ਐਕਸਪ੍ਰੈਸ ਦੀ ਰੋਜ਼ਾਨਾ ਉਡਾਣ ਅੰਮ੍ਰਿਤਸਰ ਤੋਂ ਸਵੇਰੇ 2:20 ਵਜੇ ਰਵਾਨਾ ਹੁੰਦੀ ਹੈ ਅਤੇ ਸਵੇਰੇ 4:55 ਵਜੇ ਦੁਬਈ ਪਹੁੰਚਦੀ ਹੈ, ਜਦੋਂ ਕਿ ਵਾਪਸੀ ਦੀ ਉਡਾਣ ਦੁਬਈ ਤੋਂ ਸਵੇਰੇ



5:55 ਵਜੇ ਚੱਲ ਕੇ ਸਵੇਰੇ 11:40 ਵਜੇ ਅੰਮ੍ਰਿਤਸਰ ਉਤਰਦੀ ਹੈ। ਸ਼ਾਰਜਾਹ ਲਈ ਇੰਡੀਗੋ ਦੀ ਉਡਾਣ ਦੁਪਹਿਰ 12:15 ਵਜੇ ਅੰਮ੍ਰਿਤਸਰ ਤੋਂ ਰਵਾਨਾ ਹੋ ਕੇ ਦੁਪਹਿਰ 2:40 ਵਜੇ ਪਹੁੰਚੇਗੀ, ਜਦੋਂ ਕਿ ਏਅਰ ਇੰਡੀਆ ਐਕਸਪ੍ਰੈੱਸ ਦੁਪਹਿਰ 1:15 ਵਜੇ ਚੱਲ ਕੇ ਸ਼ਾਮ 4:05 ਵਜੇ ਸ਼ਾਰਜਾਹ ਪਹੁੰਚਦੀ ਹੈ। ਸ਼ਾਰਜਾਹ ਤੋਂ ਵਾਪਸੀ ਦੀਆਂ ਦੋਵੇਂ ਉਡਾਣਾਂ ਸ਼ਾਮ 5:05 ਵਜੇ ਰਵਾਨਾ ਹੁੰਦੀਆਂ ਹਨ ਅਤੇ ਕ੍ਰਮਵਾਰ ਰਾਤ 10:45 ਅਤੇ 10:30 ਵਜੇ ਅੰਮ੍ਰਿਤਸਰ ਪਹੁੰਚਦੀਆਂ ਹਨ।

ਇਲਾਕਾ ਨਿਵਾਸੀਆਂ ਅਤੇ ਹਵਾਈ ਸੇਵਾਵਾਂ ਲਈ ਕੰਮ ਕਰਨ ਵਾਲੇ ਕਾਰਕੁਨਾਂ ਨੇ ਅੰਮ੍ਰਿਤਸਰ ਅਤੇ ਯੂ.ਏ.ਈ. ਵਿਚਕਾਰ ਸਿੱਧੀਆਂ ਉਡਾਣਾਂ ਦੀ ਹੌਲੀ-ਹੌਲੀ ਬਹਾਲੀ ਦਾ ਸਵਾਗਤ ਕੀਤਾ ਹੈ। ਪਿਛਲੇ ਦਿਨੀਂ ਇਰਾਨ ਅਤੇ ਇਜ਼ਰਾਈਲ ਵਿਚਕਾਰ ਵਧੇ ਤਣਾਅ ਅਤੇ ਮੱਧ ਪੂਰਬ 'ਚ ਏਅਰਸਪੇਸ ਦੇ ਅਸਥਾਈ ਤੌਰ 'ਤੇ ਬੰਦ ਹੋਣ ਕਾਰਨ ਇਨ੍ਹਾਂ ਉਡਾਣਾਂ ਵਿਚ ਵਿਘਨ ਪਿਆ ਸੀ। 'ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ' ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਕਿਹਾ ਕਿ ਖੇਤਰੀ ਹਵਾਈ ਖੇਤਰ ਦੇ ਸਥਿਰ ਹੋਣ ਨਾਲ ਅੰਤਰਰਾਸ਼ਟਰੀ ਏਅਰਲਾਈਨਾਂ ਆਪਣੇ ਆਮ ਸ਼ਡਿਊਲ ਨੂੰ ਮੁੜ ਲਾਗੂ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਹ ਪੰਜਾਬ ਦੇ ਯਾਤਰੀਆਂ, ਪ੍ਰਵਾਸੀ ਭਾਰਤੀਆਂ, ਮਜ਼ਦੂਰਾਂ ਅਤੇ ਸੈਲਾਨੀਆਂ ਲਈ ਇੱਕ ਬਹੁਤ ਹੀ ਅਹਿਮ ਰੂਟ ਹੈ ਅਤੇ ਉਹ ਭਵਿੱਖ ਵਿਚ ਵੀ ਇਸੇ ਤਰ੍ਹਾਂ ਦੀ ਸਥਿਰਤਾ ਦੀ ਉਮੀਦ ਕਰਦੇ ਹਨ।

# ICE ਵੱਲੋਂ ਵੇਅਰਹਾਊਸ ਡਿਟੈਨਸ਼ਨ ਸੈਂਟਰ ਬਣਾਉਣ ਦੀ ਯੋਜਨਾ ਕਾਰਨ ਅਮਰੀਕਾ ’ਚ ਖੜ੍ਹਾ ਹੋਇਆ ਵਿਵਾਦ !

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਟਰੰਪ ਪ੍ਰਸ਼ਾਸਨ ਦੀ ਸਮੂਹਿਕ ਦੇਸ਼ ਨਿਕਾਲੇ ਦੀ ਨੀਤੀ ਦੇ ਤਹਿਤ ICE (ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ) ਹੁਣ ਅਮਰੀਕਾ ਵਿਚ ਵੱਡੇ ਪੱਧਰ ’ਤੇ ਵੇਅਰਹਾਊਸ ਡਿਟੈਨਸ਼ਨ ਸੈਂਟਰ ਬਣਾਉਣ ਦੀ ਯੋਜਨਾ ਨੂੰ ਅੱਗੇ ਵਧਾ ਰਿਹਾ ਹੈ, ਜਿਸ ਕਾਰਨ ਦੇਸ਼ ਭਰ ਵਿਚ ਵੱਡਾ ਵਿਵਾਦ ਖੜ੍ਹਾ ਹੋ ਗਿਆ ਹੈ। ਰਿਪੋਰਟਾਂ ਮੁਤਾਬਕ ਸਰਕਾਰ ਖਾਲੀ ਪਏ ਇੰਡਸਟਰੀਅਲ ਵੇਅਰਹਾਊਸ ਨੂੰ ਇਮੀਗ੍ਰਾਂਟ ਡਿਟੈਨਸ਼ਨ ਕੈਂਪਸ ਵਿਚ ਤਬਦੀਲ ਕਰਨਾ ਚਾਹੁੰਦੀ ਹੈ, ਤਾਂ ਜੋ ਗੈਰ-ਕਾਨੂੰਨੀ ਪ੍ਰਵਾਸੀਆਂ ਅਤੇ ਡਿਟੈਨਸ਼ਨ ਵਿਚ ਰੱਖੇ ਗਏ ਲੋਕਾਂ ਦੀ ਗਿਣਤੀ ਨੂੰ ਸੰਭਾਲਿਆ ਜਾ ਸਕੇ। ਇਸ ਯੋਜਨਾ ਤਹਿਤ ਡਿਟੈਨਸ਼ਨ ਸਮਰੱਥਾ ਨੂੰ 92,000 ਤੋਂ ਵਧਾ ਕੇ ਲਗਭਗ 100,000 ਬੈੱਡਾਂ ਤੱਕ ਲਿਜਾਣ ਦਾ ਟੀਚਾ ਰੱਖਿਆ ਗਿਆ ਹੈ। ਟੈਕਸਾਸ, ਜਾਰਜੀਆ, ਮੈਰੀਲੈਂਡ ਅਤੇ ਨਿਊ ਜਰਸੀ ਵਰਗੇ ਕਈ ਸੂਬਿਆਂ ਵਿਚ ਵੱਡੇ ਵੇਅਰਹਾਊਸ ਖਰੀਦ ਕੇ ਉਨ੍ਹਾਂ ਨੂੰ ਡਿਟੈਨਸ਼ਨ ਸਹੂਲਤਾਂ ਲਈ ਬਣਾਉਣ ਦੀ ਤਿਆਰੀ ਚੱਲ ਰਹੀ ਹੈ, ਜਿੱਥੇ ਇੱਕ ਸਮੇਂ ਵਿਚ ਹਜ਼ਾਰਾਂ ਪ੍ਰਵਾਸੀਆਂ ਨੂੰ ਰੱਖਿਆ ਜਾ ਸਕੇਗਾ।




ਇਸ ਯੋਜਨਾ ਦੇ ਖ਼ਿਲਾਫ਼ ਕਈ ਰਾਜਾਂ ਅਤੇ ਸਥਾਨਕ ਸਰਕਾਰਾਂ ਨੇ ਮੁਕੱਦਮੇ ਦਾਇਰ ਕੀਤੇ ਹਨ। ਜਾਰਜੀਆ ਦੇ ਸੋਸ਼ਲ ਸਰਕਲ ਸ਼ਹਿਰ ਨੇ ਦੋਸ਼ ਲਗਾਇਆ ਕਿ ICE ਨੇ ਵਾਤਾਵਰਣ ਪ੍ਰਭਾਵ ਅਤੇ ਪਬਲਿਕ ਸੇਫਟੀ ਰੀਵਿਊ ਕੀਤੇ ਬਿਨਾਂ ਹੀ ਡਿਟੈਨਸ਼ਨ ਸੈਂਟਰ ਪ੍ਰਾਜੈਕਟ ਸ਼ੁਰੂ ਕਰ ਦਿੱਤਾ, ਜਿਸ ਨਾਲ ਛੋਟੇ ਸ਼ਹਿਰਾਂ ਦੇ ਇਨਫਰਾਸਟਰੱਕਚਰ ’ਤੇ ਬਹੁਤ ਵੱਡਾ ਬੋਝ ਪੈ ਸਕਦਾ ਹੈ। ਮੈਰੀਲੈਂਡ ਅਤੇ ਨਿਊ ਜਰਸੀ ਵਿਚ ਵੀ ਲੋਕਾਂ ਨੇ ਵਿਰੋਧ ਕਰਦੇ ਹੋਏ ਕਿਹਾ ਕਿ ਕਮਿਊਨਿਟੀਆਂ ਨੂੰ ਬਿਨਾਂ ਜਾਣਕਾਰੀ ਦਿੱਤੇ ਵੇਅਰਹਾਊਸ ਖਰੀਦੇ ਗਏ। ਇਸਦੇ ਨਾਲ ਹੀ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਦੇ ਇੰਸਪੈਕਟਰ ਜਨਰਲ ਨੇ ਇਸ ਮਲਟੀ-ਬਿਲੀਅਨ ਡਾਲਰ ਡਿਟੈਨਸ਼ਨ ਐਕਸਪੈਂਸ਼ਨ ਪ੍ਰੋਗਰਾਮ ਦੀ ਫੈਡਰਲ ਜਾਂਚ ਸ਼ੁਰੂ ਕਰ ਦਿੱਤੀ ਹੈ। ਰਿਪੋਰਟਾਂ ਵਿਚ ਦੱਸਿਆ ਗਿਆ ਕਿ ਕੁਝ ਵੇਅਰਹਾਊਸ ਮਾਰਕਿਟ ਕੀਮਤ ਤੋਂ ਕਾਫ਼ੀ ਵੱਧ ਕੀਮਤ ’ਤੇ ਖਰੀਦੇ ਗਏ ਅਤੇ ਕੰਟਰੈਕਟ ਅਜਿਹੀਆਂ ਪ੍ਰਾਈਵੇਟ ਕੰਪਨੀਆਂ ਨੂੰ ਦਿੱਤੇ ਗਏ, ਜਿਨ੍ਹਾਂ ਕੋਲ ਡਿਟੈਨਸ਼ਨ ਸਹੂਲਤਾਂ ਚਲਾਉਣ ਦਾ ਘੱਟ ਤਜਰਬਾ ਸੀ।

ਮਨੁੱਖੀ ਅਧਿਕਾਰ ਸੰਗਠਨ ਅਤੇ ACLU ਵਰਗੀਆਂ ਸੰਸਥਾਵਾਂ ਨੇ ਇਸ ਯੋਜਨਾ ਨੂੰ “ਗੈਰ-ਮਾਨਵੀ” ਕਰਾਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਵੇਅਰਹਾਊਸ ਲੋਕਾਂ ਨੂੰ ਰੱਖਣ ਲਈ ਨਹੀਂ ਬਣੇ ਹੁੰਦੇ ਅਤੇ ਇਨ੍ਹਾਂ ਵਿਚ ਭੀੜ-ਭੜੱਕਾ, ਡਾਕਟਰੀ ਅਣਗਹਿਲੀ, ਮਾਨਸਿਕ ਤਣਾਅ ਅਤੇ ਦੁਰਵਿਵਹਾਰ ਦੇ ਮਾਮਲੇ ਵੱਧ ਸਕਦੇ ਹਨ। ਆਲੋਚਕ ਨੇ ਚੇਤਾਵਨੀ ਦਿੱਤੀ ਕਿ ICE ਡਿਟੈਨਸ਼ਨ ਸੈਂਟਰਾਂ ’ਚ ਪਹਿਲਾਂ ਹੀ ਮੈਡੀਕਲ ਸਹੂਲਤਾਂ ਦੀ ਘਾਟ ਅਤੇ ਨਜ਼ਰਬੰਦ ਦੀਆਂ ਮੌਤਾਂ ਦੇ ਮਾਮਲੇ ਸਾਹਮਣੇ ਆ ਰਹੇ ਹਨ, ਇਸ ਲਈ ਵੇਅਰਹਾਊਸ ਕੈਂਪਸ ਹਾਲਾਤ ਹੋਰ ਖਰਾਬ ਕਰ ਸਕਦੇ ਹਨ। ਕਾਂਗਰਸਵੂਮੈਨ ਰਸ਼ੀਦਾ ਤਲੈਬ ਨੇ ਤਾਂ “ਬੈਨ ਵੇਅਰਹਾਊਸ ਡਿਟੈਨਸ਼ਨ ਐਕਟ” ਵੀ ਪੇਸ਼ ਕੀਤਾ ਹੈ ਅਤੇ ਕਿਹਾ ਕਿ “ਇਨਸਾਨਾਂ ਨੂੰ ਵੇਅਰਹਾਊਸ ਵਿਚ ਨਹੀਂ ਰੱਖਿਆ ਜਾ ਸਕਦਾ।” ਦੂਜੇ ਪਾਸੇ ਟਰੰਪ ਸਮਰਥਕ ਦਾ ਕਹਿਣਾ ਹੈ ਕਿ ਗੈਰ ਕਾਨੂੰਨੀ ਇਮੀਗ੍ਰੇਸ਼ਨ ਨੂੰ ਰੋਕਣ ਅਤੇ ਬਾਰਡਰ ਸਕਿਓਰਿਟੀ ਮਜ਼ਬੂਤ ਕਰਨ ਲਈ ਡਿਟੈਨਸ਼ਨ ਸਮਰੱਥਾ ਵਧਾਉਣਾ ਜ਼ਰੂਰੀ ਹੈ। ਇਸ ਮਾਮਲੇ ਨੇ ਹੁਣ ਅਮਰੀਕਾ ਵਿਚ ਇਮੀਗ੍ਰੇਸ਼ਨ ਇਨਫੋਰਸਮੈਂਟ ਅਤੇ ਮਨੁੱਖੀ ਅਧਿਕਾਰ ਨੂੰ ਲੈ ਕੇ ਵੱਡੀ ਰਾਜਨੀਤਿਕ ਚਰਚਾ ਛੇੜ ਦਿੱਤੀ ਹੈ।

## ਟਰੰਪ ਵੱਲੋਂ ਪੱਤਰਕਾਰ ’ਤੇ ਇਰਾਨ ਬਾਰੇ ਸਵਾਲ ਕਰਨ ’ਤੇ ਨਾਰਾਜ਼ਗੀ ਜ਼ਾਹਰ

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ



ਡੋਨਾਲਡ ਟਰੰਪ ਨੇ ਇੱਕ ਪੱਤਰਕਾਰ ’ਤੇ ਇਰਾਨ ਬਾਰੇ ਸਵਾਲ ਕਰਨ ’ਤੇ ਆਪਣੀ ਨਾਰਾਜ਼ਗੀ ਜ਼ਾਹਰ ਕੀਤੀ। ਟਰੰਪ ਨੇ ਰਿਪੋਰਟਰ ਨੂੰ ਝੂਠਾ ਕਿਹਾ ਅਤੇ ਉਸ ਦੀ ਰਿਪੋਰਟਿੰਗ ਨੂੰ ਦੇਸ਼ਧ੍ਰੋਹੀ ਦੱਸਿਆ। ਟਰੰਪ ਨੇ ਦਾਅਵਾ ਕੀਤਾ ਕਿ ਅਮਰੀਕਾ ਨੇ ਇਰਾਨ ਵਿਚ ਪੂਰੀ ਫੌਜੀ ਜਿੱਤ ਪ੍ਰਾਪਤ ਕੀਤੀ ਹੈ ਅਤੇ ਹਰ ਕੋਈ ਇਸ ਗੱਲ ’ਤੇ ਵਿਸ਼ਵਾਸ ਕਰਦਾ ਹੈ। ਇਹ ਸਿਰਫ਼ ਤੁਹਾਡੇ ਵਰਗੇ ਲੋਕ ਹਨ, ਜੋ ਸੱਚ ਨਹੀਂ ਲਿਖਦੇ। ਟਰੰਪ ਨੇ ਪੱਤਰਕਾਰ ਨੂੰ ਤਾਅਨੇ ਮਾਰਦੇ ਹੋਏ ਕਿਹਾ, “ਮੈਨੂੰ ਲੱਗਦਾ ਹੈ ਕਿ ਤੁਹਾਡਾ ਲਿਖਣ ਦਾ ਤਰੀਕਾ ਦੇਸ਼ਧ੍ਰੋਹੀ ਹੈ। ਤੁਸੀਂ ਉਹੀ ਲਿਖਦੇ ਹੋ, ਜੋ ਤੁਹਾਡਾ ਸੰਪਾਦਕ ਤੁਹਾਨੂੰ ਲਿਖਣ ਲਈ ਕਹਿੰਦਾ ਹੈ। ਤੁਹਾਨੂੰ ਆਪਣੇ ਆਪ ’ਤੇ ਸ਼ਰਮ ਆਉਣੀ ਚਾਹੀਦੀ ਹੈ।” ਦਰਅਸਲ, ਦ ਨਿਊਯਾਰਕ ਟਾਈਮਜ਼ ਦੇ ਰਿਪੋਰਟਰ ਡੇਵਿਡ ਸੈਂਗਰ ਨੇ ਪੁੱਛਿਆ ਸੀ ਕਿ ਜੇਕਰ ਅਮਰੀਕਾ ਨੇ ਇਰਾਨ ਵਿਰੁੱਧ ਪੂਰੀ ਫੌਜੀ ਜਿੱਤ ਪ੍ਰਾਪਤ ਕਰ ਲਈ ਹੈ, ਤਾਂ ਫਿਰ ਅਮਰੀਕਾ ਨੇ ਆਪਣੇ ਰਾਜਨੀਤਿਕ ਟੀਚੇ ਕਿਉਂ ਪ੍ਰਾਪਤ ਨਹੀਂ ਕੀਤੇ ਅਤੇ ਹਮਲਾ ਅਜੇ ਵੀ ਕਿਉਂ ਜਾਰੀ ਹੈ।

## ICE ਕਾਰਵਾਈ ਇੱਕ ਵਾਰ ਫਿਰ ਵੱਡੇ ਵਿਵਾਦ ’ਚ ਘਿਰੀ

- **ਅਮਰੀਕੀ ਨਾਗਰਿਕ ਨੂੰ ਹਿੰਸਕ ਢੰਗ ਨਾਲ ਗ੍ਰਿਫ਼ਤਾਰ ਕਰਕੇ “ਡਾਕੂਮੈਂਟਰੀ” ਦੀ ਤਰ੍ਹਾਂ ਫਿਲਮਾਇਆ**

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ’ਚ ICE (ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ) ਦੀ ਕਾਰਵਾਈ ਇੱਕ ਵਾਰ ਫਿਰ ਵੱਡੇ ਵਿਵਾਦ ਵਿਚ ਆ ਗਈ ਹੈ। ਨਵੀਂ ਰਿਪੋਰਟ ਅਤੇ ਸਾਹਮਣੇ ਆਈਆਂ ਵੀਡੀਓਜ਼ ਮੁਤਾਬਕ ਸਾਊਦਰਨ ਕੈਲੀਫੋਰਨੀਆ ਦੇ ਇੱਕ ਅਮਰੀਕੀ ਨਾਗਰਿਕ ਕ੍ਰਿਸ਼ਚੀਅਨ ਸੇਰਨਾ ਨੂੰ ICE ਏਜੰਟਾਂ ਵੱਲੋਂ ਬਹੁਤ ਹੀ ਹਿੰਸਕ ਢੰਗ ਨਾਲ ਗ੍ਰਿਫ਼ਤਾਰ ਕੀਤਾ ਗਿਆ ਅਤੇ ਪੂਰੇ ਓਪਰੇਸ਼ਨ ਨੂੰ “ਡਾਕੂਮੈਂਟਰੀ” ਦੀ ਤਰ੍ਹਾਂ ਫਿਲਮਾਇਆ ਗਿਆ।

ਰਿਪੋਰਟਾਂ ਮੁਤਾਬਕ 28 ਸਾਲਾ ਕ੍ਰਿਸ਼ਚੀਅਨ ਸੇਰਨਾ ਇੱਕ ਕਾਰਪੇਂਟਰ ਹੈ ਅਤੇ ਉਹ ਲਾਸ ਏਂਜਲਸ ਵਿਚ ICE ਰੇਡ ਦੇ ਖ਼ਿਲਾਫ਼ ਹੋ ਰਹੇ ਪ੍ਰਦਰਸ਼ਨ ਵਿਚ ਸ਼ਾਮਲ ਹੋਇਆ ਸੀ। ਕੁਝ ਦਿਨਾਂ ਬਾਅਦ ਫੈਡਰਲ ਏਜੰਟ ਨੇ ਉਸਦੀ ਗੱਡੀ ਨੂੰ ਘੇਰ ਲਿਆ ਅਤੇ ਮਿਲਟਰੀ-ਸਟਾਈਲ ਓਪਰੇਸ਼ਨ ਕਰਦੇ ਹੋਏ ਫਲੈਸ਼-ਬੈਂਗ ਗ੍ਰਨੇਡ, ਅਸਾਲਟ ਰਾਈਫਲਜ਼ ਅਤੇ ਹਮਲਾਵਰ ਰਣਨੀਤੀਆਂ ਦੀ ਵਰਤੋਂ ਕਰਕੇ ਉਸਨੂੰ ਗ੍ਰਿਫ਼ਤਾਰ ਕੀਤਾ। ਉਸ ਸਮੇਂ ਉਸਦੀ ਪਾਰਟਨਰ ਅਤੇ ਛੋਟੇ ਬੱਚੇ ਵੀ ਗੱਡੀ ਵਿਚ ਮੌਜੂਦ ਸਨ।

ਸਭ ਤੋਂ ਵੱਡਾ ਵਿਵਾਦ ਇਸ ਗੱਲ ’ਤੇ ਹੋਇਆ ਕਿ ICE ਨੇ ਗ੍ਰਿਫ਼ਤਾਰੀ ਦੀ ਹਾਈ-ਰੈਜ਼ੋਲਿਊਸ਼ਨ ਫੁਟੇਜ ਖੁਦ ਰਿਕਾਰਡ ਕੀਤੀ ਅਤੇ ਬਾਅਦ ਵਿਚ ਸੋਸ਼ਲ ਮੀਡੀਆ ’ਤੇ ਅੱਪਲੋਡ ਕਰ ਦਿੱਤੀ। ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਨੇ ਇਸ ਆਪਰੇਸ਼ਨ ਨੂੰ “violent rioter ਦੀ targeted arrest” ਦੱਸਿਆ ਅਤੇ ਦਾਅਵਾ ਕੀਤਾ ਕਿ ਸੇਰਨਾ ਨੇ ਬਾਰਡਰ ਪੈਟਰੋਲ ਅਫਸਰ ਨੂੰ ਮੁੱਕਾ ਮਾਰਿਆ ਸੀ। ਪਰ ਸਾਹਮਣੇ ਆਈਆਂ ਵੀਡੀਓਜ਼ ਵਿਚ ਗ੍ਰਿਫਤਾਰੀ ਦੌਰਾਨ ਸੇਰਨਾ ਤੁਰੰਤ ਸਰੰਡਰ ਕਰਦਾ ਨਜ਼ਰ ਆ ਰਿਹਾ ਹੈ।

ਕ੍ਰਿਸ਼ਚੀਅਨ ਸੇਰਨਾ ਨੇ ਦੋਸ਼ਾਂ ਨੂੰ ਨਕਾਰਦੇ ਹੋਏ ਕਿਹਾ ਕਿ ਵਿਰੋਧ ਦੌਰਾਨ ਹਾਲਾਤ ਬਹੁਤ ਹਫੜਾ-ਦਫੜੀ ਵਾਲਾ ਸੀ ਅਤੇ ਉਸਨੇ ਜਾਣਬੁੱਝ ਕੇ ਕਿਸੇ ਅਫਸਰ ’ਤੇ ਹਮਲਾ ਨਹੀਂ ਕੀਤਾ। ਉਸਦੇ ਮੁਤਾਬਕ ICE ਏਜੰਟਸ ਪ੍ਰਦਰਸ਼ਨਕਾਰੀ ਨੂੰ ਡਰਾਉਣ ਲਈ “ਜੰਗ ਵਾਲਾ ਮਾਹੌਲ” ਬਣਾਕੇ ਆਏ ਸਨ। ਇੱਕ ਵੀਡੀਓ ਵਿਚ ਉਹ ਕਹਿੰਦਾ ਸੁਣਿਆ ਗਿਆ ਕਿ “ਇਹ ਕੋਈ ਲੜਾਈ ਦਾ ਮੈਦਾਨ ਨਹੀਂ ਹੈ।” ਮਾਮਲੇ ਦੀ ਸੁਣਵਾਈ ਦੌਰਾਨ ਜੱਜ ਸਿੰਥੀਆ ਵੈਲੇਨਜ਼ੁਏਲਾ ਨੇ ਵੀ ICE ਦੀ ਕਾਰਵਾਈ ’ਤੇ ਸਖ਼ਤ ਟਿੱਪਣੀ ਕੀਤੀ। ਜੱਜ ਨੇ ਕਿਹਾ ਕਿ ਗ੍ਰਿਫਤਾਰੀ ਦੀ ਰਣਨੀਤੀ “ਖ਼ਤਰਨਾਕ ਅਤੇ ਬਦਲੇ ਦੀ ਭਾਵਨਾ ਵਾਲੀਆਂ” ਲੱਗਦੀਆਂ ਹਨ ਅਤੇ ਇਸ ਨਾਲ ਬਣਦੀ ਪ੍ਰਕਿਰਿਆ ’ਤੇ ਸਵਾਲ ਖੜ੍ਹੇ ਹੁੰਦੇ ਹਨ। ਰਿਪੋਰਟਾਂ ਮੁਤਾਬਕ ਸੇਰਨਾ ਨੂੰ ਪ੍ਰੋਬੇਸ਼ਨ ਦੀ ਸਜ਼ਾ ਮਿਲੀ।

Global Allianz
ਕਾਨੂੰਨੀ ਸਲਾਹਾਂ
LAW FIRM LLP
ਇਮੀਗਰੇਸ਼ਨ ਸੇਵਾਵਾਂ
ਘਰੇਲੂ ਹਿੰਸਾ ਦੇ ਕੇਸ
ਨਸ਼ਾ ਕਰਕੇ ਗੱਡੀ ਚਲਾਉਣਾ
ਕੰਮ ’ਤੇ ਸੱਟ ਲਗਣਾ
Asylum & Deportation Defense



Atul Kapoor
C.E.O



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਅਮਰੀਕਾ 'ਚ ਡਿਪੋਰਟੇਸ਼ਨ ਮੁਹਿੰਮ ਕਾਰਨ ਡਿਟੇਨਸ਼ਨ ਸੈਂਟਰਾਂ 'ਚ ਭੀੜ ਵਧੀ

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਕੈਲੀਫੋਰਨੀਆ ਦੇ ਅਟਾਰਨੀ ਜਨਰਲ ਰੋਬ ਬੌਂਟਾ ਨੇ ਸ਼ੁੱਕਰਵਾਰ ਨੂੰ ICE ਡਿਟੇਨਸ਼ਨ ਸੈਂਟਰਾਂ ਦੀਆਂ ਹਾਲਤਾਂ ਬਾਰੇ ਇੱਕ ਤਿੱਖੀ ਰਿਪੋਰਟ ਜਾਰੀ ਕੀਤੀ। ਇਸ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਅਮਰੀਕਾ 'ਚ ਗੈਰ-ਕਾਨੂੰਨੀ ਪ੍ਰਵਾਸੀਆਂ ਖ਼ਿਲਾਫ਼ ਚੱਲ ਰਹੀ ਵੱਡੀ ਡਿਪੋਰਟੇਸ਼ਨ ਮੁਹਿੰਮ ਕਾਰਨ ਡਿਟੇਨਸ਼ਨ ਸੈਂਟਰਾਂ 'ਚ ਭੀੜ ਬਹੁਤ ਵੱਧ ਗਈ ਹੈ ਅਤੇ ਕੈਦੀਆਂ ਲਈ ਹਾਲਾਤ ਹੋਰ ਵੀ ਖਰਾਬ ਹੋ ਚੁੱਕੇ ਹਨ।



ਰਿਪੋਰਟ ਮੁਤਾਬਕ ਪਿਛਲੇ ਸਾਲ ਦੌਰਾਨ ਕੈਲੀਫੋਰਨੀਆ ਦੇ ਸੱਤ ICE ਸੈਂਟਰਾਂ ਦੀ ਜਾਂਚ ਕੀਤੀ ਗਈ, ਜਿੱਥੇ ਮੈਡੀਕਲ ਸਹੂਲਤਾਂ ਦੀ ਘਾਟ, ਇਲਾਜ ਵਿਚ ਦੇਰੀ, ਗੰਦਾ ਅਤੇ ਅਸੁਰੱਖਿਅਤ ਵਾਤਾਵਰਣ, ਘੱਟ ਖਾਣਾ, ਪੀਣ ਵਾਲੇ ਸਾਫ਼ ਪਾਣੀ ਦੀ ਕਮੀ ਅਤੇ ਸੁਰੱਖਿਆ ਕਰਮਚਾਰੀਆਂ ਵੱਲੋਂ ਜ਼ਰੂਰਤ ਤੋਂ ਵੱਧ ਬਲ ਦੀ ਵਰਤੋਂ ਵਰਗੀਆਂ ਗੰਭੀਰ ਸਮੱਸਿਆਵਾਂ ਸਾਹਮਣੇ ਆਈਆਂ।

ਸਤੰਬਰ ਤੋਂ ਮਾਰਚ ਤੱਕ 6 ਕੈਦੀਆਂ ਦੀ ਮੌਤ ਹੋਈ, ਜੋ ਕਿ 2017 ਤੋਂ ਬਾਅਦ ਸਭ ਤੋਂ ਵੱਧ ਗਿਣਤੀ ਹੈ। ਅਧਿਕਾਰੀਆਂ ਨੇ ਕਿਹਾ ਕਿ ਇਹ ਮੌਤਾਂ ਅਤੇ ਘਟੀਆ ਹਾਲਾਤ ICE ਦੇ ਆਪਣੇ ਨਿਯਮਾਂ ਦੀ ਉਲੰਘਣਾ ਹਨ।

ਰਿਪੋਰਟ ਵਿਚ ਇਹ ਵੀ ਦੱਸਿਆ ਗਿਆ ਕਿ ਕਈ ਕੈਦੀਆਂ ਨੂੰ ਸਮੇਂ 'ਤੇ ਡਾਕਟਰੀ ਸਹਾਇਤਾ ਨਹੀਂ ਮਿਲੀ। ਕਈ ਲੋਕਾਂ ਨੇ ਸ਼ਿਕਾਇਤ ਕੀਤੀ ਕਿ ਉਨ੍ਹਾਂ ਨੂੰ ਦਿਨਾਂ ਜਾਂ ਹਫ਼ਤਿਆਂ ਤੱਕ ਮੈਡੀਕਲ ਜਾਂਚ ਨਹੀਂ ਮਿਲੀ ਅਤੇ ਕਈਆਂ ਨੂੰ ਫਰਸ਼ 'ਤੇ ਸੌਣਾ ਪਿਆ।

ਅਟਾਰਨੀ ਜਨਰਲ ਰੌਬ ਬੋਂਟਾ ਨੇ ਕਿਹਾ ਕਿ ਇਹ ਹਾਲਾਤ "ਕਠੋਰ, ਗੈਰ-ਇਨਸਾਨੀ ਅਤੇ ਅਸਵੀਕਾਰਯੋਗ" ਹਨ। ਉਨ੍ਹਾਂ ਨੇ ਟਰੰਪ ਪ੍ਰਸ਼ਾਸਨ 'ਤੇ ਦੋਸ਼ ਲਾਇਆ ਕਿ ਵੱਡੇ ਪੱਧਰ 'ਤੇ ਹੋ ਰਹੀਆਂ ਗ੍ਰਿਫ਼ਤਾਰੀਆਂ ਅਤੇ ਡਿਟੇਨਸ਼ਨ ਕਾਰਨ ਸੈਂਟਰਾਂ 'ਤੇ ਬੋਝ ਵਧ ਗਿਆ ਹੈ।

ਦੂਜੇ ਪਾਸੇ, ਅਮਰੀਕੀ ਹੋਮਲੈਂਡ ਸੁਰੱਖਿਆ ਵਿਭਾਗ (ਡੀ.ਐੱਚ.ਐੱਸ.) ਨੇ ਕਿਹਾ ਕਿ ਕੈਦੀਆਂ ਦੀ ਸਿਹਤ ਅਤੇ ਸੁਰੱਖਿਆ ICE ਦੀ ਪਹਿਲੀ ਤਰਜੀਹ ਹੈ। ਵਿਭਾਗ ਨੇ ਇਹ ਵੀ ਕਿਹਾ ਕਿ ਗੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਲੋਕਾਂ ਨੂੰ ਆਪਣੇ ਦੇਸ਼ ਵਾਪਸ ਜਾਣ ਲਈ 2,600 ਡਾਲਰ ਅਤੇ ਮੁਫ਼ਤ ਫਲਾਈਟ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ।

ਰਿਪੋਰਟ ਵਿਚ ਇਹ ਵੀ ਸਾਹਮਣੇ ਆਇਆ ਕਿ 2023 ਵਿਚ ਜਿੱਥੇ 2,303 ਕੈਦੀ ਸਨ, ਉੱਥੇ 2025 ਵਿਚ ਇਹ ਗਿਣਤੀ ਵੱਧ ਕੇ 6,028 ਹੋ ਗਈ, ਯਾਨੀ 162 ਫੀਸਦੀ ਦਾ ਵਾਧਾ।

ਜਾਂਚ ਦੌਰਾਨ ਅਧਿਕਾਰੀਆਂ ਨੇ ਕਈ ਸੈਂਟਰਾਂ ਵਿਚ ਮੈਡੀਕਲ ਸਟਾਫ ਦੀ ਘਾਟ, ਕੈਦੀਆਂ ਲਈ ਖਾਣੇ ਅਤੇ ਸਾਫ਼ ਪਾਣੀ ਦੀ ਕਮੀ, ਬਹੁਤ ਜ਼ਿਆਦਾ ਠੰਢ ਅਤੇ ਗੰਦੇ ਕਮਰੇ, ਫੋਨ ਅਤੇ ਕਾਨੂੰਨੀ ਮਦਦ ਤੱਕ ਸੀਮਿਤ ਪਹੁੰਚ, ਪੈਪਰ ਸਪ੍ਰੇ ਅਤੇ ਜ਼ਬਰਦਸਤੀ ਦੀ ਵਰਤੋਂ ਅਤੇ ਕੁਝ ਸੈਂਟਰਾਂ ਵਿਚ ਹਰ ਮੁਲਾਕਾਤ ਤੋਂ ਬਾਅਦ ਸਟਰਿਪ ਸਰਚ ਦੀ ਪ੍ਰਥਾ ਆਦਿ ਗੰਭੀਰ ਸਮੱਸਿਆਵਾਂ ਵੇਖੀਆਂ।

ਰਿਪੋਰਟ 'ਚ ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਦੇ ਕਈ ਸੈਂਟਰਾਂ ਦਾ ਜ਼ਿਕਰ ਕੀਤਾ ਗਿਆ, ਜਿਨ੍ਹਾਂ 'ਚ ਐਡੇਲੈਂਟੋ ICE ਪ੍ਰੋਸੈਸਿੰਗ ਸੈਂਟਰ ਅਤੇ ਓਟੇ ਮੇਸਾ ਡਿਟੈਂਨਸ਼ਨ ਸੈਂਟਰ ਵੀ ਸ਼ਾਮਲ ਹਨ।

ਕੈਲੀਫੋਰਨੀਆ ਡੀ.ਓ.ਜੇ. ਨੇ ਕਿਹਾ ਕਿ ਉਹ 2027 ਤੱਕ ICE ਡਿਟੇਨਸ਼ਨ ਸੈਂਟਰਾਂ ਦੀ ਜਾਂਚ ਜਾਰੀ ਰੱਖੇਗਾ ਅਤੇ ਜੂਨ 9 ਨੂੰ ਇਸ ਰਿਪੋਰਟ ਬਾਰੇ ਇੱਕ ਕਮਿਊਨਿਟੀ ਬ੍ਰੀਫਿੰਗ ਵੀ ਕੀਤੀ ਜਾਵੇਗੀ।

## ਨਿਵੇਸ਼ ਫਰਾਡ ਸਕੀਮ ਮਾਮਲੇ 'ਚ ਭਾਰਤੀ ਮੂਲ ਦੇ ਵਿਅਕਤੀ ਨੂੰ 5 ਸਾਲ ਕੈਦ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- 21.25 ਕਰੋੜ ਡਾਲਰ ਦੀ ਨਿਵੇਸ਼ ਫਰਾਡ ਸਕੀਮ ਮਾਮਲੇ 'ਚ ਕੋਲਟਸ ਨੈੱਕ, ਨਿਊ ਜਰਸੀ ਦੇ ਭਾਰਤੀ ਮੂਲ ਦੇ 55 ਸਾਲਾ ਪਰਮਜੀਤ ਪਰਮਾਰ ਨੂੰ 5 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਅਦਾਲਤ ਨੇ ਪਰਮਾਰ ਜੋ ਪਾਲ ਪਰਮਾਰ ਵਜੋਂ ਵੀ ਜਾਣਿਆ ਜਾਂਦਾ ਹੈ, ਉਪਰ ਰਿਹਾਈ ਉਪਰੰਤ 3 ਸਾਲ ਨਿਗਰਾਨੀ ਰੱਖਣ ਦਾ ਵੀ ਆਦੇਸ਼ ਦਿੱਤਾ ਹੈ। ਉਸ ਨੇ 2025 ਵਿਚ ਆਪਣਾ ਗੁਨਾਹ ਕਬੂਲ ਕਰ ਲਿਆ ਸੀ। ਅਦਾਲਤੀ ਦਸਤਾਵੇਜ਼ ਅਨੁਸਾਰ ਪਰਮਾਰ ਨੇ 2015 ਤੋਂ 2017 ਦਰਮਿਆਨ ਸਹਿ ਸਾਜ਼ਿਸ਼ਕਾਰਾਂ ਸੈਮ ਜ਼ਾਹਾਰਿਸ ਤੇ ਰਵੀ ਚਿਵੂਕੁਲਾ ਨਾਲ ਮਿਲ ਕੇ ਇਕ ਫਰਾਡ ਸਕੀਮ ਤਹਿਤ ਤਕਰੀਬਨ 21.25 ਕਰੋੜ ਡਾਲਰ ਇਕੱਠੇ ਕੀਤੇ। ਇਸ ਤੋਂ ਇਲਾਵਾ ਪਬਲਿਕ ਮਾਰਕਿਟ ਰਾਹੀਂ ਵੀ ਲੋਕਾਂ ਕੋਲੋਂ ਫੰਡ ਜੁਟਾਇਆ। ਇਹ ਮਾਮਲਾ ਸਤੰਬਰ 2017 'ਚ ਸਾਹਮਣੇ ਆਇਆ, ਜਦੋਂ ਪਰਮਾਰ ਤੇ ਹੋਰ ਸਾਜ਼ਿਸ਼ਕਾਰ ਕੰਪਨੀ ਤੋਂ ਅਸਤੀਫਾ ਦੇ ਗਏ ਸਨ ਜਾਂ ਉਨ੍ਹਾਂ ਨੂੰ ਅਹੁਦਿਆਂ ਤੋਂ ਹਟਾ ਦਿੱਤਾ ਗਿਆ ਸੀ।



# ਪ੍ਰਵਾਸੀਆਂ ਨੂੰ ਅਮਰੀਕਾ ਦਾਖਲ ਕਰਵਾਉਣ ਲਈ ਨਵੇਂ-ਨਵੇਂ ਰਾਹ ਲੱਭ ਰਹੇ ਨੇ ਡੌਂਕਰ !

■ ਸਖਤੀ ਕਾਰਨ ਕਈ ਗੈਰ ਕਾਨੂੰਨੀ ਪ੍ਰਵਾਸੀ ਬਾਰਡਰ ਏਜੰਟਾਂ ਵੱਲੋਂ ਕਾਬੂ

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਟਰੰਪ ਦਾ ਖ਼ੌਫ਼ ਸੰਭਾਵਤ ਤੌਰ 'ਤੇ ਖ਼ਤਮ ਹੁੰਦਾ ਜਾ ਰਿਹਾ ਹੈ ਅਤੇ ਹਰ ਜਾਇਜ਼-ਨਾਜਾਇਜ਼ ਤਰੀਕੇ ਅਮਰੀਕਾ ਦਾਖ਼ਲ ਹੋਣ ਦੇ ਇੱਛਕ ਪ੍ਰਵਾਸੀਆਂ ਦੀ ਗਿਣਤੀ ਵਧਦੀ ਜਾ ਰਹੀ ਹੈ। ਕੈਨੇਡਾ ਦਾ ਬਾਰਡਰ ਹੋਵੇ ਜਾਂ ਮੈਕਸੀਕੋ ਦਾ ਬਾਰਡਰ, ਗੈਰਕਾਨੂੰਨੀ ਪ੍ਰਵਾਸੀਆਂ ਦੀਆਂ ਟੋਲੀਆਂ ਹਿਰਾਸਤ ਵਿਚ ਲਏ ਜਾਣ ਦੀਆਂ ਘਟਨਾਵਾਂ ਨਿੱਤ ਸਾਹਮਣੇ ਆਉਣ ਲੱਗੀਆਂ ਹਨ। ਡੌਂਕਰਾਂ ਵੱਲੋਂ ਪ੍ਰਵਾਸੀਆਂ ਨੂੰ ਅਮਰੀਕਾ ਦਾਖ਼ਲ ਕਰਵਾਉਣ ਲਈ ਨਵੇਂ-ਨਵੇਂ ਰਾਹ ਲੱਭੇ ਜਾ ਰਹੇ ਹਨ ਪਰ ਬਾਰਡਰ ਏਜੰਟ ਵੀ ਘੱਟ ਨਹੀਂ ਅਤੇ ਦਿਹਾਤੀ ਇਲਾਕਿਆਂ ਵਿਚ ਛਾਪੇ ਮਾਰਦਿਆਂ 6 ਗੱਡੀਆਂ ਵਿਚ ਸਵਾਰ 32 ਜਣਿਆਂ ਨੂੰ ਕਾਬੂ ਕਰ ਲਿਆ। ਕੈਲੀਫੋਰਨੀਆ ਦੇ ਅਲ ਸੈਂਟਰੋ ਸੈਕਟਰ ਵਿਚ ਕਾਰਵਾਈ ਤੋਂ ਇਲਾਵਾ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਵਾਲੇ ਪਾਸੇ ਦੋ ਮਨੁੱਖੀ ਤਸਕਰਾਂ ਅਤੇ ਅੱਠ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਬਾਰਡਰ ਅਫ਼ਸਰਾਂ ਨੇ ਕਾਬੂ ਕਰ ਲਿਆ। ਵਾਸ਼ਿੰਗਟਨ ਸੂਬੇ ਦੇ ਬੈਲਿੰਗਮ ਵਿਖੇ ਗ੍ਰਿਫ਼ਤਾਰ ਮਨੁੱਖੀ ਤਸਕਰ ਮੈਟਰੋ ਵੈਨਕੂਵਰ ਨਾਲ ਸਬੰਧਤ ਦੱਸੇ ਜਾ ਰਹੇ ਹਨ। ਵਾਸ਼ਿੰਗਟਨ ਸੂਬੇ ਦੇ ਟਾਪੂਨੁਮਾ ਇਲਾਕੇ ਪੁਆਇੰਟ ਰੌਬਰਟਸ ਤੋਂ ਚਾਰਟਰਡ ਫਲਾਈਟ ਰਾਹੀਂ ਇਹ ਸਾਰੇ ਬੈਲਿੰਗਮ ਪੁੱਜੇ, ਜਿਥੇ ਬਾਰਡਰ ਏਜੰਟਾਂ ਨੇ ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ।

ਮਨੁੱਖੀ ਤਸਰਕਾਂ ਵਿਚੋਂ ਇਕ ਕੈਨੇਡੀਅਨ ਸਿਟੀਜ਼ਨ ਹੈ, ਜਦਕਿ ਦੂਜਾ ਪਰਮਾਨੈਂਟ ਰੈਜ਼ੀਡੈਂਟ। ਜਾਂਚਕਰਤਾਵਾਂ ਨੇ ਦੱਸਿਆ ਕਿ 8 ਪ੍ਰਵਾਸੀਆਂ ਨੂੰ ਕੈਨੇਡਾ ਤੋਂ ਅਮਰੀਕਾ ਪਹੁੰਚਾਉਣ ਦੇ ਇਵਜ਼ ਵਿਚ 13 ਹਜ਼ਾਰ ਡਾਲਰ ਤੋਂ 15 ਹਜ਼ਾਰ ਡਾਲਰ ਦੀ ਰਕਮ ਮੰਗੀ ਗਈ। ਪ੍ਰਵਾਸੀਆਂ ਨੂੰ ਮੰਜ਼ਿਲ 'ਤੇ ਪਹੁੰਚਾਏ ਜਾਣ ਮਗਰੋਂ ਰਕਮ ਦੀ ਅਦਾਇਗੀ ਕੀਤੀ ਜਾਣੀ ਸੀ ਪਰ ਇਸ ਤੋਂ ਪਹਿਲਾਂ ਹੀ ਫੜੇ ਗਏ। ਦੂਜੇ ਪਾਸੇ 12 ਭਾਰਤੀ ਨਾਗਰਿਕਾਂ ਨੂੰ ਕੈਨੇਡਾ ਤੋਂ ਅਮਰੀਕਾ ਲਿਜਾ ਰਹੇ 22 ਸਾਲ ਦੇ ਸ਼ਿਵਮ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਹੈ। ਅਮਰੀਕਾ ਦੇ ਜਸਟਿਸ ਡਿਪਾਰਟਮੈਂਟ ਨੇ ਦੱਸਿਆ ਕਿ ਸ਼ਿਵਮ ਅਤੇ ਇਸ ਦੇ ਸਾਥੀਆਂ ਨੇ ਅਕਤੂਬਰ 2024 ਤੋਂ ਜੂਨ 2025 ਦਰਮਿਆਨ ਪ੍ਰਵਾਸੀਆਂ ਨੂੰ ਨਿਊਯਾਰਕ ਸੂਬੇ ਰਾਹੀਂ ਅਮਰੀਕਾ ਦਾ ਬਾਰਡਰ ਪਾਰ ਕਰਵਾਇਆ। ਸ਼ਿਵਮ ਦਾ ਕੰਮ ਪ੍ਰਵਾਸੀਆ ਨੂੰ ਗੱਡੀਆਂ ਵਿਚ ਲਿਜਾਣ ਵਾਲੇ ਡਰਾਈਵਰਾਂ ਨਾਲ ਤਾਲਮੇਲ ਕਾਇਮ ਕਰਨਾ ਹੁੰਦਾ ਸੀ। ਉਤਰੀ ਨਿਊਯਾਰਕ ਦੇ ਸੁੰਨਸਾਨ ਇਲਾਕੇ ਵਿਚ ਬਣੇ ਕੁਝ ਘਰਾਂ ਵਿਚ ਠਹਿਰਾਏ ਪ੍ਰਵਾਸੀਆਂ ਨੂੰ ਪਲੈਟਸਬਰਗ ਦੇ ਹੋਟਲਾਂ ਵਿਚ ਲਿਜਾਇਆ ਜਾਂਦਾ ਅਤੇ ਇਥੋਂ ਇਹ ਆਪੋ ਆਪਣੀ ਮੰਜ਼ਿਲ ਵੱਲ ਰਵਾਨਾ ਹੋ ਜਾਂਦੇ।

25 ਜਨਵਰੀ 2025 ਨੂੰ ਸ਼ਿਵਮ ਨੇ ਆਪਣੇ ਸਾਥੀਆਂ ਨਾਲ 12 ਭਾਰਤੀ ਨਾਗਰਿਕਾਂ ਨੂੰ ਬਾਰਡਰ ਪਾਰ ਕਰਵਾਇਆ ਅਤੇ 26 ਜਨਵਰੀ ਨੂੰ ਗੱਡੀਆਂ ਵਿਚ ਬਿਠਾ ਕੇ ਅਗਲੇ ਸਫ਼ਰ 'ਤੇ ਨਿਕਲਣ ਦੀ ਤਿਆਰੀ ਕਰਨ ਲੱਗਾ ਪਰ ਇਸ ਤੋਂ ਪਹਿਲਾਂ ਹੀ ਬਾਰਡਰ ਪੈਟਰੋਲ ਏਜੰਟਾਂ ਨੇ ਗੱਡੀਆਂ ਘੇਰ ਲਈਆਂ।




# ਅਮਰੀਕੀ ਨਿਆਂ ਵਿਭਾਗ ਵਲੋਂ ਅਡਾਨੀ ਖਿਲਾਫ ਕੇਸ ਪੱਕੇ ਤੌਰ ’ਤੇ ਬੰਦ

**ਨਿਊਯਾਰਕ, (ਪੰਜਾਬ ਮੇਲ)**- ਅਮਰੀਕੀ ਨਿਆ ਵਿਭਾਗ ਨੇ ਅਡਾਨੀ ਗਰੁੱਪ ਦੇ ਚੇਅਰਮੈਨ ਗੌਤਮ ਅਡਾਨੀ ਅਤੇ ਉਨ੍ਹਾਂ ਦੇ ਭਤੀਜੇ ਸਾਗਰ ਅਡਾਨੀ ਖ਼ਿਲਾਫ਼ ਲਗਾਏ ਗਏ ਸਾਰੇ ਅਪਰਾਧਿਕ ਦੋਸ਼ਾਂ ਨੂੰ ਪੱਕੇ ਤੌਰ ’ਤੇ ਵਾਪਸ ਲੈ ਲਿਆ ਹੈ। ਇਸ ਫੈਸਲੇ ਨਾਲ ਨਿਊਯਾਰਕ ਦੀ ਅਦਾਲਤ ਵਿਚ ਚੱਲ ਰਿਹਾ ਬਹੁਚਰਚਿਤ ਸਕਿਉਰਿਟੀਜ਼ ਅਤੇ ਧੋਖਾਧੜੀ ਦਾ ਮਾਮਲਾ ਹੁਣ ਪੂਰੀ ਤਰ੍ਹਾਂ ਖ਼ਤਮ ਹੋ ਗਿਆ ਹੈ। ਅਮਰੀਕੀ ਵਕੀਲਾਂ ਨੇ ਅਦਾਲਤ ਵਿਚ ਦਸਤਾਵੇਜ਼ ਪੇਸ਼ ਕਰਕੇ ਸਪੱਸ਼ਟ ਕੀਤਾ ਹੈ ਕਿ ਉਹ ਹੁਣ ਇਨ੍ਹਾਂ ਦੋਸ਼ਾਂ ਦੀ ਪੈਰਵੀ ਕਰਨ ਦੇ ਸਮਰੱਥ ਨਹੀਂ ਹਨ। ਇਸ ਦੇ ਨਾਲ ਹੀ ਪਿਛਲੇ ਕੁਝ ਦਿਨਾਂ ਵਿਚ ਅਮਰੀਕਾ ਅੰਦਰ ਅਡਾਨੀ ਸਮੂਹ ਨਾਲ ਸਬੰਧਤ ਚੱਲ ਰਹੇ ਸਾਰੇ ਕਾਨੂੰਨੀ ਮਾਮਲੇ ਬੰਦ ਕੀਤੇ ਜਾ ਚੁੱਕੇ ਹਨ।

ਅਮਰੀਕੀ ਸਰਕਾਰੀ ਵਕੀਲਾਂ ਨੇ ਪੂਰਬੀ ਨਿਊਯਾਰਕ ਦੀ ਅਦਾਲਤ ਵਿਚ ਕਿਹਾ ਕਿ ਇਸ ਮਾਮਲੇ ਦੀ ਸਮੀਖਿਆ ਕਰਨ ਤੋਂ ਬਾਅਦ ਉਨ੍ਹਾਂ ਨੇ ਆਪਣੇ ਜਾਂਚ ਦੇ ਅਧਿਕਾਰ ਤਹਿਤ ਇਹ ਫੈਸਲਾ ਲਿਆ ਹੈ ਕਿ ਉਹ ਇਨ੍ਹਾਂ ਅਪਰਾਧਿਕ ਦੋਸ਼ਾਂ ’ਤੇ ਹੁਣ ਹੋਰ ਸਮਾਂ ਬਰਬਾਦ ਨਹੀਂ ਕਰਨਗੇ। ਇਸ ਤੋਂ ਬਾਅਦ ਅਦਾਲਤ ਨੇ ਵੀ ਹੁਕਮ ਜਾਰੀ ਕਰਦਿਆਂ ਦੋਸ਼ਾਂ ਨੂੰ ‘ਸਥਾਈ ਤੌਰ ’ਤੇ ਖਾਰਜ’ ਕਰ ਦਿੱਤਾ, ਜਿਸ ਦਾ ਮਤਲਬ ਹੈ ਕਿ ਇਸ ਮਾਮਲੇ ਨੂੰ ਭਵਿੱਖ ਵਿਚ ਦੁਬਾਰਾ ਨਹੀਂ ਖੋਲ੍ਹਿਆ ਜਾ ਸਕਦਾ। ਅਮਰੀਕੀ ਅਦਾਲਤ ਦਾ ਇਹ ਫੈਸਲਾ ਅਜਿਹੇ ਸਮੇਂ ਆਇਆ ਹੈ, ਜਦੋਂ ਪਿਛਲੇ ਹਫ਼ਤੇ ਹੀ ਅਮਰੀਕੀ ਸਕਿਉਰਿਟੀਜ਼ ਐਂਡ ਐਕਸਚੇਂਜ ਕਮਿਸ਼ਨ (ਐੱਸ.ਈ.ਸੀ.) ਨੇ ਸੌਰ ਊਰਜਾ ਪ੍ਰਾਜੈਕਟਾਂ ਨਾਲ ਸਬੰਧਤ ਨਿਵੇਸ਼ਕਾਂ ਦੇ ਖੁਲਾਸੇ ਦੇ ਮਾਮਲੇ ਵਿਚ ਸਿਵਲ ਦੋਸ਼ਾਂ ਦਾ ਨਿਪਟਾਰਾ ਕੀਤਾ ਸੀ, ਜਿਸ ਵਿਚ ਬਿਨਾਂ ਕਿਸੇ ਗਲਤੀ ਨੂੰ ਸਵੀਕਾਰ ਜਾਂ ਅਸਵੀਕਾਰ ਕੀਤੇ ਗੌਤਮ ਅਡਾਨੀ ਨੇ 60 ਲੱਖ ਡਾਲਰ ਅਤੇ ਸਾਗਰ ਅਡਾਨੀ ਨੇ 120 ਲੱਖ ਡਾਲਰ ਦਾ ਭੁਗਤਾਨ ਕਰਨ ’ਤੇ ਸਹਿਮਤੀ ਜਤਾਈ ਸੀ। ਇਹ ਮਾਮਲਾ ਸਾਲ 2024 ਦੇ ਅੰਤ ਵਿਚ ਦਾਇਰ ਕੀਤਾ ਗਿਆ ਸੀ, ਜਿਸ ਵਿਚ ਦੋਸ਼ ਲਗਾਇਆ ਗਿਆ ਸੀ ਕਿ ਅਡਾਨੀ ਸਮੂਹ ਨੇ ਭਾਰਤੀ ਅਧਿਕਾਰੀਆਂ ਨਾਲ ਜੁੜੇ ਕਥਿਤ 26.5 ਕਰੋੜ ਡਾਲਰ ਦੇ ਰਿਸ਼ਵਤ ਮਾਮਲੇ ਨੂੰ ਛੁਪਾ ਕੇ ਅਮਰੀਕੀ ਨਿਵੇਸ਼ਕਾਂ ਤੋਂ ਪੂੰਜੀ ਇਕੱਠੀ ਕੀਤੀ ਸੀ ਪਰ ਮਾਮਲੇ ਦੇ ਜਾਣਕਾਰਾਂ ਦਾ ਕਹਿਣਾ ਹੈ ਕਿ ਇਹ ਕੇਸ ਉਸ ਸਮੇਂ ਅਡਾਨੀ ਦੇ ਪੱਖ ਵਿਚ ਚਲਾ ਗਿਆ, ਜਦੋਂ ਜਾਂਚ ਦੌਰਾਨ ਅਮਰੀਕਾ ਨਾਲ ਕੋਈ ਸਿੱਧਾ ਸਬੰਧ ਅਤੇ ਦੋਸ਼ਾਂ ਨੂੰ ਸਾਬਤ ਕਰਨ ਲਈ ਕੋਈ ਠੋਸ ਆਧਾਰ ਨਹੀਂ ਮਿਲਿਆ। ਇਹ ਫੈਸਲਾ ਅਮਰੀਕੀ ਵਕੀਲਾਂ ਅਤੇ ਅਡਾਨੀ ਸਮੂਹ ਦੀ ਕਾਨੂੰਨੀ ਟੀਮ ਵਿਚਕਾਰ ਕਈ ਮਹੀਨਿਆਂ ਦੀ ਗੱਲਬਾਤ ਅਤੇ ਕਾਨੂੰਨੀ ਸਲਾਹਕਾਰਾਂ ਵੱਲੋਂ ਪੇਸ਼ ਕੀਤੀਆਂ ਗਈਆਂ ਦਲੀਲਾਂ ਤੋਂ ਬਾਅਦ ਸਾਹਮਣੇ ਆਇਆ ਹੈ।

## ਅਪਰਾਧਿਕ ਮਾਮਲਿਆਂ ਦੀ ਪੈਰਵੀ ਨਹੀਂ ਕਰ ਸਕਦੇ

ਅਮਰੀਕੀ ਅਦਾਲਤ ਵਿਚ 7 ਅਪ੍ਰੈਲ 2026 ਨੂੰ ਜਨਤਕ ਤੌਰ ’ਤੇ ਦਾਖਲ ਕੀਤੇ ਗਏ ਦਸਤਾਵੇਜ਼ਾਂ ਵਿਚ ਅਡਾਨੀ ਦੇ ਵਕੀਲਾਂ ਨੇ ਐੱਸ.ਈ.ਸੀ. ਦੀ ਕਾਰਵਾਈ ਨੂੰ ਸਖ਼ਤ ਚੁਣੌਤੀ ਦਿੱਤੀ ਸੀ। ਉਨ੍ਹਾਂ ਨੇ ਇਸ ਨੂੰ ਅਮਰੀਕੀ ਸਕਿਉਰਿਟੀਜ਼ ਕਾਨੂੰਨਾਂ ਦਾ ‘ਲੋੜ ਤੋਂ ਵੱਧ ਖੇਤਰੀ ਵਿਸਤਾਰ’ ਦੱਸਿਆ ਸੀ। ਕਾਨੂੰਨੀ ਦਸਤਾਵੇਜ਼ਾਂ ਵਿਚ ਕਿਹਾ ਗਿਆ ਸੀ ਕਿ ਐੱਸ.ਈ.ਸੀ. ਕੋਲ ਇਸ ਮਾਮਲੇ ਵਿਚ ਲੋੜੀਂਦਾ ਅਧਿਕਾਰ ਖੇਤਰ ਹੀ ਨਹੀਂ ਸੀ, ਉਹ ਕੋਈ ਠੋਸ ਗਲਤਬਿਆਨੀ ਸਾਬਤ ਨਹੀਂ ਕਰ ਸਕਿਆ ਅਤੇ ਨਾ ਹੀ ਕਿਸੇ ਬਚਾਅ ਪੱਖ ਦੇ ਮੈਂਬਰ ਨੂੰ ਬਾਂਡ ਜਾਰੀ ਕਰਨ ਦੀ ਪ੍ਰਕਿਰਿਆ ਨਾਲ ਸਿੱਧੇ ਤੌਰ ’ਤੇ ਜੋੜਿਆ ਜਾ ਸਕਿਆ।

ਇਸ ਪੂਰੇ ਮਾਮਲੇ ਵਿਚ ਇੱਕ ਹੋਰ ਮਹੱਤਵਪੂਰਨ ਪਹਿਲੂ ਇਹ ਵੀ ਰਿਹਾ ਕਿ ਗੌਤਮ ਅਡਾਨੀ, ਸਾਗਰ ਅਡਾਨੀ ਅਤੇ ਵਿਨੀਤ ਜੈਨ ’ਤੇ ਕੇਵਲ ਸਕਿਉਰਿਟੀਜ਼ ਅਤੇ ‘ਵਾਇਰ’ ਧੋਖਾਧੜੀ ਨਾਲ ਜੁੜੀਆਂ ਧਾਰਾਵਾਂ ਤਹਿਤ ਹੀ ਦੋਸ਼ ਲਗਾਏ ਗਏ ਸਨ। ਉਨ੍ਹਾਂ ਨੂੰ ਵਧੇਰੇ ਗੰਭੀਰ ਮੰਨੇ ਜਾਣ ਵਾਲੇ ਫੌਰਨ ਕੁਰੱਪਟ ਪ੍ਰੈਕਟਿਸਿਜ਼ ਐਕਟ (ਐੱਫ.ਸੀ.ਪੀ.ਏ.) ਦੇ ਰਿਸ਼ਵਤਖੋਰੀ ਜਾਂ ਜਾਂਚ ਵਿਚ ਰੁਕਾਵਟ ਪਾਉਣ ਵਰਗੇ ਦੋਸ਼ਾਂ ਵਿਚ ਨਾਮਜ਼ਦ ਨਹੀਂ ਕੀਤਾ ਗਿਆ ਸੀ, ਜਿਸ ਕਾਰਨ ਸਮੀਖਿਆ ਤੋਂ ਬਾਅਦ ਕੇਸ ਦਾ ਆਧਾਰ ਕਮਜ਼ੋਰ ਹੋ ਗਿਆ ਅਤੇ ਅਮਰੀਕੀ ਨਿਆਂ ਵਿਭਾਗ ਨੇ ਇਸ ਮਾਮਲੇ ਨੂੰ ਸਥਾਈ ਤੌਰ ’ਤੇ ਬੰਦ ਕਰਨ ਦਾ ਕਦਮ ਚੁੱਕਿਆ।

# ਟਰੰਪ ਦੇ ‘ਗੋਲਡਨ ਡੋਮ’ ਰੱਖਿਆ ਪ੍ਰੋਜੈਕਟ ’ਤੇ ਖਰਚ ਹੋਣਗੇ 1.2 ਟ੍ਰਿਲੀਅਨ ਡਾਲਰ!

**ਵਾਸ਼ਿੰਗਟਨ, (ਪੰਜਾਬ ਮੇਲ)**- ਰਾਸ਼ਟਰਪਤੀ ਡੋਨਾਲਡ ਟਰੰਪ ਦੀ ਪੁਲਾੜ ’ਚ ਹਥਿਆਰ ਤਾਇਨਾਤ ਕਰਨ ਦੀ ਯੋਜਨਾ ’ਤੇ ਅਗਲੇ 20 ਸਾਲਾਂ ਵਿਚ ਅੰਦਾਜ਼ਨ 1.2 ਟ੍ਰਿਲੀਅਨ ਡਾਲਰ (ਲਗਭਗ 100 ਲੱਖ ਕਰੋੜ ਰੁਪਏ) ਖਰਚ ਹੋਣਗੇ। ਕਾਂਗਰਸ ਬਜਟ ਦਫਤਰ (ਸੀ.ਬੀ.ਓ.) ਦੇ ਇੱਕ ਨਵੇਂ ਵਿਸ਼ਲੇਸ਼ਣ ਅਨੁਸਾਰ, “ਅਮਰੀਕਾ ਲਈ ਗੋਲਡਨ ਡੋਮ” ਮਿਜ਼ਾਈਲ ਰੱਖਿਆ ਪ੍ਰੋਗਰਾਮ ਨਾਮਕ ਇਹ ਯੋਜਨਾ ਟਰੰਪ ਦੇ ਪਿਛਲੇ ਸਾਲ ਦੇ 175 ਬਿਲੀਅਨ ਡਾਲਰ ਦੇ ਸ਼ੁਰੂਆਤੀ ਅਨੁਮਾਨ ਤੋਂ ਕਿਤੇ ਵੱਧ ਹੈ। ਰਿਪੋਰਟ ’ਚ ਕਿਹਾ ਗਿਆ ਹੈ ਕਿ ਵਿਸ਼ਲੇਸ਼ਣ ਇੱਕ ਖਾਸ ਪ੍ਰਸ਼ਾਸਕੀ ਪ੍ਰਸਤਾਵ ਦੀ ਬਜਾਏ ਇੱਕ “ਵਿਆਪਕ ਦ੍ਰਿਸ਼ਟੀਕੋਣ” ਨੂੰ ਦਰਸਾਉਂਦਾ ਹੈ। ਟਰੰਪ ਨੇ ਆਪਣੇ ਕਾਰਜਕਾਲ ਦੇ ਪਹਿਲੇ ਹਫ਼ਤੇ ਵਿਚ ਇੱਕ ਕਾਰਜਕਾਰੀ ਆਦੇਸ਼ ਰਾਹੀਂ ਇਸ ਉੱਨਤ ਪ੍ਰਣਾਲੀ ਦੇ ਵਿਕਾਸ ਨੂੰ ਨਿਰਦੇਸ਼ਤ ਕੀਤਾ। ਫਿਰ ਉਸਨੇ ਉਮੀਦ ਪ੍ਰਗਟ ਕੀਤੀ ਕਿ ਜਨਵਰੀ 2029 ਵਿਚ ਉਸਦੇ ਕਾਰਜਕਾਲ ਦੇ ਅੰਤ ਤੋਂ ਪਹਿਲਾਂ ਇਹ ਪ੍ਰਣਾਲੀ ਪੂਰੀ ਤਰ੍ਹਾਂ ਕਾਰਜਸ਼ੀਲ ਹੋ ਜਾਵੇਗੀ। ਇਹ ਸੰਕਲਪ ਵੱਡੇ ਪੱਧਰ ’ਤੇ ਇਜ਼ਰਾਈਲ ਦੇ “ਆਇਰਨ ਡੋਮ” ਰੱਖਿਆ ਪ੍ਰਣਾਲੀ ਤੋਂ ਪ੍ਰੇਰਿਤ ਹੈ, ਜਿਸਨੇ ਹਾਲ ਹੀ ਦੇ ਸੰਘਰਸ਼ਾਂ ਵਿਚ ਮਿਜ਼ਾਈਲ ਹਮਲਿਆਂ ਨੂੰ ਰੋਕਣ ਵਿਚ ਮੁੱਖ ਭੂਮਿਕਾ ਨਿਭਾਈ ਹੈ। ਅਮਰੀਕਾ ਦੀ ਇਸ ਯੋਜਨਾ ਦਾ ਉਦੇਸ਼ ਜ਼ਮੀਨੀ ਅਤੇ ਪੁਲਾੜ-ਆਧਾਰਿਤ ਸਮਰੱਥਾਵਾਂ ਨੂੰ ਸ਼ਾਮਲ ਕਰਨਾ ਹੈ, ਜੋ ਕਿਸੇ ਵੀ ਸੰਭਾਵੀ ਹਮਲੇ ਦੌਰਾਨ ਮਿਜ਼ਾਈਲਾਂ ਨੂੰ ਰੋਕਣ ਅਤੇ ਨਸ਼ਟ ਕਰਨ ਦੇ ਸਮਰੱਥ ਹਨ।

# ਰਾਸ਼ਟਰਪਤੀ ਡੋਨਾਲਡ ਟਰੰਪ ਦੀ ਇਰਾਨ ਨੂੰ ਇਕ ਹੋਰ ਚੇਤਾਵਨੀ



**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਰਾਨ ਨੂੰ ਇਕ ਹੋਰ ਸਖ਼ਤ ਚੇਤਾਵਨੀ ਦਿੰਦਿਆਂ ਕਿਹਾ ਹੈ ਕਿ ਜੇਕਰ ਤੇਹਰਾਨ ਨੇ ਜਲਦੀ ਸਮਝੌਤੇ ਵੱਲ ਕਦਮ ਨਾ ਚੁੱਕੇ, ਤਾਂ “ਉੱਥੇ ਕੁਝ ਵੀ ਨਹੀਂ ਬਚੇਗਾ।” ਟਰੰਪ ਨੇ ਸੋਸ਼ਲ ਮੀਡੀਆ ’ਤੇ ਲਿਖਿਆ ਕਿ “ਇਰਾਨ ਲਈ ਘੜੀ ਚੱਲ ਰਹੀ ਹੈ ਅਤੇ ਉਨ੍ਹਾਂ ਨੂੰ ਫੌਰੀ ਤੌਰ ’ਤੇ ਅੱਗੇ ਵਧਣਾ ਚਾਹੀਦਾ ਹੈ, ਨਹੀਂ ਤਾਂ ਉਨ੍ਹਾਂ ਲਈ ਕੁਝ ਵੀ ਨਹੀਂ ਬਚੇਗਾ।”

ਇਹ ਬਿਆਨ ਉਸ ਵੇਲੇ ਆਇਆ ਹੈ, ਜਦੋਂ ਟਰੰਪ ਨੇ ਆਪਣੇ ਕੌਮੀ ਸੁਰੱਖਿਆ ਸਲਾਹਕਾਰਾਂ ਨਾਲ ਇਰਾਨ-ਅਮਰੀਕਾ ਤਣਾਅ ਅਤੇ ਸੰਭਾਵਿਤ ਜੰਗੀ ਕਾਰਵਾਈਆਂ ਬਾਰੇ ਉੱਚ ਪੱਧਰੀ ਮੀਟਿੰਗ ਕੀਤੀ। ਮੀਟਿੰਗ ਵਿਚ ਉਪ ਰਾਸ਼ਟਰਪਤੀ ਜੇ.ਡੀ. ਵੈਂਸ, ਵਿਦੇਸ਼ ਮੰਤਰੀ ਮਾਰਕੋ ਰੂਬੀਓ, ਸੀ.ਆਈ.ਏ. ਡਾਇਰੈਕਟਰ ਜੌਨ ਰੈਟਕਲਿਫ ਅਤੇ ਖਾਸ ਦੂਤ ਸਟੀਵ ਵਿਟਕੋਫ ਵੀ ਸ਼ਾਮਲ ਹੋਏ।

ਸੂਤਰਾਂ ਮੁਤਾਬਕ, ਟਰੰਪ ਪ੍ਰਸ਼ਾਸਨ ਇਰਾਨ ਖ਼ਿਲਾਫ਼ ਹੋਰ ਵੱਡੀਆਂ ਫੌਜੀ ਕਾਰਵਾਈਆਂ ’ਤੇ ਵੀ ਵਿਚਾਰ ਕਰ ਰਿਹਾ ਹੈ। ਪੈਂਟਾਗਨ ਵੱਲੋਂ ਇਰਾਨ ਦੇ ਊਰਜਾ ਅਤੇ ਬੁਨਿਆਦੀ ਢਾਂਚੇ ਵਾਲੇ ਟੀਚਿਆਂ ’ਤੇ ਸੰਭਾਵਿਤ ਹਮਲਿਆਂ ਦੀ ਯੋਜਨਾ ਤਿਆਰ ਕੀਤੀ ਗਈ ਹੈ। ਹਾਲਾਂਕਿ ਟਰੰਪ ਅਜੇ ਵੀ ਕੂਟਨੀਤਿਕ ਹੱਲ ਨੂੰ ਤਰਜੀਹ ਦੇ ਰਹੇ ਹਨ, ਪਰ ਇਰਾਨ ਵੱਲੋਂ ਹੋ ਰਹੀ ਦੇਰੀ ਕਾਰਨ ਉਹ ਨਾਰਾਜ਼ ਦੱਸੇ ਜਾ ਰਹੇ ਹਨ।

ਦੂਜੇ ਪਾਸੇ, ਇਰਾਨ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਉਸਨੇ ਅਮਰੀਕਾ ਦੀਆਂ ਅਪੱਤੀਆਂ ਦੇ ਜਵਾਬ ਵਿਚ ਨਵਾਂ ਸੰਦੇਸ਼ ਭੇਜਿਆ ਹੈ। ਇਰਾਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਇਸਮਾਈਲ ਬਘਾਈ ਨੇ ਦੱਸਿਆ ਕਿ ਪਾਕਿਸਤਾਨ ਦੀ ਵਿਚੋਲਗੀ ਰਾਹੀਂ ਗੱਲਬਾਤ ਜਾਰੀ ਹੈ। ਉਨ੍ਹਾਂ ਮੁਤਾਬਕ, “ਅਮਰੀਕੀ ਪੱਖ ਦੀਆਂ ਸੋਧਾਂ ਅਤੇ ਸਲਾਹਾਂ ਸਾਨੂੰ ਮਿਲੀਆਂ ਹਨ ਅਤੇ ਅਸੀਂ ਆਪਣੇ ਵਿਚਾਰ ਉਨ੍ਹਾਂ ਤੱਕ ਵਾਪਸ ਭੇਜੇ ਹਨ।”

ਇਸ ਦੌਰਾਨ, ਬੈਂਜਾਮਿਨ ਨੇਤਨਯਾਹੂ ਨਾਲ ਵੀ ਟਰੰਪ ਦੀ ਐਤਵਾਰ ਨੂੰ ਗੱਲਬਾਤ ਹੋਈ। ਇਰਾਨੀ ਮੀਡੀਆ ਅਨੁਸਾਰ ਪਾਕਿਸਤਾਨ ਦੇ ਗ੍ਰਹਿ ਮੰਤਰੀ ਮੋਹਸਿਨ ਨਕਵੀ ਨੇ ਇਰਾਨੀ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨਾਲ ਮੁਲਾਕਾਤ ਕੀਤੀ, ਜਿਸ ਵਿਚ ਤੇਹਰਾਨ ਨੇ ਮੱਧ ਪੂਰਬ ਵਿਚ ਅਮਰੀਕੀ ਮੌਜੂਦਗੀ ਨੂੰ ਅਸਥਿਰਤਾ ਦਾ ਮੁੱਖ ਕਾਰਨ ਦੱਸਿਆ।


Dr. Sukhsimranjit Singh
LL.M., Ph.D
Mediator & Arbitrator, JAMS
Winner of SCMA Peacemaker Award.
Former: Dean of Straus Institute,
Pepperdine University; Faculty member of
Hamline University & Willamette University.
Founder of www.singhacademy.com



ARE YOU CURRENTLY FACING CIVIL, BUSINESS, FAMILY, CONTRACTUAL OR PROPERTY DISPUTES?

For Mediation Services, Contact Office Manager :
Julie McCool Email: jmccool@jamsadr.com
Call : +1 503 910 8767
SA
www.singhadr.com
Mediation - ◇ Save Money ◇ Save Time ◇ Save Your relationship
• LOS ANGELES 555 W 5th St
• SAN FRANCISCO 2 Embarcadero Center
• SACRAMENTO 2 Embarcadero 1415 L St # 700
• VISALIA 1300 W Main Street
• NEW YORK 1414 6th Ave
*863

# ਸੈਨ ਡਿਆਗੋ ਦੀ ਸਭ ਤੋਂ ਵੱਡੀ ਮਸਜਿਦ 'ਚ ਹੋਈ ਗੋਲੀਬਾਰੀ ਦੌਰਾਨ 3 ਲੋਕਾਂ ਦੀ ਮੌਤ

**ਸੈਨ ਡਿਆਗੋ, (ਪੰਜਾਬ ਮੇਲ)-** ਅਮਰੀਕਾ ਦੇ ਸੈਨ ਡਿਆਗੋ ਵਿਚ ਸਥਿਤ ਇਸਲਾਮਿਕ ਸੈਂਟਰ ਆਫ ਸੈਨ ਡਿਆਗੋ, ਜੋ ਸ਼ਹਿਰ ਦੀ ਸਭ ਤੋਂ ਵੱਡੀ ਮਸਜ਼ਿਦ ਮੰਨੀ ਜਾਂਦੀ ਹੈ, ਵਿਚ ਹੋਈ ਗੋਲੀਬਾਰੀ ਦੌਰਾਨ ਤਿੰਨ ਲੋਕ ਮਾਰੇ ਗਏ। ਮਾਰੇ ਗਏ ਲੋਕਾਂ 'ਚ ਇੱਕ ਸੁਰੱਖਿਆ ਗਾਰਡ ਵੀ ਸ਼ਾਮਲ ਹੈ, ਜਿਸ ਬਾਰੇ ਪੁਲਿਸ ਨੇ ਕਿਹਾ ਕਿ ਉਸ ਨੇ "ਬਹਾਦਰੀ ਨਾਲ ਕਈ ਜਾਨਾਂ ਬਚਾਈਆਂ।"

ਸਕਾਟ ਵਾਹਲ ਨੇ ਦੱਸਿਆ ਕਿ ਘਟਨਾ ਤੋਂ ਕੁਝ ਸਮੇਂ ਬਾਅਦ ਦੋ ਕਿਸ਼ੋਰ ਸ਼ੱਕੀ ਇੱਕ ਕਾਰ ਵਿਚ ਮ੍ਰਿਤ ਮਿਲੇ। ਪੁਲਿਸ ਮੁਤਾਬਕ ਦੋਹਾਂ ਦੀ ਮੌਤ ਆਪਣੇ ਆਪ ਨੂੰ ਗੋਲੀ ਮਾਰਨ ਕਾਰਨ ਹੋਈ ਲੱਗਦੀ ਹੈ। ਅਧਿਕਾਰੀਆਂ ਨੇ ਇਸ ਮਾਮਲੇ ਨੂੰ ਸੰਭਾਵਿਤ "ਹੇਟ ਕ੍ਰਾਈਮ" ਵਜੋਂ ਜਾਂਚਣਾ ਸ਼ੁਰੂ ਕਰ ਦਿੱਤਾ ਹੈ।

ਤਫ਼ਤੀਸ਼ਕਾਰਾਂ ਮੁਤਾਬਕ ਇੱਕ ਸ਼ੱਕੀ ਆਪਣੇ ਮਾਪਿਆਂ ਦੇ ਘਰ ਤੋਂ ਤਿੰਨ ਹਥਿਆਰ ਲੈ ਕੇ ਆਇਆ ਸੀ। ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੇ ਦੱਸਿਆ ਕਿ ਇੱਕ ਹਥਿਆਰ 'ਤੇ ਨਫ਼ਰਤ ਭਰੀ ਲਿਖਤ ਵੀ ਮਿਲੀ। ਇਸ ਤੋਂ ਇਲਾਵਾ ਇੱਕ ਸੁਸਾਈਡ ਨੋਟ ਵੀ ਬਰਾਮਦ ਹੋਇਆ ਹੈ, ਜਿਸ ਵਿਚ ਨਸਲੀ ਘਮੰਡ ਅਤੇ ਕਟੜਪੰਥੀ ਵਿਚਾਰਧਾਰਾ ਨਾਲ ਸੰਬੰਧਿਤ ਗੱਲਾਂ ਲਿਖੀਆਂ ਹੋਈਆਂ ਸਨ। ਪੁਲਿਸ ਸਰੋਤਾਂ ਨੇ ਇੱਕ ਸ਼ੱਕੀ ਦੀ ਪਹਿਚਾਣ 17 ਸਾਲਾ ਕੇਨ ਕਲਾਰਕ ਵਜੋਂ ਕੀਤੀ ਹੈ। ਜਾਣਕਾਰੀ ਮੁਤਾਬਕ ਉਹ ਇੱਕ ਆਨਲਾਈਨ ਸਕੂਲਿੰਗ ਪ੍ਰੋਗਰਾਮ ਵਿਚ ਦਾਖ਼ਲ ਸੀ ਅਤੇ ਪਹਿਲਾਂ ਹਾਈ ਸਕੂਲ ਰੈਸਲਿੰਗ ਟੀਮ ਦਾ ਹਿੱਸਾ ਰਹਿ ਚੁੱਕਾ ਸੀ। ਪਰਿਵਾਰਕ ਮੈਂਬਰਾਂ ਅਤੇ ਉਸਦੇ ਪੁਰਾਣੇ ਸਾਥੀਆਂ ਨੇ ਗੱਲਬਾਤ ਦੌਰਾਨ ਹੈਰਾਨੀ ਜਤਾਈ। ਉਸਦੇ ਦਾਦਾ-ਦਾਦੀ ਨੇ ਕਿਹਾ ਕਿ ਉਹ "ਇਸ ਘਟਨਾ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ" ਅਤੇ ਜੋ ਕੁਝ ਹੋਇਆ ਉਸ ਲਈ ਬਹੁਤ ਦੁਖੀ ਹਨ। ਇੱਕ ਪੁਰਾਣੇ ਰੈਸਲਿੰਗ ਸਾਥੀ ਨੇ ਕਿਹਾ ਕਿ ਕਲਾਰਕ "ਚੰਗਾ ਬੱਚਾ" ਲੱਗਦਾ ਸੀ ਅਤੇ ਉਸ ਨੇ ਕਦੇ ਵੀ ਉਸਨੂੰ ਇਸਲਾਮ ਵਿਰੋਧੀ ਜਾਂ ਹਿੰਸਕ ਵਿਚਾਰ ਪ੍ਰਗਟ ਕਰਦੇ ਨਹੀਂ ਦੇਖਿਆ। ਘਟਨਾ ਤੋਂ ਬਾਅਦ ਸੈਨ ਡਿਆਗੋ ਵਿਚ ਸੁਰੱਖਿਆ ਵਧਾ ਦਿੱਤੀ ਗਈ ਹੈ ਅਤੇ ਸਥਾਨਕ ਮੁਸਲਿਮ ਭਾਈਚਾਰੇ ਵਿਚ ਡਰ ਅਤੇ ਚਿੰਤਾ ਦਾ ਮਾਹੌਲ ਹੈ। ਪੁਲਿਸ ਫੈਡਰਲ ਏਜੰਸੀਆਂ ਨਾਲ ਮਿਲ ਕੇ ਮਾਮਲੇ ਦੀ ਜਾਂਚ ਕਰ ਰਹੀ ਹੈ।

## ਐਬਟਸਫ਼ੋਰਡ ਪੁਲਿਸ ਵੱਲੋਂ ਜਾਨਲੇਵਾ ਹਾਦਸੇ ਦੇ ਮਾਮਲੇ 'ਚ ਪੰਜਾਬੀ ਵਿਅਕਤੀ ਵਿਰੁੱਧ ਦੋਸ਼ ਆਇਦ

**ਐਬਟਸਫ਼ੋਰਡ, (ਪੰਜਾਬ ਮੇਲ)-** ਐਬਟਸਫ਼ੋਰਡ ਪੁਲਿਸ ਨੇ ਜਾਨਲੇਵਾ ਸੜਕ ਹਾਦਸੇ ਦੇ ਮਾਮਲੇ ਦੀ ਪੜਤਾਲ ਕਰਦਿਆਂ 29 ਸਾਲ ਦੇ ਪ੍ਰਭਜੀਤ ਬਰਾੜ ਵਿਰੁੱਧ ਦੋਸ਼ ਆਇਦ ਕਰ ਦਿੱਤੇ। ਪੁਲਿਸ ਨੇ ਦੱਸਿਆ ਕਿ ਹਾਦਸੇ 9 ਫ਼ਰਵਰੀ ਨੂੰ ਹੈਰਿਸ ਰੋਡ ਦੇ 30 ਹਜ਼ਾਰ ਬਲਾਕ ਵਿਚ ਵਾਪਰਿਆ, ਜਦੋਂ ਇਕ ਤੇਜ਼ ਰਫ਼ਤਾਰ ਗੱਡੀ ਨੇ ਪੈਦਲ ਰਾਹਗੀਰ ਨੂੰ ਟੱਕਰ ਮਾਰ ਦਿੱਤੀ ਅਤੇ ਉਹ ਮੌਕੇ 'ਤੇ ਹੀ ਦਮ ਤੋੜ ਗਿਆ। ਫ਼ਿਲਹਾਲ ਮਾਮਲਾ ਅਦਾਲਤ ਵਿਚ ਹੋਣ ਕਰਕੇ ਪੁਲਿਸ ਵੱਲੋਂ ਵਧੇਰੇ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ।


MATRIMONIAL

Jatt Sikh, Chatha, Age 33yrs, height 6'-1", American born boy, Fully family values known, Gursikh Lawyer boy, working in Los Angeles county as Lawyer supervisor, looking for an educated & beautiful girl in California.

for more information Contact at : 818-645-9810

895


# ਟਰੰਪ ਪ੍ਰਸ਼ਾਸਨ ਵੱਲੋਂ ਇਮੀਗ੍ਰੇਸ਼ਨ ਨਿਯਮਾਂ ਨੂੰ ਹੋਰ ਸਖਤ ਕਰਨ ਦੀ ਤਿਆਰੀ



**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਟਰੰਪ ਪ੍ਰਸ਼ਾਸਨ ਵੱਲੋਂ ਇਮੀਗ੍ਰੇਸ਼ਨ ਨਿਯਮਾਂ ਨੂੰ ਹੋਰ ਸਖ਼ਤ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਹੁਣ ਇੱਕ ਨਵਾਂ ਪ੍ਰਸਤਾਵ ਸਾਹਮਣੇ ਆਇਆ ਹੈ, ਜਿਸ ਤਹਿਤ ਉਨ੍ਹਾਂ ਇਮੀਗ੍ਰੈਂਟਸ ਤੋਂ ਲਗਭਗ 18 ਹਜ਼ਾਰ ਡਾਲਰ ਤੱਕ ਜੁਰਮਾਨਾ ਵਸੂਲਿਆ ਜਾ ਸਕਦਾ ਹੈ, ਜੋ ਇਮੀਗ੍ਰੇਸ਼ਨ ਕੋਰਟ ਦੀ ਸੁਣਵਾਈ 'ਚ ਹਾਜ਼ਰ ਨਹੀਂ ਹੁੰਦੇ ਅਤੇ ਬਾਅਦ ਵਿਚ ਡਿਪੋਰਟ ਕਰ ਦਿੱਤੇ ਜਾਂਦੇ ਹਨ।

ਇਸ ਵੇਲੇ ਅਜਿਹੇ ਕੇਸਾਂ ਵਿਚ ਤਕਰੀਬਨ 5,130 ਡਾਲਰ ਦਾ ਜੁਰਮਾਨਾ ਲੱਗਦਾ ਹੈ, ਪਰ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ (ਡੀ.ਐੱਚ.ਐੱਸ.) ਦਾ ਕਹਿਣਾ ਹੈ ਕਿ ਇਹ ਰਕਮ ICE ਵੱਲੋਂ ਕਿਸੇ ਵਿਅਕਤੀ ਨੂੰ ਲੱਭਣ, ਗ੍ਰਿਫ਼ਤਾਰ ਕਰਨ ਅਤੇ ਡਿਪੋਰਟ ਕਰਨ ਦੇ ਖਰਚੇ ਪੂਰੇ ਨਹੀਂ ਕਰਦੀ। ਇਸ ਲਈ ਹੁਣ ਇਹ ਫਾਈਨ ਵਧਾ ਕੇ 18,000 ਡਾਲਰ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ।

ਇਹ ਨਿਯਮ ਉਨ੍ਹਾਂ ਲੋਕਾਂ 'ਤੇ ਲਾਗੂ ਹੋਵੇਗਾ, ਜਿਨ੍ਹਾਂ ਨੂੰ ਨੋਟਿਸ ਟੂ ਅਪੀਅਰ (ਐੱਨ.ਟੀ.ਏ.) ਮਿਲਦਾ ਹੈ ਅਤੇ ਉਨ੍ਹਾਂ ਨੂੰ ਇਮੀਗ੍ਰੇਸ਼ਨ ਕੋਰਟ ਵਿਚ ਪੇਸ਼ ਹੋਣਾ ਲਾਜ਼ਮੀ ਹੁੰਦਾ ਹੈ। ਜੇ ਕੋਈ ਵਿਅਕਤੀ ਸੁਣਵਾਈ 'ਤੇ ਨਹੀਂ ਪਹੁੰਚਦਾ ਅਤੇ ਜੱਜ ਉਸਦੇ ਖ਼ਿਲਾਫ਼ "ਗੈਰਹਾਜ਼ਰੀ ਵਿਚ ਹਟਾਉਣ ਦਾ ਹੁਕਮ" ਜਾਰੀ ਕਰ ਦਿੰਦਾ ਹੈ, ਤਾਂ ICE ਉਸ ਨੂੰ ਲੱਭ ਕੇ ਡਿਪੋਰਟ ਕਰ ਸਕਦੀ ਹੈ ਅਤੇ ਨਾਲ ਹੀ ਭਾਰੀ ਜੁਰਮਾਨਾ ਵੀ ਲਾਇਆ ਜਾ ਸਕਦਾ ਹੈ।

ਡੀ.ਐੱਚ.ਐੱਸ. ਦਾ ਕਹਿਣਾ ਹੈ ਕਿ ਇਸ ਕਦਮ ਨਾਲ ਲੋਕਾਂ ਨੂੰ ਕੋਰਟ ਵਿਚ ਹਾਜ਼ਰੀ ਲਈ ਮਜਬੂਰ ਕੀਤਾ ਜਾ ਸਕੇਗਾ, ਹਟਾਉਣ ਦੇ ਹੁਕਮ ਦੀ ਪਾਲਣਾ ਵਧੇਗੀ ਅਤੇ ਇਨਫੋਰਸਮੈਂਟ ਏਜੰਸੀਆਂ 'ਤੇ ਪੈ ਰਹੇ ਦਬਾਅ ਨੂੰ ਘਟਾਇਆ ਜਾ ਸਕੇਗਾ।

ਪਰ ਕਈ ਇਮੀਗ੍ਰੇਸ਼ਨ ਮਾਹਿਰਾਂ ਅਤੇ ਸਾਬਕਾ ICE ਅਧਿਕਾਰੀਆਂ ਨੇ ਇਸ ਦਾ ਵਿਰੋਧ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕਈ ਲੋਕ ਜਾਣਬੁੱਝ ਕੇ ਕੋਰਟ ਮਿਸ ਨਹੀਂ ਕਰਦੇ, ਸਗੋਂ ਕਈ ਵਾਰ ਨੋਟਿਸ ਪੁਰਾਣੇ ਪਤੇ 'ਤੇ ਚਲੀ ਜਾਂਦੀ ਹੈ, ਕੇਸ ਸਾਲਾਂ ਤੱਕ ਲੰਬੇ ਚੱਲਦੇ ਹਨ ਜਾਂ ਲੋਕ ਡਰ ਦੇ ਕਾਰਨ ਕੋਰਟ ਨਹੀਂ ਪਹੁੰਚਦੇ ਕਿਉਂਕਿ ਕੋਰਟਾਂ ਦੇ ਬਾਹਰ ICE ਦੀ ਮੌਜੂਦਗੀ ਵਧ ਗਈ ਹੈ।

ਮਾਈਗ੍ਰੇਸ਼ਨ ਪਾਲਿਸੀ ਇੰਸਟੀਚਿਊਟ ਅਨੁਸਾਰ 2022 ਵਿਚ ਲਗਭਗ 62 ਹਜ਼ਾਰ "in absentia" ਹਟਾਉਣ ਦੇ ਹੁਕਮ ਜਾਰੀ ਹੋਏ ਸਨ, ਜਦਕਿ 2025 ਵਿਚ ਇਹ ਗਿਣਤੀ ਵੱਧ ਕੇ ਤਕਰੀਬਨ 3 ਲੱਖ 9 ਹਜ਼ਾਰ ਤੱਕ ਪਹੁੰਚ ਗਈ।

ਇਮੀਗ੍ਰੇਸ਼ਨ ਕੋਰਟਾਂ ਵਿਚ ਬੈਕਲਾਗ ਵੀ ਇੱਕ ਵੱਡੀ ਸਮੱਸਿਆ ਬਣੀ ਹੋਈ ਹੈ। 2025 ਦੇ ਦੌਰਾਨ ਲੰਬਿਤ ਇਮੀਗ੍ਰੇਸ਼ਨ ਮਾਮਲੇ ਦੀ ਗਿਣਤੀ 11 ਮਿਲੀਅਨ ਤੋਂ ਵੱਧ ਦੱਸੀ ਗਈ ਸੀ। ਇਸ ਕਾਰਨ ਸੁਣਵਾਈ ਦੀਆਂ ਤਾਰੀਖਾਂ ਵਾਰ-ਵਾਰ ਬਦਲਦੀਆਂ ਰਹਿੰਦੀਆਂ ਹਨ।

ਮਾਹਿਰਾਂ ਦਾ ਕਹਿਣਾ ਹੈ ਕਿ ਜੇ ਇਹ ਨਵਾਂ ਨਿਯਮ ਲਾਗੂ ਹੁੰਦਾ ਹੈ, ਤਾਂ ਬਹੁਤ ਸਾਰੇ ਪਰਿਵਾਰ ਆਰਥਿਕ ਤੌਰ 'ਤੇ ਤਬਾਹ ਹੋ ਸਕਦੇ ਹਨ। ਕਈ ਲੋਕ ਪਹਿਲਾਂ ਹੀ ਵਕੀਲਾਂ ਦੀਆਂ ਫੀਸਾਂ ਅਤੇ ਇਮੀਗ੍ਰੇਸ਼ਨ ਖਰਚਿਆਂ ਨਾਲ ਸੰਘਰਸ਼ ਕਰ ਰਹੇ ਹਨ ਅਤੇ ਹੁਣ 18 ਹਜ਼ਾਰ ਡਾਲਰ ਦਾ ਜੁਰਮਾਨਾ ਉਨ੍ਹਾਂ ਲਈ ਵੱਡਾ ਬੋਝ ਬਣ ਸਕਦਾ ਹੈ।

ਡੀ.ਐੱਚ.ਐੱਸ. ਇਸ ਪ੍ਰਸਤਾਵ ਨੂੰ 20 ਮਈ ਤੋਂ 30 ਦਿਨਾਂ ਲਈ ਜਨਤਕ ਟਿੱਪਣੀ ਦੀ ਮਿਆਦ ਵਿਚ ਰੱਖੇਗੀ। ਇਸ ਤੋਂ ਬਾਅਦ ਫੈਸਲਾ ਕੀਤਾ ਜਾਵੇਗਾ ਕਿ ਇਸਨੂੰ ਅੰਤਿਮ ਨਿਯਮ ਵਜੋਂ ਲਾਗੂ ਕਰਨਾ ਹੈ ਜਾਂ ਨਹੀਂ।




# ਬੇਅਦਬੀ ਐਕਟ ਸਬੰਧੀ ਪੰਥਕ ਇਤਰਾਜ਼ਾਂ ਤੋਂ ਸੰਗਤਾਂ ਨੂੰ ਜਾਣੂ ਕਰਵਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਸਾਹਿਬਾਨ ਦੇ ਬਾਹਰ ਲਗਾਏ ਫਲੈਕਸ ਬੋਰਡ

**ਅੰਮ੍ਰਿਤਸਰ, (ਪੰਜਾਬ ਮੇਲ)-** ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਗਏ 'ਦ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ (2026)' ਵਿਚ ਮੌਜੂਦ ਖਾਮੀਆਂ ਅਤੇ ਪੰਥਕ ਇਤਰਾਜ਼ਾਂ ਬਾਰੇ ਸੰਗਤ ਨੂੰ ਜਾਣੂ ਕਰਵਾਉਣ ਲਈ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੇ ਬਾਹਰ ਜਾਣਕਾਰੀ ਭਰਪੂਰ ਫਲੈਕਸ ਬੋਰਡ ਲਗਾਏ ਗਏ ਹਨ। ਇਨ੍ਹਾਂ ਬੋਰਡਾਂ ਵਿਚ ਸਰਕਾਰ ਵੱਲੋਂ ਬਣਾਏ ਐਕਟ ਵਿਚ ਕਸਟੋਡੀਅਨ ਸ਼ਬਦ ਜ਼ਰੀਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਕ ਧਿਰ, ਗ੍ਰੰਥੀ ਤੇ ਅਖੰਡਪਾਠੀ ਸਿੰਘਾਂ, ਗੁਰਦੁਆਰਾ ਕਮੇਟੀਆਂ ਤੇ ਸ੍ਰੀ ਅਖੰਡ ਪਾਠ ਸਾਹਿਬ ਕਰਵਾਉਣ ਵਾਲੇ ਸ਼ਰਧਾਲੂਆਂ ਨੂੰ ਬੇਅਦਬੀ ਜਾਂ ਮਰਿਯਾਦਾ ਦੀ ਉਲੰਘਣਾ ਦੇ ਮਾਮਲਿਆਂ ਵਿਚ ਜ਼ਿੰਮੇਵਾਰ ਬਣਾ ਕੇ ਸਜ਼ਾ ਤੇ ਜੁਰਮਾਨਿਆਂ ਦੇ ਘੇਰੇ ਵਿਚ ਲਿਆਉਣ, ਮਰਿਆਦਾ ਦੀ ਉਲੰਘਣਾ ਨੂੰ ਕਾਨੂੰਨੀ ਉਲੰਘਣਾ ਵਜੋਂ ਦੋਸ਼ ਦੇ ਘੇਰੇ ਵਿਚ ਲਿਆ ਕੇ ਸੰਗਤਾਂ ਅੰਦਰ ਡਰ ਪੈਦਾ ਕਰਨ, ਪੁਲਿਸ ਵੱਲੋਂ ਗੁਰਦੁਆਰਾ ਸਾਹਿਬਾਨ ਅੰਦਰ ਸਿੱਧਾ ਦਖ਼ਲ ਦੇਣ ਲਈ ਰਾਹ ਬਣਾਉਣ, ਪੰਥਕ ਸ਼ਬਦਾਵਲੀ ਨੂੰ ਬਦਲਣ ਅਤੇ ਸੇਵਾ ਸੰਭਾਲ ਨਾਲ ਜੁੜੀ ਸ਼ਬਦਾਵਲੀ ਤੇ ਅਸਥਾਨਾਂ ਨੂੰ ਸਿੱਖ ਭਾਵਨਾਵਾਂ ਅਨੁਸਾਰ ਪ੍ਰਭਾਸ਼ਿਤ ਨਾ ਕਰਨ ਸਬੰਧੀ ਜਾਣਕਾਰੀ ਸਾਮਲ ਕੀਤੀ ਗਈ ਹੈ।




ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਨੇ ਕਿਹਾ ਕਿ ਇਹ ਕੌਮ ਦੀਆਂ ਭਾਵਨਾਵਾਂ ਨਾਲ ਜੁੜਿਆ ਹੋਇਆ ਬੇਹੱਦ ਸੰਜੀਦਾ ਮਾਮਲਾ ਹੈ। ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਗਏ ਐਕਟ ਬਾਰੇ ਸਿੱਖ ਵਿਦਵਾਨਾਂ ਅਤੇ ਬੁੱਧੀਜੀਵੀਆਂ ਵੱਲੋਂ ਗੰਭੀਰ ਇਤਰਾਜ ਪ੍ਰਗਟ ਕੀਤੇ ਗਏ ਹਨ। ਇਨ੍ਹਾਂ ਗੰਭੀਰ ਇਤਰਾਜਾਂ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ ਜਾਣਾ ਬੇਹੱਦ ਜ਼ਰੂਰੀ ਹੈ। ਇਸੇ ਦੇ ਮੱਦੇਨਜ਼ਰ ਇਹ ਬੋਰਡ ਲਗਾਏ ਗਏ ਹਨ। ਉਨ੍ਹਾਂ ਕਿਹਾ ਕਿ ਸਿੱਖ ਕੌਮ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲੇ ਬਹੁਤ ਹੀ ਸੰਵੇਦਨਸ਼ੀਲ ਹਨ ਅਤੇ ਇਸ ਸਬੰਧੀ ਬਣਾਇਆ ਜਾਣ ਵਾਲਾ ਕੋਈ ਵੀ ਕਾਨੂੰਨ ਪੰਥਕ ਭਾਵਨਾਵਾਂ, ਗੁਰਮਤਿ ਸਿਧਾਂਤਾਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਹਿਨੁਮਾਈ ਅਨੁਸਾਰ ਹੋਣਾ ਲਾਜ਼ਮੀ ਹੈ।

ਉਨ੍ਹਾਂ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਇਸ ਮਾਮਲੇ ਸਬੰਧੀ ਜਾਗਰੂਕ ਰਹਿਣ ਅਤੇ ਪੰਥਕ ਏਕਤਾ ਤੇ ਸਿਧਾਂਤਾਂ ਦੀ ਰੱਖਿਆ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਹੇਠ ਇਕਜੁੱਟ ਹੋਣ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

## ਜ਼ਮੀਨ ਪ੍ਰਾਪਤੀ ਮੁਆਵਜ਼ਾ ਵੰਡ ਮਾਮਲਾ

# ਪੁਲਿਸ ਵੱਲੋਂ ਗੁਰਦਾਸਪੁਰ 'ਚ ਤਾਇਨਾਤ ਐੱਸ.ਡੀ.ਐੱਮ. ਡਾ. ਅਨੁਪ੍ਰੀਤ ਕੌਰ ਰੰਧਾਵਾ ਗ੍ਰਿਫ਼ਤਾਰ

**ਗੁਰਦਾਸਪੁਰ (ਪੰਜਾਬ ਮੇਲ)-** ਰਾਜਸਥਾਨ-ਜੰਮੂ ਕਸ਼ਮੀਰ ਰਾਸ਼ਟਰੀ ਰਾਜਮਾਰਗ ਦੀ ਉਸਾਰੀ ਲਈ ਜ਼ਮੀਨ ਪ੍ਰਾਪਤੀ ਮੁਆਵਜ਼ਾ ਵੰਡ ਦੇ ਮਾਮਲੇ ਨੇ ਉਸ ਸਮੇਂ ਨਵਾਂ ਮੋੜ ਲੈ ਲਿਆ, ਜਦੋਂ ਤਰਨ ਤਾਰਨ ਜ਼ਿਲ੍ਹਾ ਪੁਲਿਸ ਨੇ ਗੁਰਦਾਸਪੁਰ ਵਿਚ ਤਾਇਨਾਤ ਐੱਸ.ਡੀ.ਐੱਮ. ਡਾ. ਅਨੁਪ੍ਰੀਤ ਕੌਰ ਰੰਧਾਵਾ ਨੂੰ ਉਨ੍ਹਾਂ ਦੇ ਸਰਕਾਰੀ ਨਿਵਾਸ ਤੋਂ ਗ੍ਰਿਫ਼ਤਾਰ ਕਰ ਲਿਆ। ਇਹ ਕਾਰਵਾਈ ਤਰਨ ਤਾਰਨ ਪੱਟੀ ਪੁਲਿਸ ਨੇ ਲੰਬੀ ਜਾਂਚ ਦੇ ਆਧਾਰ 'ਤੇ ਕੀਤੀ। ਇਸ ਦੀ ਪੁਸ਼ਟੀ ਐੱਸ.ਐੱਸ.ਪੀ. ਗੁਰਦਾਸਪੁਰ ਸ਼੍ਰੀ ਆਦਿੱਤਿਆ ਅਤੇ ਐੱਸ.ਐੱਸ.ਪੀ. ਤਰਨ ਤਾਰਨ ਸੁਰਿੰਦਰ ਲਾਂਬਾ ਨੇ ਕੀਤੀ। ਧਿਆਨਦੇਣ ਯੋਗ ਹੈ ਕਿ ਇਹ ਮਾਮਲਾ ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਲੰਬੇ ਸਮੇਂ ਤੋਂ ਲੰਬਿਤ ਹੈ। ਇਹ ਭ੍ਰਿਸ਼ਟਾਚਾਰ ਦਾ ਮਾਮਲਾ 2018 ਦਾ ਹੈ।

ਸੂਤਰਾਂ ਅਨੁਸਾਰ, ਮਹਿਲਾ ਐੱਸ.ਡੀ.ਐੱਮ. ਡਾ. ਅਨੁਪ੍ਰੀਤ ਕੌਰ 'ਤੇ ਰਾਸ਼ਟਰੀ ਰਾਜਮਾਰਗ ਦੀ ਉਸਾਰੀ ਦੌਰਾਨ ਜ਼ਮੀਨ ਪ੍ਰਾਪਤੀ ਲਈ ਮੁਆਵਜ਼ੇ ਵਜੋਂ 1 ਕਰੋੜ 63 ਲੱਖ ਰੁਪਏ ਦੀ ਰਕਮ ਉਨ੍ਹਾਂ ਵਿਅਕਤੀਆਂ ਦੇ ਖਾਤਿਆਂ ਵਿਚ ਟਰਾਂਸਫਰ ਕਰਨ ਦਾ ਦੋਸ਼ ਹੈ, ਜਿਨ੍ਹਾਂ ਦਾ ਜ਼ਮੀਨ ਨਾਲ ਕੋਈ ਸਬੰਧ ਨਹੀਂ ਸੀ। ਰਿਪੋਰਟਾਂ ਅਨੁਸਾਰ, ਉਸ ਸਮੇਂ ਅਨੁਪ੍ਰੀਤ ਕੌਰ ਰੰਧਾਵਾ ਤਰਨਤਾਰਨ ਵਿਚ ਸਬ-ਡਿਵੀਜ਼ਨਲ ਅਫਸਰ ਵਜੋਂ ਤਾਇਨਾਤ ਸੀ। ਜਾਂਚ 'ਚ ਖੁਲਾਸਾ ਹੋਇਆ ਕਿ 2018 ਤੋਂ 2019 ਦੇ ਵਿਚਕਾਰ ਨੈਸ਼ਨਲ ਹਾਈਵੇ 54 ਲਈ ਜ਼ਮੀਨ ਪ੍ਰਾਪਤੀ ਦਾ ਕੰਮ ਚੱਲ ਰਿਹਾ ਸੀ। ਇਸ ਦੌਰਾਨ, ਪੰਜ ਅਯੋਗ ਵਿਅਕਤੀਆਂ ਦੇ ਖਾਤਿਆਂ ਵਿਚ ਸਰਕਾਰੀ ਮੁਆਵਜ਼ਾ ਵੰਡਿਆ ਗਿਆ। ਦੋਸ਼ ਹੈ ਕਿ ਇਹ ਭੁਗਤਾਨ ਮਾਲ ਵਿਭਾਗ ਦੇ ਰਿਕਾਰਡ ਦੀ ਤਸਦੀਕ ਕੀਤੇ ਬਿਨਾਂ ਕੀਤੇ ਗਏ ਸਨ।

ਮਾਮਲਾ ਉਦੋਂ ਸ਼ੁਰੂ ਹੋਇਆ, ਜਦੋਂ ਪੱਟੀ ਦੇ ਤਤਕਾਲੀ ਸਬ-ਡਿਵੀਜ਼ਨਲ ਅਫਸਰ ਨਵਰਾਜ ਸਿੰਘ ਬਰਾੜ ਨੇ ਤਤਕਾਲੀ ਡਿਪਟੀ ਕਮਿਸ਼ਨਰ ਪ੍ਰਦੀਪ ਸੱਭਰਵਾਲ ਨੂੰ ਸ਼ਿਕਾਇਤ ਭੇਜੀ। ਸ਼ਿਕਾਇਤ ਵਿਚ ਕਿਹਾ ਗਿਆ ਸੀ ਕਿ ਜਿਨ੍ਹਾਂ ਵਿਅਕਤੀਆਂ ਦੇ ਨਾਮ 'ਤੇ ਫੰਡ ਵੰਡੇ ਗਏ ਸਨ, ਉਨ੍ਹਾਂ ਦੀ ਜ਼ਮੀਨ ਰਾਸ਼ਟਰੀ ਹਾਈਵੇ ਪ੍ਰੋਜੈਕਟ ਲਈ ਪ੍ਰਾਪਤ ਨਹੀਂ ਕੀਤੀ ਗਈ ਸੀ। ਜਾਂਚ ਤੋਂ ਬਾਅਦ, 5 ਸਤੰਬਰ, 2019 ਨੂੰ ਸਿਟੀ ਪੱਟੀ ਪੁਲਿਸ ਸਟੇਸ਼ਨ ਵਿਚ ਧੋਖਾਧੜੀ, ਅਪਰਾਧਿਕ ਵਿਸ਼ਵਾਸ ਉਲੰਘਣਾ ਅਤੇ ਸਾਜ਼ਿਸ਼ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ।



# ਅਮਰੀਕੀ ਮਹਿਲਾ ਦਾ ਕਤਲ ਮਾਮਲਾ: ਝੂਠੇ ਸਬੂਤ ਘੜਨ ਦੇ ਮਾਮਲੇ 'ਚ ਤਤਕਾਲੀ ਐੱਸ.ਐੱਚ.ਓ. ਖਿਲਾਫ ਮਾਮਲਾ ਦਰਜ



**ਲੁਧਿਆਣਾ, (ਪੰਜਾਬ ਮੇਲ)**- ਕਿਲ੍ਹਾ ਰਾਏਪੁਰ ਵਿਖੇ ਇੱਕ ਅਮਰੀਕੀ ਮਹਿਲਾ ਦੇ ਕਤਲ ਦੇ ਸਬੰਧ 'ਚ ਇੱਕ ਮ੍ਰਿਤਕ ਵਿਅਕਤੀ ਦਾ ਬਿਆਨ ਪੇਸ਼ ਕਰਨਾ ਤਤਕਾਲੀ ਐੱਸ.ਐੱਚ.ਓ. ਡੇਹਲੋਂ ਸੁਖਜਿੰਦਰ ਸਿੰਘ ਅਤੇ ਐੱਚ.ਸੀ. ਸੰਜੀਵ ਕੁਮਾਰ ਦੇ ਕਰੀਅਰ 'ਤੇ ਭਾਰੀ ਪੈ ਗਿਆ ਹੈ। ਦੋਵਾਂ ਖ਼ਿਲਾਫ਼ ਕਥਿਤ ਤੌਰ 'ਤੇ ਝੂਠੇ ਸਬੂਤ ਘੜਨ ਅਤੇ ਬੇਈਮਾਨੀ ਨਾਲ ਜਾਅਲੀ ਦਸਤਾਵੇਜ਼ ਦੀ ਵਰਤੋਂ ਕਰਨ ਦੇ ਦੋਸ਼ ਹੇਠ ਮਾਮਲਾ ਦਰਜ ਕੀਤਾ ਗਿਆ ਹੈ। ਹਾਲਾਂਕਿ, ਦੋਵਾਂ ਵਿਰੁੱਧ ਅਗਲੀ ਕਾਰਵਾਈ ਉਨ੍ਹਾਂ ਅਦਾਲਤਾਂ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੀਤੀ ਜਾਵੇਗੀ, ਜਿੱਥੇ ਇਹ ਦਸਤਾਵੇਜ਼ ਪੇਸ਼ ਕੀਤੇ ਗਏ ਸਨ।

ਸਹਾਇਕ ਪੁਲਿਸ ਕਮਿਸ਼ਨਰ (ਏ.ਸੀ.ਪੀ.) ਅੰਗਰੇਜ਼ ਸਿੰਘ ਨੇ ਕਿਹਾ, "ਅਸੀਂ ਉਪਰੋਕਤ ਬਿਆਨ ਦੇ ਸਬੰਧ ਵਿਚ ਵਿਸ਼ੇਸ਼ ਜਾਂਚ ਟੀਮ (ਐੱਸ.ਆਈ.ਟੀ.) ਦੁਆਰਾ ਕੀਤੀਆਂ ਗਈਆਂ ਟਿੱਪਣੀਆਂ ਦੇ ਆਧਾਰ 'ਤੇ ਪੁਲਿਸ ਮੁਲਾਜ਼ਮਾਂ ਵਿਰੁੱਧ ਕਾਰਵਾਈ ਕੀਤੀ ਹੈ, ਪਰ ਅਗਲੀ ਕਾਰਵਾਈ ਕਾਨੂੰਨ ਦੀਆਂ ਉਨ੍ਹਾਂ ਅਦਾਲਤਾਂ ਦੇ ਨਿਰਦੇਸ਼ਾਂ ਅਨੁਸਾਰ ਕੀਤੀ ਜਾਵੇਗੀ ਜਿੱਥੇ ਮਾਮਲਾ ਲੰਬਿਤ ਹੈ।"

ਪੁਲਿਸ ਦੇ ਦਾਅਵੇ ਅਤੇ ਰਿਕਾਰਡ ਅਨੁਸਾਰ ਕਿਲ੍ਹਾ ਰਾਏਪੁਰ ਦੇ ਗੁਰਪ੍ਰੀਤ ਸਿੰਘ, ਜਿਸ ਦੀ ਮੌਤ 29 ਮਈ 2025 ਨੂੰ ਹੋ ਗਈ ਸੀ, ਨੇ ਐੱਨ.ਆਰ.ਆਈ. ਮਹਿਲਾ ਰੁਪਿੰਦਰ ਕੌਰ ਦੇ ਸਨਸਨੀਖੇਜ਼ ਕਤਲ ਦੇ ਸਬੰਧ ਵਿਚ ਤਤਕਾਲੀ ਐੱਸ.ਐੱਚ.ਓ. ਡੇਹਲੋਂ ਸੁਖਜਿੰਦਰ ਸਿੰਘ ਕੋਲ ਆਪਣੀ ਮੌਤ ਤੋਂ ਕਈ ਮਹੀਨੇ ਬਾਅਦ 19 ਸਤੰਬਰ ਨੂੰ ਆਪਣਾ ਬਿਆਨ ਦਰਜ ਕਰਵਾਇਆ ਸੀ। ਜਿਸ ਦੇ ਬਿਆਨ ਅਨੁਸਾਰ ਰੁਪਿੰਦਰ ਕੌਰ ਨੂੰ ਆਖਰੀ ਵਾਰ 12 ਜੁਲਾਈ 2025 ਨੂੰ ਕਿਲ੍ਹਾ ਰਾਏਪੁਰ ਦੇ ਇੱਕ ਘਰ ਵਿਚ ਦੇਖਿਆ ਗਿਆ ਸੀ, ਉਹ ਵੀ ਬਿਆਨਕਰਤਾ ਦੀ ਮੌਤ ਤੋਂ ਬਾਅਦ।

ਉਪਰੋਕਤ ਬਿਆਨ ਦੀ ਬਾਰੀਕੀ ਨਾਲ ਕੀਤੀ ਗਈ ਜਾਂਚ ਤੋਂ ਪਤਾ ਲੱਗਿਆ ਹੈ ਕਿ ਗੁਰਪ੍ਰੀਤ ਸਿੰਘ ਜੂਨ 2025 ਦੇ ਮਹੀਨੇ ਵਿਚ ਰੁਪਿੰਦਰ ਕੌਰ ਨੂੰ ਮਿਲਦਾ ਰਿਹਾ ਸੀ, ਉਸ ਨੇ 12 ਜੁਲਾਈ ਨੂੰ ਮੁੱਖ ਦੋਸ਼ੀ ਸੁਖਜੀਤ ਸਿੰਘ ਦੇ ਘਰ ਉਸ ਨੂੰ ਦੇਖਿਆ ਸੀ, ਉਸੇ ਦਿਨ ਰਾਤ 8 ਵਜੇ ਦੇ ਕਰੀਬ ਉਸਦੇ ਘਰੋਂ ਧੂੰਆਂ ਨਿਕਲਦਾ ਦੇਖਿਆ ਸੀ ਅਤੇ ਅਗਲੇ ਦਿਨ ਉਸ ਨੂੰ ਮੋਟਰਸਾਈਕਲ 'ਤੇ ਜੂਟ ਦਾ ਬੈਗ (ਜਿਸ ਵਿਚ ਕੌਰ ਦੀ ਦੇਹ ਸੀ) ਲਿਜਾਂਦੇ ਹੋਏ ਦੇਖਿਆ ਸੀ।

ਜਾਂਚ ਕਰ ਰਹੀ ਪੁਲਿਸ ਉਸ ਵੇਲੇ ਕਟਹਿਰੇ ਵਿਚ ਆ ਗਈ, ਜਦੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇਸ ਮੁੱਦੇ 'ਤੇ 18 ਮਈ, 2026 ਤੱਕ ਸਪੱਸ਼ਟੀਕਰਨ ਮੰਗਿਆ ਸੀ, ਜਦੋਂ ਕਿਲ੍ਹਾ ਰਾਏਪੁਰ ਦੇ ਇੱਕ ਦੋਸ਼ੀ ਮਨਵੀਰ ਸਿੰਘ ਦੁਆਰਾ ਦਾਇਰ ਕੀਤੀ ਗਈ ਸੀ.ਆਰ.ਐੱਮ. ਅਗਲੀ ਸੁਣਵਾਈ ਲਈ ਸੂਚੀਬੱਧ ਸੀ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਸੁਮੀਤ ਗੋਇਲ ਨੇ ਇਸ ਤੋਂ ਪਹਿਲਾਂ ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਕਾਨੂੰਨ ਅਤੇ ਵਿਵਸਥਾ), ਪੰਜਾਬ ਨੂੰ ਇਸ ਮਾਮਲੇ ਦੀ ਜਾਂਚ ਕਰਨ ਅਤੇ ਅਦਾਲਤ ਵਿਚ ਹਲਫ਼ਨਾਮੇ ਰਾਹੀਂ ਰਿਪੋਰਟ ਪੇਸ਼ ਕਰਨ ਦੇ ਹੁਕਮ ਦਿੱਤੇ ਸਨ। ਅਦਾਲਤ ਦੇ ਨਿਰਦੇਸ਼ਾਂ ਤੋਂ ਬਾਅਦ ਹੀ ਐੱਸ.ਆਈ.ਟੀ. ਵੱਲੋਂ ਇਸ ਮਾਮਲੇ ਦੀ ਜਾਂਚ ਕੀਤੀ ਗਈ ਅਤੇ ਤਤਕਾਲੀ ਐੱਸ.ਐੱਚ.ਓ. ਡੇਹਲੋਂ ਸੁਖਜਿੰਦਰ ਸਿੰਘ ਨੂੰ ਇਨ੍ਹਾਂ ਬੇਨਿਯਮੀਆਂ ਲਈ ਜ਼ਿੰਮੇਵਾਰ ਪਾਇਆ ਗਿਆ।

ਜਾਂਚ ਦੌਰਾਨ ਸੁਖਜਿੰਦਰ ਸਿੰਘ ਨੇ ਬਿਆਨ ਦਰਜ ਕਰਨ ਅਤੇ ਆਪਣੇ ਦਸਤਖ਼ਤ ਕਰਨ ਤੋਂ ਇਨਕਾਰ ਕੀਤਾ ਸੀ। ਉਨ੍ਹਾਂ ਇਹ ਵੀ ਦਲੀਲ ਦਿੱਤੀ ਕਿ 4 ਅਕਤੂਬਰ 2025 ਨੂੰ ਉਨ੍ਹਾਂ ਦੇ ਤਬਾਦਲੇ ਤੋਂ ਬਾਅਦ ਫਾਈਲ ਐੱਚ.ਸੀ. ਸੰਜੀਵ ਕੁਮਾਰ ਕੋਲ ਰਹੀ ਸੀ।

ਜ਼ਿਕਰਯੋਗ ਹੈ ਕਿ ਡੇਹਲੋਂ ਪੁਲਿਸ ਇੱਕ ਐੱਨ.ਆਰ.ਆਈ. ਮਹਿਲਾ ਰੁਪਿੰਦਰ ਕੌਰ ਦੇ ਕਤਲ ਦੇ ਮਾਮਲੇ ਦੀ ਜਾਂਚ ਕਰ ਰਹੀ ਹੈ, ਜੋ ਜੁਲਾਈ 2025 ਦੇ ਮਹੀਨੇ ਵਿਚ ਕਿਲ੍ਹਾ ਰਾਏਪੁਰ ਦੇ ਸੁਖਜੀਤ ਸਿੰਘ ਅਤੇ ਮਨਵੀਰ ਸਿੰਘ ਦੇ ਘਰ ਰਹਿਣ ਦੌਰਾਨ ਲਾਪਤਾ ਹੋ ਗਈ ਸੀ। ਮਨਵੀਰ ਸਿੰਘ, ਜੋ ਕਿ ਸ਼ੱਕੀਆਂ ਵਿਚੋਂ ਇੱਕ ਹੈ, ਨੇ ਇੱਕ ਮ੍ਰਿਤਕ ਵਿਅਕਤੀ ਦੇ ਬਿਆਨ ਨੂੰ ਚੁਣੌਤੀ ਦਿੱਤੀ ਸੀ, ਜੋ ਅਦਾਲਤ ਵਿਚ ਪੇਸ਼ ਕੀਤੀ ਗਈ ਚਾਰਜਸ਼ੀਟ ਦੇ ਨਾਲ ਨੱਥੀ ਹੈ।

# ਏਅਰ ਇੰਡੀਆ ਵੱਲੋਂ ਅੰਤਰਰਾਸ਼ਟਰੀ ਉਡਾਣਾਂ 'ਚ ਕਟੌਤੀ

**ਨਵੀਂ ਦਿੱਲੀ, (ਪੰਜਾਬ ਮੇਲ)**- ਏਅਰ ਇੰਡੀਆ ਨੇ ਕਿਹਾ ਕਿ ਉਹ ਜੈੱਟ ਈਂਧਨ ਦੀਆਂ ਵਧਦੀਆਂ ਕੀਮਤਾਂ ਅਤੇ ਸੰਘਰਸ਼ ਕਾਰਨ ਹਵਾਈ ਖੇਤਰ 'ਤੇ ਲਗਾਈਆਂ ਗਈਆਂ ਪਾਬੰਦੀਆਂ ਕਾਰਨ ਕਈ ਅੰਤਰਰਾਸ਼ਟਰੀ ਰੂਟਾਂ ਨੂੰ ਘਟਾਏਗੀ ਜਾਂ ਬੰਦ ਕਰੇਗੀ। ਫਰਵਰੀ ਦੇ ਅਖੀਰ ਤੋਂ ਜਾਰੀ ਈਰਾਨ ਜੰਗ ਅਤੇ ਹੋਰਮੁਜ਼ ਜਲਡਮਰੂ ਦੇ ਅਸਲ ਰੂਪ ਵਿਚ ਬੰਦ ਹੋਣ ਕਾਰਨ ਹਵਾਈ ਜਹਾਜ਼ਾਂ ਦੇ ਤੇਲ ਦੀਆਂ ਕੀਮਤਾਂ ਅਸਮਾਨੀ ਚੜ੍ਹ ਗਈਆਂ ਹਨ। ਇਸ ਨੇ ਏਅਰਲਾਈਨਾਂ ਦੀ ਮੁਨਾਫ਼ਾ ਕਮਾਉਣ ਦੀ ਸਮਰੱਥਾ 'ਤੇ ਚਿੰਤਾ ਵਧਾ ਦਿੱਤੀ ਹੈ ਅਤੇ ਹਵਾਈ ਕਿਰਾਏ ਵਿਚ ਵਾਧਾ ਕੀਤਾ ਹੈ।

ਏਅਰ ਇੰਡੀਆ ਨੇ ਪ੍ਰਭਾਵਿਤ ਉਡਾਣਾਂ ਦੀ ਕੁੱਲ ਸੰਖਿਆ ਤਾਂ ਨਹੀਂ ਦੱਸੀ, ਪਰ ਕਿਹਾ ਕਿ ਉਹ ਜੂਨ ਅਤੇ ਅਗਸਤ ਦੇ ਵਿਚਕਾਰ ਨਵੀਂ ਦਿੱਲੀ, ਮੁੰਬਈ ਅਤੇ ਚੇਨਈ ਸਮੇਤ ਕੁਝ ਭਾਰਤੀ ਸ਼ਹਿਰਾਂ ਤੋਂ ਸ਼ਿਕਾਗੋ, ਸ਼ੰਘਾਈ, ਮਾਲੇ ਅਤੇ ਸਿੰਗਾਪੁਰ ਦੇ ਰੂਟਾਂ ਨੂੰ ਮੁਅੱਤਲ ਕਰੇਗੀ। ਏਅਰਲਾਈਨ ਸਾਨ ਫਰਾਂਸਿਸਕੋ, ਪੈਰਿਸ, ਮਿਲਾਨ ਅਤੇ ਸਿਡਨੀ ਦੀਆਂ ਉਡਾਣਾਂ ਦੀ ਗਿਣਤੀ ਵਿਚ ਵੀ ਕਟੌਤੀ ਕਰੇਗੀ। ਏਅਰਲਾਈਨ ਨੇ ਇੱਕ ਬਿਆਨ ਵਿਚ ਕਿਹਾ ਕਿ ਕਈ ਕਾਰਕਾਂ ਨੇ ਕੁਝ ਉਡਾਣਾਂ ਦੀ ਵਪਾਰਕ ਵਿਵਹਾਰਕਤਾ ਨੂੰ "ਕਾਫ਼ੀ" ਪ੍ਰਭਾਵਿਤ ਕੀਤਾ ਹੈ। ਚੁਣੌਤੀਆਂ ਦੇ ਬਾਵਜੂਦ, ਏਅਰ ਇੰਡੀਆ ਹਰ ਮਹੀਨੇ 1,200 ਤੋਂ ਵੱਧ ਅੰਤਰਰਾਸ਼ਟਰੀ ਉਡਾਣਾਂ ਚਲਾਉਣਾ ਜਾਰੀ ਰੱਖੇਗੀ।

ਮੱਧ ਪੂਰਬ ਦੀ ਜੰਗ ਭਾਰਤੀ ਕੈਰੀਅਰ ਲਈ ਇੱਕ ਤਾਜ਼ਾ ਝਟਕਾ ਸਾਬਤ ਹੋਈ ਹੈ, ਤੇ ਇਸਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀ.ਈ.ਓ.) ਨੇ ਅਪ੍ਰੈਲ ਵਿਚ ਅਸਤੀਫਾ ਦੇ ਦਿੱਤਾ ਸੀ। 2022 ਵਿਚ ਏਅਰ ਇੰਡੀਆ ਨੂੰ ਸੰਭਾਲਣ ਤੋਂ ਬਾਅਦ, ਟਾਟਾ ਸਮੂਹ ਨੇ ਸੈਂਕੜੇ ਨਵੇਂ ਜਹਾਜ਼ਾਂ ਦੇ ਆਰਡਰ ਦੇ ਕੇ ਅਤੇ ਪੁਰਾਣੇ ਬੇੜੇ ਨੂੰ ਅਪਗ੍ਰੇਡ ਕਰਕੇ ਇੱਕ ਅਭਿਲਾਸ਼ੀ ਸੁਧਾਰ ਸ਼ੁਰੂ ਕੀਤਾ ਹੈ। ਆਪਰੇਸ਼ਨਾਂ ਦੇ ਆਧੁਨਿਕੀਕਰਨ ਦੇ ਬਾਵਜੂਦ, ਏਅਰਲਾਈਨ ਨੂੰ ਜਹਾਜ਼ਾਂ ਦੀ ਡਿਲੀਵਰੀ ਵਿਚ ਦੇਰੀ ਅਤੇ 2025 ਦੇ ਭਾਰਤ-ਪਾਕਿਸਤਾਨ ਸੰਘਰਸ਼ ਕਾਰਨ ਹਵਾਈ ਖੇਤਰ ਦੇ ਬੰਦ ਹੋਣ ਵਰਗੀਆਂ ਲਗਾਤਾਰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ। ਏਅਰਲਾਈਨ ਦੇ ਅਕਸ ਨੂੰ ਸਭ ਤੋਂ ਵੱਡਾ ਧੱਕਾ ਜੂਨ 2025 ਵਿਚ ਲੱਗਿਆ, ਜਦੋਂ ਅਹਿਮਦਾਬਾਦ ਤੋਂ ਉਡਾਣ ਭਰਨ ਤੋਂ ਤੁਰੰਤ ਬਾਅਦ ਏਅਰ ਇੰਡੀਆ ਦੀ ਫਲਾਈਟ 171 (ਲੰਡਨ ਜਾਣ ਵਾਲਾ ਬੋਇੰਗ 787-8 ਡ੍ਰੀਮਲਾਈਨਰ) ਹਾਦਸਾਗ੍ਰਸਤ ਹੋ ਗਈ ਸੀ। ਇਸ ਹਾਦਸੇ ਵਿਚ ਜਹਾਜ਼ ਸਵਾਰ 242 ਲੋਕਾਂ ਵਿਚੋਂ ਸਿਰਫ਼ ਇੱਕ ਨੂੰ ਛੱਡ ਕੇ ਬਾਕੀ ਸਾਰੇ ਅਤੇ ਜ਼ਮੀਨ 'ਤੇ ਮੌਜੂਦ 19 ਲੋਕਾਂ ਦੀ ਮੌਤ ਹੋ ਗਈ ਸੀ।




# ਕਾਂਗਰਸੀ ਕੌਂਸਲਰ ਕਤਲ ਕਾਂਡ: ਗੈਂਗਸਟਰ ਜੱਗੂ ਭਗਵਾਨਪੁਰਿਆ ਸਮੇਤ 5 ਬਰੀ, 3 ਨੂੰ ਉਮਰਕੈਦ

**■ ਪੀੜ੍ਹਤ ਪਰਿਵਾਰ ਨੇ ਫੈਸਲੇ ਨੂੰ ਦੱਸਿਆ 'ਨਿਰਾਸ਼ਾਜਨਕ'; ਹਾਈਕੋਰਟ ਜਾਣ ਦੀ ਤਿਆਰੀ**



**ਅੰਮ੍ਰਿਤਸਰ, (ਪੰਜਾਬ ਮੇਲ)**- ਅੰਮ੍ਰਿਤਸਰ ਦੇ ਚਰਚਿਤ ਕਾਂਗਰਸੀ ਕੌਂਸਲਰ ਗੁਰਦੀਪ ਪਹਿਲਵਾਨ ਦੇ ਦਿਨ-ਦਿਹਾੜੇ ਹੋਏ ਸਨਸਨੀਖੇਜ਼ ਕਤਲ ਦੇ ਅੱਠ ਸਾਲਾਂ ਬਾਅਦ, ਵਧੀਕ ਸੈਸ਼ਨ ਜੱਜ ਸੰਜੀਵ ਕੁੰਡੀ ਦੀ ਅਦਾਲਤ ਨੇ ਵੱਡਾ ਫੈਸਲਾ ਸੁਣਾਇਆ ਹੈ। ਅਦਾਲਤ ਨੇ ਨਾਮੀ ਗੈਂਗਸਟਰ ਜਗਦੀਪ ਸਿੰਘ ਉਰਫ਼ ਜੱਗੂ ਭਗਵਾਨਪੁਰਿਆ ਸਮੇਤ ਪੰਜ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਹੈ, ਜਦੋਂਕਿ ਤਿੰਨ ਹੋਰਨਾਂ ਨੂੰ ਦੋਸ਼ੀ ਕਰਾਰ ਦਿੰਦਿਆਂ ਉਮਰਕੈਦ ਦੀ ਸਜ਼ਾ ਸੁਣਾਈ ਹੈ।

ਅਦਾਲਤ ਵੱਲੋਂ ਜੱਗੂ ਭਗਵਾਨਪੁਰਿਆ ਤੋਂ ਇਲਾਵਾ ਜਿਨ੍ਹਾਂ ਹੋਰਨਾਂ ਗੈਂਗਸਟਰਾਂ ਨੂੰ ਬਰੀ ਕੀਤਾ ਗਿਆ ਹੈ, ਉਨ੍ਹਾਂ ਵਿਚ ਬੌਬੀ ਮਲਹੋਤਰਾ, ਭੁਪਿੰਦਰ ਸਿੰਘ ਉਰਫ਼ ਸੋਨੂੰ ਕੰਗਲਾ, ਕਾਰਤਿਕ ਉਰਫ਼ ਘੋੜਾ ਅਤੇ ਵਰਿੰਦਰ ਸਿੰਘ ਉਰਫ਼ ਸੰਨੀ ਸ਼ਾਮਲ ਹਨ। ਮਾਨਯੋਗ ਜੱਜ ਨੇ ਆਪਣੇ ਫੈਸਲੇ ਵਿਚ ਟਿੱਪਣੀ ਕੀਤੀ ਕਿ ਸਰਕਾਰੀ ਪੱਖ (ਪ੍ਰੋਸੀਕਿਊਸ਼ਨ) ਇਨ੍ਹਾਂ ਮੁਲਜ਼ਮਾਂ ਖ਼ਿਲਾਫ਼ ਲੱਗੇ ਦੋਸ਼ਾਂ ਨੂੰ ਬਿਨਾਂ ਕਿਸੇ ਸ਼ੱਕ ਦੇ ਸਾਬਤ ਕਰਨ ਵਿਚ 'ਪੂਰੀ ਤਰ੍ਹਾਂ ਨਾਕਾਮ' ਰਿਹਾ ਹੈ।

ਦੂਜੇ ਪਾਸੇ, ਅਦਾਲਤ ਨੇ ਤਿੰਨ ਮੁਲਜ਼ਮਾਂ ਅਰੁਣ ਕੁਮਾਰ ਉਰਫ਼ ਛੁਰੀਮਾਰ, ਅੰਗਰੇਜ਼ ਸਿੰਘ ਅਤੇ ਅਮਨਪ੍ਰੀਤ ਸਿੰਘ ਉਰਫ਼ ਰਿੰਕਾ ਨੂੰ ਭਾਰਤੀ ਦੰਡਾਵਲੀ (ਆਈ.ਪੀ.ਸੀ.) ਦੀ ਧਾਰਾ 120-ਬੀ (ਅਪਰਾਧਿਕ ਸਾਜ਼ਿਸ਼), 148 (ਜਾਨਲੇਵਾ ਹਥਿਆਰਾਂ ਨਾਲ ਦੰਗਾ ਕਰਨਾ), 302 (ਕਤਲ), 473 (ਜਾਅਲਸਾਜ਼ੀ) ਅਤੇ 201 (ਸਬੂਤ ਨਸ਼ਟ ਕਰਨਾ) ਤਹਿਤ ਦੋਸ਼ੀ ਪਾਇਆ। ਅਦਾਲਤ ਨੇ ਤਿੰਨਾਂ ਨੂੰ ਸਖ਼ਤ ਉਮਰਕੈਦ ਦੀ ਸਜ਼ਾ ਸੁਣਾਈ ਅਤੇ 22,000-22,000 ਰੁਪਏ ਜੁਰਮਾਨਾ ਕੀਤਾ। ਜੁਰਮਾਨਾ ਨਾ ਭਰਨ ਦੀ ਸੂਰਤ ਵਿਚ ਉਨ੍ਹਾਂ ਨੂੰ 6 ਮਹੀਨੇ ਦੀ ਵਾਧੂ ਕੈਦ ਕੱਟਣੀ ਪਵੇਗੀ।

ਜ਼ਿਕਰਯੋਗ ਹੈ ਕਿ ਕੇਸ ਦੀ ਸੁਣਵਾਈ ਦੌਰਾਨ ਦੋ ਮੁਲਜ਼ਮਾਂ ਰਵਨੀਤ ਸਿੰਘ ਉਰਫ਼ ਸੋਨੂੰ ਮੋਟਾ ਅਤੇ ਰਜਤ ਮਲਹੋਤਰਾ ਉਰਫ਼ ਕਰਨ ਮਸਤੀ ਦੀ ਮੌਤ ਹੋ ਚੁੱਕੀ ਹੈ। ਇਨ੍ਹਾਂ ਵਿਚੋਂ ਸੋਨੂੰ ਮੋਟਾ ਦਾ ਕਤਲ ਅਪ੍ਰੈਲ 2025 ਵਿਚ ਗੁਰਦੀਪ ਪਹਿਲਵਾਨ ਦੇ ਪੁੱਤਰ ਅਭਿਰਾਜ ਸਿੰਘ ਉਰਫ਼ ਅਭੀ ਨੇ ਆਪਣੇ ਪਿਤਾ ਦੀ ਮੌਤ ਦਾ ਬਦਲਾ ਲੈਣ ਲਈ ਗੋਲੀਆਂ ਮਾਰ ਕੇ ਕਰ ਦਿੱਤਾ ਸੀ।

ਮ੍ਰਿਤਕ ਕੌਂਸਲਰ ਦੇ ਭਰਾ ਸੁਖਬੀਰ ਸਿੰਘ ਉਰਫ਼ ਸੋਨੂੰ ਪਹਿਲਵਾਨ ਨੇ ਅਦਾਲਤੀ ਫੈਸਲੇ 'ਤੇ ਡੂੰਘੀ ਨਿਰਾਸ਼ਾ ਜ਼ਾਹਰ ਕੀਤੀ ਹੈ। ਉਨ੍ਹਾਂ ਕਿਹਾ, "ਉਹ ਸਾਰੇ ਮੁੱਖ ਮੁਲਜ਼ਮ, ਜਿਨ੍ਹਾਂ ਦੀ ਗੁਰਦੀਪ ਨਾਲ ਪੁਰਾਣੀ ਰੰਜਿਸ਼ ਸੀ ਅਤੇ ਜੋ ਲਗਾਤਾਰ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਰਹੇ ਸਨ, ਅੱਜ ਬਰੀ ਹੋ ਗਏ ਹਨ। ਇਹ ਫੈਸਲਾ ਨਿਰਾਸ਼ਾਜਨਕ ਹੈ। ਅਸੀਂ ਪੂਰੇ ਫੈਸਲੇ ਦੀ ਕਾਪੀ ਪੜ੍ਹਨ ਤੋਂ ਬਾਅਦ ਹਾਈਕੋਰਟ ਜਾਣ ਸਮੇਤ ਅਗਲੀ ਕਾਨੂੰਨੀ ਰਣਨੀਤੀ ਤੈਅ ਕਰਾਂਗੇ।" ਦੱਸਣਯੋਗ ਹੈ ਕਿ ਮੌਜੂਦਾ ਸਮੇਂ ਸਵਰਗੀ ਕਾਂਗਰਸੀ ਆਗੂ ਗੁਰਦੀਪ ਦੀ ਮਾਤਾ ਗੁਰਮੀਤ ਕੌਰ ਇਸੇ ਇਲਾਕੇ ਤੋਂ ਮੌਜੂਦਾ ਕੌਂਸਲਰ ਹਨ।

# ਮਨਪ੍ਰੀਤ ਇਆਲੀ ਵੱਲੋਂ ਅਕਾਲੀ ਦਲ ਪੁਨਰ ਸੁਰਜੀਤ 'ਚੋਂ ਅਸਤੀਫ਼ਾ

**ਲੁਧਿਆਣਾ, (ਪੰਜਾਬ ਮੇਲ)**- ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਸੀਨੀਅਰ ਆਗੂ ਮਨਪ੍ਰੀਤ ਇਆਲੀ ਨੇ ਆਪਣੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਹੈ। ਇਸ ਦਾ ਐਲਾਨ ਉਨ੍ਹਾਂ ਨੇ ਆਪਣੇ ਸੋਸ਼ਲ ਮੀਡੀਆ 'ਤੇ ਵੀਡੀਓ ਸਮੇਤ ਪੋਸਟ ਪਾਉਂਦਿਆਂ ਕੀਤਾ ਹੈ। ਉਨ੍ਹਾਂ ਕਿਹਾ ਕਿ 2 ਦਸੰਬਰ ਦੇ ਹੁਕਮਨਾਮਾ ਸਾਹਿਬ ਅਨੁਸਾਰ ਨੈਤਿਕ ਅਧਿਕਾਰ ਗਵਾਉਣ ਵਾਲੀ ਲੀਡਰਸ਼ਿਪ ਦਾ ਪਿੱਛੇ ਨਾ ਹੋਣਾ ਅਤੇ ਪੰਥਕ ਏਕਤਾ ਟੁੱਟਣ ਦੇ ਕਾਰਨਾਂ ਕਰਕੇ ਮੈਂ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਸਾਰੇ ਅਹੁਦਿਆਂ ਅਤੇ ਤਾਲਮੇਲ ਕਮੇਟੀ ਦੇ ਕਨਵੀਨਰ ਦੇ ਅਹੁਦੇ ਤੋਂ ਅਸਤੀਫਾ ਦਿੰਦਾ ਹਾਂ। ਉਨ੍ਹਾਂ ਸਾਫ ਕਿਹਾ ਕਿ ਭਵਿੱਖ ਵਿਚ ਮੈਂ ਕਦੇ ਵੀ ਭਾਜਪਾ, ਬਾਦਲ ਦਲ, ਕਾਂਗਰਸ ਤੇ ਆਮ ਆਦਮੀ ਪਾਰਟੀ ਦਾ ਹਿੱਸਾ ਨਹੀਂ ਬਣਾਂਗਾ। ਪੰਥ, ਪੰਜਾਬ, ਪੰਜਾਬੀਅਤ ਤੇ ਕੌਮ ਦੀ ਚੜ੍ਹਦੀ ਕਲਾ ਲਈ ਪੰਥਕ ਧਿਰ ਨਾਲ ਮਿਲ ਕੇ ਕੰਮ ਕਰਾਂਗਾ। ਇਥੇ ਇਹ ਖਾਸ ਤੌਰ 'ਤੇ ਦੱਸਣਯੋਗ ਹੈ ਕਿ ਮੁੱਲਾਂਪੁਰ ਦਾਖਾ ਤੋਂ ਅਕਾਲੀ ਦਲ ਬਾਦਲ ਦੀ ਟਿਕਟ 'ਤੇ ਚੋਣ ਜਿੱਤ ਕੇ ਵਿਧਾਇਕ ਬਣਨ ਵਾਲੇ ਮਨਪ੍ਰੀਤ ਇਆਲੀ ਲੰਬੇ ਸਮੇਂ ਤੋਂ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੀ ਰਾਜਨੀਤੀ ਨਾਲ ਜੁੜੇ ਰਹੇ ਹਨ ਅਤੇ ਪਾਰਟੀ ਦੇ ਅੰਦਰ ਇਕ ਮਜ਼ਬੂਤ ਚਿਹਰੇ ਵਜੋਂ ਵਿਚਰੇ।

# ਹੱਥੀਂ ਬਨਾਉਣ "ਗੁੱਡੀਆਂ ਪਟੋਲੇ" ਦਾ ਦੂਸਰਾ ਆਨਲਾਈਨ ਮੁਕਾਬਲਾ


**ਲੁਧਿਆਣਾ, (ਪੰਜਾਬ ਮੇਲ)**- ਮਿਸ ਵਰਲਡ ਪੰਜਾਬਣ ਮੁਕਾਬਲੇ ਕਰਵਾਉਣ ਵਾਲੀ ਸੰਸਥਾ ਸੱਭਿਆਚਾਰਕ ਸੱਥ ਪੰਜਾਬ ਵਲੋਂ ਲੋਕ ਕਲਾ ਦੀ ਅਲੋਪ ਹੋ ਰਹੀ ਵੰਨਗੀ 'ਗੁੱਡੀਆਂ ਪਟੋਲੇ ਹੱਥੀਂ ਬਨਾਉਣ' ਦਾ ਦੂਸਰਾ ਆਨਲਾਈਨ ਮੁਕਾਬਲਾ ਲੋਕ ਕਲਾਵਾਂ ਦੇ ਮਾਹਰ ਡਾਕਟਰ ਦਵਿੰਦਰ ਕੌਰ ਢੱਟ ਦੀ ਸਰਪ੍ਰਸਤੀ ਹੇਠ ਕਰਵਾਇਆ ਜਾ ਰਿਹਾ ਹੈ। ਪਹਿਲੇ ਤਿੰਨ ਸਥਾਨ 'ਤੇ ਆਉਣ ਵਾਲੀਆਂ 'ਗੁੱਡੀਆਂ' ਨੂੰ ਕ੍ਰਮਵਾਰ 3100/-, 2100/- ਅਤੇ 1100/- ਰੁਪਏ ਦੇ ਨਗਦ ਇਨਾਮ ਅਤੇ ਖ਼ੂਬਸੂਰਤ ਟਰਾਫੀਆਂ ਨਾਲ ਸਨਮਾਨਿਆ ਜਾਵੇਗਾ। ਇਹ ਇਨਾਮ 13 ਜੂਨ 2026 ਨੂੰ 'ਵਰਲਡ ਡਾਲ ਡੇ' ਵਾਲੇ ਦਿਨ ਲੁਧਿਆਣਾ ਵਿਖੇ ਇਕ ਸਮਾਗਮ ਸਮੇਂ ਦਿੱਤੇ ਜਾਣਗੇ। ਇਸ ਵਿਲੱਖਣ ਮੁਕਾਬਲੇ ਬਾਰੇ ਜਾਣਕਾਰੀ ਦਿੰਦਿਆਂ ਸੱਥ ਦੇ ਚੇਅਰਮੈਨ ਜਸਮੇਰ ਸਿੰਘ ਢੱਟ ਨੇ ਦੱਸਿਆ ਕਿ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਰਹਿਣ ਵਾਲੀ ਕੋਈ ਵੀ ਮੁਟਿਆਰ ਜਿਸਦੀ ਉਮਰ 15 ਤੋਂ 35 ਸਾਲ ਵਿਚਕਾਰ ਹੋਵੇ, ਇਸ ਮੁਕਾਬਲੇ ਵਿਚ ਭਾਗ ਲੈ ਸਕਦੀ ਹੈ, ਜਿਸ ਦੀ ਕੋਈ ਐਂਟਰੀ ਫੀਸ ਨਹੀਂ ਹੈ। ਉਨ੍ਹਾਂ ਦੱਸਿਆ ਕਿ ਪੰਜਾਬੀ ਗੁੱਡੀ ਜਿਸਦੀ ਉੱਚਾਈ 12 ਤੋਂ 15 ਇੰਚ ਹੋਵੇ ਕੱਪੜੇ, ਲੀਰਾਂ ਅਤੇ ਰੂੰ ਨਾਲ ਬਣੀ ਹੋਵੇ ਸੂਈ ਧਾਗਾ, ਸਿਤਾਰੇ, ਮੋਤੀ, ਗੋਟਾ ਕਿਨਾਰੀ ਵਰਤ ਸਕਦੇ ਹੋ, ਕੋਈ ਵੀ ਬਣਿਆ ਹੋਇਆ ਸਟ੍ਰੱਕਚਰ, ਫੇਸ, ਬੋਤਲ ਅਦਿ ਵਰਤਣ ਦੀ ਮਨਾਹੀ ਹੋਵੇਗੀ। ਗੁੱਡੀ ਬਨਾਉਣ ਤੋਂ ਕੰਪਲੀਟ ਹੋਣ ਤੱਕ ਦੀ ਇਕੋ ਸਿਟਿੰਗ ਦੀ ਪੂਰੀ ਵੀਡੀਓ ਬਣਾਕੇ ਗੁੱਡੀ ਦੀਆਂ ਵੱਖ-ਵੱਖ ਪੋਜ਼ਾਂ ਦੀਆਂ ਤਿੰਨ ਤੋਂ ਵੱਧ ਫੋਟੋਆਂ ਨਾਲ ਸਾਡੇ ਵੱਟਸਅਪ ਨੰਬਰ +91-98725-45678 'ਤੇ 30 ਮਈ ਤੋਂ ਪਹਿਲਾਂ ਭੇਜੀਆ ਜਾਣ। ਵੀਡੀਓ ਵੱਡੀ ਹੋਣ 'ਤੇ ਸਪੀਡ ਫਾਸਟ ਕਰਕੇ ਭੇਜੀ ਜਾ ਸਕਦੀ ਹੈ। ਫੋਟੋਆਂ ਅਤੇ ਵੀਡੀਓ ਦੇ ਅਧਾਰ 'ਤੇ ਜਿਨ੍ਹਾਂ ਗੁੱਡੀਆਂ ਦੀ ਚੋਣ ਹੋਵੇਗੀ, ਉਹ ਗੁੱਡੀਆਂ ਫਾਈਨਲ ਮੁਕਾਬਲੇ ਲਈ ਸਾਡੇ ਅਡਰੈੱਸ 'ਤੇ 10 ਜੂਨ ਤੋਂ ਪਹਿਲਾ ਪਰਸਨਲ ਜਾਂ ਡਾਕ ਰਾਹੀਂ ਪੁੱਜ ਜਾਣੀਆਂ ਚਾਹੀਦੀਆਂ ਹਨ। ਇਹ ਗੁੱਡੀਆਂ ਵਾਪਸ ਕਰਨ ਯੋਗ ਨਹੀਂ ਹੋਣਗੀਆਂ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**



# ਫ਼ੀਫ਼ਾ ਵਰਲਡ ਕੱਪ ਦੀਆਂ ਤਿਆਰੀਆਂ ਤੇਜ਼

**ਵੈਨਕੂਵਰ, (ਪੰਜਾਬ ਮੇਲ)-** ਫੀਫਾ ਵਰਲਡ ਕੱਪ 2026 ਦੇ ਸਫਲ ਆਯੋਜਨ ਲਈ ਵੈਨਕੂਵਰ ਪ੍ਰਸ਼ਾਸਨ ਵੱਲੋਂ ਵੱਡੇ ਕਦਮ ਚੁੱਕੇ ਜਾ ਰਹੇ ਹਨ। ਸ਼ਹਿਰ ਵਿਚ ਆਉਣ ਵਾਲੇ ਲੱਖਾਂ ਫੁੱਟਬਾਲ ਪ੍ਰਸ਼ੰਸਕਾਂ ਦੀ ਆਮਦ ਨੂੰ ਮੁੱਖ ਰੱਖਦਿਆਂ, ਸਥਾਨਕ ਸਰਕਾਰ ਨੇ ਸ਼ੋਰ-ਸ਼ਰਾਬੇ ਅਤੇ ਸੜਕਾਂ ਕਿਨਾਰੇ ਹੋਣ ਵਾਲੀ ਵਪਾਰਕ ਵਿਕਰੀ 'ਤੇ ਆਰਜ਼ੀ ਤੌਰ 'ਤੇ ਨਵੇਂ ਅਤੇ ਸਖ਼ਤ ਨਿਯਮ ਲਾਗੂ ਕਰ ਦਿੱਤੇ ਹਨ। ਇਹ ਫੈਸਲਾ ਟੂਰਨਾਮੈਂਟ ਦੌਰਾਨ ਅਮਨ-ਕਾਨੂੰਨ ਅਤੇ ਵਿਵਸਥਾ ਬਣਾਈ ਰੱਖਣ ਲਈ ਲਿਆ ਗਿਆ ਹੈ।



ਰਿਪੋਰਟਾਂ ਮੁਤਾਬਕ ਫੀਫਾ ਵਰਲਡ ਕੱਪ ਦੌਰਾਨ ਲਗਭਗ 3 ਲੱਖ 50 ਹਜ਼ਾਰ ਤੋਂ ਵੱਧ ਦਰਸ਼ਕਾਂ ਦੇ ਵੈਨਕੂਵਰ ਪਹੁੰਚਣ ਦੀ ਸੰਭਾਵਨਾ ਹੈ। ਇਸ ਵੱਡੇ ਸਮਾਗਮ ਨੂੰ ਸੁਚੱਜੇ ਢੰਗ ਨਾਲ ਕਰਵਾਉਣ ਲਈ ਸ਼ਹਿਰੀ ਪ੍ਰਸ਼ਾਸਨ ਵੱਲੋਂ ਕਈ ਖਾਸ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਸਦੇ ਨਾਲ ਹੀ ਬੀ.ਸੀ. ਪਲੇਸ ਸਟੇਡੀਅਮ ਵਿਚ ਵੱਡ ਆਕਾਰੀ ਛੱਤ ਹੇਠਾਂ ਉੱਚ ਤਕਨੀਕ ਵਾਲੇ ਕੁਦਰਤੀ ਘਾਹ ਦੇ ਮੈਦਾਨ ਦਾ ਵੀ ਉਦਘਾਟਨ ਕੀਤਾ ਗਿਆ ਹੈ, ਜੋ ਫੀਫਾ ਮਿਆਰਾਂ ਅਨੁਸਾਰ ਤਿਆਰ ਕੀਤਾ ਗਿਆ ਹੈ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਇਨ੍ਹਾਂ ਨਵੇਂ ਨਿਯਮਾਂ ਦਾ ਮਕਸਦ ਫੀਫਾ ਵਰਲਡ ਕੱਪ ਦੌਰਾਨ ਸੁਰੱਖਿਆ, ਸਫ਼ਾਈ ਅਤੇ ਆਵਾਜਾਈ ਪ੍ਰਬੰਧਾਂ ਨੂੰ ਸੁਚਾਰੂ ਬਣਾਈ ਰੱਖਣਾ ਹੈ, ਤਾਂ ਜੋ ਸਥਾਨਕ ਲੋਕਾਂ ਅਤੇ ਸੈਲਾਨੀਆਂ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

# ਇੰਗਲੈਂਡ ਦੇ ਸ਼ਹਿਰ ਲੈਸਟਰ ਨੂੰ ਮਿਲਿਆ ਪਹਿਲਾ ਗੁਰਸਿੱਖ ਲਾਰਡ ਮੇਅਰ

**ਲੈਸਟਰ, (ਪੰਜਾਬ ਮੇਲ)-** ਇੰਗਲੈਂਡ ਦੇ ਸ਼ਹਿਰ ਲੈਸਟਰ ਨੂੰ ਆਪਣਾ ਪਹਿਲਾ ਗੁਰਸਿੱਖ ਲਾਰਡ ਮੇਅਰ ਮਿਲ ਗਿਆ ਹੈ। ਕੁਲਵਿੰਦਰ ਸਿੰਘ ਜੌਹਲ ਨੇ ਪਹਿਲੇ ਦਸਤਾਰਧਾਰੀ ਸਿੱਖ ਵਜੋਂ ਇਹ ਅਹੁਦਾ ਸੰਭਾਲ ਕੇ ਨਾ ਸਿਰਫ਼ ਸਿੱਖ ਭਾਈਚਾਰੇ, ਸਗੋਂ ਪੰਜਾਬ ਦਾ ਮਾਣ ਵੀ ਵਧਾਇਆ ਹੈ। ਲੈਸਟਰ ਟਾਊਨ ਹਾਲ ਵਿਚ ਕਰਵਾਏ ਗਏ ਇੱਕ ਸਮਾਗਮ ਦੌਰਾਨ ਉਨ੍ਹਾਂ ਨੂੰ ਅਹੁਦੇ ਦੀ ਸਹੁੰ ਚੁਕਾਈ ਗਈ ਅਤੇ ਉਨ੍ਹਾਂ ਨੇ ਅਧਿਕਾਰਿਕ ਤੌਰ 'ਤੇ ਆਪਣਾ ਕਾਰਜਭਾਰ ਸੰਭਾਲ ਲਿਆ।

ਕੌਂਸਲਰ ਕੁਲਵਿੰਦਰ ਸਿੰਘ ਜੌਹਲ ਲੇਬਰ ਪਾਰਟੀ ਨਾਲ ਸੰਬੰਧਤ ਹਨ ਅਤੇ ਸਾਲ 2015 ਤੋਂ ਬ੍ਰਾਊਨਸਟੋਨ ਪਾਰਕ ਅਤੇ ਰਾਊਲੀ ਫੀਲਡਜ਼ ਵਾਰਡ ਦੀ ਨੁਮਾਇੰਦਗੀ ਕਰ ਰਹੇ ਹਨ। ਪਿਛਲੇ ਕਈ ਸਾਲਾਂ ਤੋਂ ਉਹ ਸਮਾਜਿਕ ਸੇਵਾ ਅਤੇ ਜਨਹਿਤ ਕਾਰਜਾਂ ਨਾਲ ਜੁੜੇ ਹੋਏ ਹਨ, ਜਿਸ ਕਾਰਨ ਉਨ੍ਹਾਂ ਦੀ ਪਹਿਚਾਣ ਇੱਕ ਸਰਗਰਮ ਅਤੇ ਲੋਕਪ੍ਰਿਯ ਆਗੂ ਵਜੋਂ ਬਣੀ ਹੋਈ ਹੈ।



*ਕੁਲਵਿੰਦਰ ਸਿੰਘ ਜੌਹਲ*

ਕੁਲਵਿੰਦਰ ਸਿੰਘ ਜੌਹਲ ਦਾ ਪਿਛੋਕੜ ਪੰਜਾਬ ਦੇ ਜਲੰਧਰ ਜ਼ਿਲ੍ਹੇ ਦੇ ਫਿਲੌਰ ਨੇੜਲੇ ਪਿੰਡ ਤੇਹਿੰਗ ਨਾਲ ਜੁੜਿਆ ਹੋਇਆ ਹੈ। ਛੋਟੀ ਉਮਰ ਵਿਚ ਹੀ ਉਹ ਆਪਣੇ ਪਰਿਵਾਰ ਨਾਲ ਇੰਗਲੈਂਡ ਜਾ ਵੱਸੇ ਸਨ। ਉਨ੍ਹਾਂ ਨੇ ਆਪਣੀ ਪੜ੍ਹਾਈ ਵੀ ਲੈਸਟਰ ਵਿਚ ਹੀ ਪੂਰੀ ਕੀਤੀ ਅਤੇ ਉੱਥੇ ਰਹਿੰਦੇ ਹੋਏ ਸਮਾਜਿਕ ਅਤੇ ਰਾਜਨੀਤਿਕ ਖੇਤਰ ਵਿਚ ਆਪਣੀ ਵੱਖਰੀ ਪਹਿਚਾਣ ਬਣਾਈ। ਧਾਰਮਿਕ ਅਤੇ ਸਮਾਜਿਕ ਖੇਤਰ ਵਿਚ ਵੀ ਕੁਲਵਿੰਦਰ ਸਿੰਘ ਜੌਹਲ ਦਾ ਵੱਡਾ ਯੋਗਦਾਨ ਰਿਹਾ ਹੈ। ਉਹ ਅੰਮ੍ਰਿਤਧਾਰੀ ਸਿੱਖ ਹਨ ਅਤੇ ਲੰਬੇ ਸਮੇਂ ਤੱਕ ਗੁਰੂ ਨਾਨਕ ਗੁਰਦੁਆਰਾ (ਜੀ.ਐੱਨ.ਜੀ.), ਹੋਲੀ ਬੋਨਜ਼, ਲੈਸਟਰ ਨਾਲ ਜੁੜੇ ਰਹੇ ਹਨ। ਇਸ ਤੋਂ ਇਲਾਵਾ ਉਹ ਨੌਜਵਾਨਾਂ ਨੂੰ ਖੇਡਾਂ ਅਤੇ ਸਮਾਜਿਕ ਗਤੀਵਿਧੀਆਂ ਨਾਲ ਜੋੜਨ ਲਈ ਵੀ ਲਗਾਤਾਰ ਕੰਮ ਕਰਦੇ ਰਹੇ ਹਨ।

ਲਾਰਡ ਮੇਅਰ ਵਜੋਂ ਆਪਣੇ ਕਾਰਜਕਾਲ ਦੌਰਾਨ ਕੁਲਵਿੰਦਰ ਸਿੰਘ ਜੌਹਲ ਨੇ ਸਮਾਜਿਕ ਸੇਵਾ ਨਾਲ ਜੁੜੀਆਂ ਸੰਸਥਾਵਾਂ ਦੀ ਮਦਦ ਅਤੇ ਲੋਕ ਭਲਾਈ ਦੇ ਕੰਮਾਂ ਨੂੰ ਅੱਗੇ ਵਧਾਉਣ ਦੀ ਗੱਲ ਕਹੀ ਹੈ। ਉਨ੍ਹਾਂ ਦੀ ਇਸ ਉਪਲਬਧੀ ਨਾਲ ਨਾ ਸਿਰਫ਼ ਲੈਸਟਰ ਵਿਚ ਵਸਦੇ ਸਿੱਖ ਭਾਈਚਾਰੇ ਵਿਚ ਖ਼ੁਸ਼ੀ ਦਾ ਮਾਹੌਲ ਹੈ, ਸਗੋਂ ਪੰਜਾਬ ਨਾਲ ਜੁੜੇ ਲੋਕ ਵੀ ਇਸਨੂੰ ਮਾਣ ਵਾਲੀ ਪ੍ਰਾਪਤੀ ਵਜੋਂ ਦੇਖ ਰਹੇ ਹਨ।

# ਬ੍ਰਿਕਸ ਦੇਸ਼ਾਂ ਦੀ ਬੈਠਕ 'ਚ ਈਰਾਨ-ਯੂ.ਏ.ਈ. ਸਾਂਝਾ ਬਿਆਨ ਜਾਰੀ ਕਰਨ 'ਚ ਅਸਫ਼ਲ

**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਵਿਚ ਦੋ ਦਿਨਾਂ ਦੀ ਬੈਠਕ ਤੋਂ ਬਾਅਦ, ਬ੍ਰਿਕਸ ਦੇਸ਼ਾਂ ਦੇ ਚੋਟੀ ਦੇ ਡਿਪਲੋਮੈਟ (ਵਿਦੇਸ਼ ਮੰਤਰੀ) ਇੱਕ ਸਾਂਝਾ ਬਿਆਨ ਜਾਰੀ ਕਰਨ ਵਿਚ ਅਸਫ਼ਲ ਰਹੇ। ਇਸ ਦੇਸ਼ਾਂ ਦੇ ਸਮੂਹ ਵਿਚ ਆਪਸੀ ਵਿਰੋਧੀ ਈਰਾਨ ਅਤੇ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਵੀ ਸ਼ਾਮਲ ਹਨ। ਇਸ ਕਾਰਨ ਮੇਜ਼ਬਾਨ ਦੇਸ਼ ਭਾਰਤ ਨੂੰ ਸਿਰਫ਼ ਇੱਕ ਚੇਅਰਮੈਨ ਬਿਆਨ ਜਾਰੀ ਕਰਨਾ ਪਿਆ, ਜਿਸ ਨੇ ਇਨ੍ਹਾਂ ਦੇਸ਼ਾਂ ਦੇ ਆਪਸੀ ਮਤਭੇਦਾਂ ਨੂੰ ਜਨਤਕ ਕਰ ਦਿੱਤਾ।



ਤਹਿਰਾਨ (ਈਰਾਨ) ਚਾਹੁੰਦਾ ਸੀ ਕਿ ਉੱਭਰਦੀਆਂ ਅਰਥਵਿਵਸਥਾਵਾਂ ਦਾ ਇਹ ਸਮੂਹ ਈਰਾਨ 'ਤੇ ਅਮਰੀਕਾ-ਇਜ਼ਰਾਈਲ ਦੀ ਜੰਗ ਦੀ ਨਿੰਦਾ ਕਰੇ। ਈਰਾਨ ਨੇ ਅਮਰੀਕਾ ਦੇ ਸਹਿਯੋਗੀ ਦੇਸ਼ ਯੂ.ਏ.ਈ. 'ਤੇ ਆਪਣੇ ਵਿਰੁੱਧ ਫੌਜੀ ਕਾਰਵਾਈਆਂ ਵਿਚ ਸਿੱਧੇ ਤੌਰ 'ਤੇ ਸ਼ਾਮਲ ਹੋਣ ਦਾ ਦੋਸ਼ ਵੀ ਲਗਾਇਆ। ਜ਼ਿਕਰਯੋਗ ਹੈ ਕਿ 28 ਫਰਵਰੀ ਨੂੰ ਜੰਗ ਸ਼ੁਰੂ ਹੋਣ ਤੋਂ ਬਾਅਦ ਈਰਾਨ ਕਈ ਵਾਰ ਯੂ.ਏ.ਈ. 'ਤੇ ਮਿਜ਼ਾਈਲਾਂ ਅਤੇ ਡਰੋਨਾਂ ਨਾਲ ਹਮਲੇ ਕਰ ਚੁੱਕਾ ਹੈ।

ਭਾਰਤ ਨੇ ਆਪਣੇ ਬਿਆਨ ਅਤੇ ਨਤੀਜਾ ਦਸਤਾਵੇਜ਼ ਵਿਚ ਕਿਹਾ, "ਪੱਛਮੀ ਏਸ਼ੀਆ/ਮੱਧ ਪੂਰਬ ਖੇਤਰ ਦੀ ਸਥਿਤੀ ਨੂੰ ਲੈ ਕੇ ਕੁਝ ਮੈਂਬਰਾਂ ਦੇ ਵਿਚਾਰ ਵੱਖੋ-ਵੱਖਰੇ ਸਨ।" ਯੂ.ਐੱਸ.ਏ. (ਯੂ.ਏ.ਈ.) ਦਾ ਨਾਮ ਲਏ ਬਿਨਾਂ, ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਕਚੀ ਨੇ ਇੱਕ ਪੱਤਰਕਾਰ ਸੰਮੇਲਨ 'ਚ ਕਿਹਾ ਕਿ ਬ੍ਰਿਕਸ ਦੇ ਇੱਕ ਮੈਂਬਰ ਦੇਸ਼ ਨੇ ਬਿਆਨ ਦੇ ਕੁਝ ਹਿੱਸਿਆਂ ਨੂੰ ਰੋਕ ਦਿੱਤਾ। ਉਨ੍ਹਾਂ ਕਿਹਾ ਕਿ ਸਾਨੂੰ ਉਸ ਖਾਸ ਦੇਸ਼ ਨਾਲ ਕੋਈ ਸਮੱਸਿਆ ਨਹੀਂ ਹੈ, ਮੌਜੂਦਾ ਜੰਗ ਵਿਚ ਉਹ ਸਾਡਾ ਨਿਸ਼ਾਨਾ ਨਹੀਂ ਰਹੇ ਹਨ। ਉਨ੍ਹਾਂ ਉਮੀਦ ਜਤਾਈ ਕਿ ਇਸ ਸਾਲ ਦੇ ਅੰਤ ਵਿਚ ਹੋਣ ਵਾਲੇ ਬ੍ਰਿਕਸ ਸੰਮੇਲਨ ਤੱਕ ਸਥਿਤੀ ਬਦਲ ਜਾਵੇਗੀ।

ਬਾਅਦ ਵਿਚ ਯੂ.ਏ.ਈ. ਦੇ ਵਿਦੇਸ਼ ਮੰਤਰਾਲੇ ਨੇ ਇੱਕ ਬਿਆਨ ਜਾਰੀ ਕਰਕੇ ਈਰਾਨ ਦੇ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ। ਉਨ੍ਹਾਂ ਕਿਹਾ ਕਿ ਯੂ.ਏ.ਈ. 'ਤੇ ਹੋਏ ਹਮਲਿਆਂ ਨੂੰ ਜਾਇਜ਼ ਠਹਿਰਾਉਣ ਦੀਆਂ ਕੋਸ਼ਿਸ਼ਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਦੇਸ਼ ਕੋਲ ਕਿਸੇ ਵੀ ਖ਼ਤਰੇ ਦਾ ਜਵਾਬ ਦੇਣ ਲਈ ਪੂਰੇ ਪ੍ਰਭੂਸੱਤਾ, ਕਾਨੂੰਨੀ, ਡਿਪਲੋਮੈਟਿਕ ਅਤੇ ਫੌਜੀ ਅਧਿਕਾਰ ਸੁਰੱਖਿਅਤ ਹਨ। ਖਾੜੀ ਦੇਸ਼ ਦੀ ਨੁਮਾਇੰਦਗੀ ਕਰ ਰਹੇ ਉਪ ਵਿਦੇਸ਼ ਮੰਤਰੀ ਖਲੀਫਾ ਸ਼ਾਹੀਨ ਅਲ ਮਾਰਾਰ ਨੇ ਕਿਹਾ ਕਿ ਯੂ.ਏ.ਈ. 28 ਫਰਵਰੀ ਤੋਂ ਲਗਾਤਾਰ ਈਰਾਨੀ "ਅੱਤਵਾਦੀ ਹਮਲਿਆਂ" ਦਾ ਸਾਹਮਣਾ ਕਰ ਰਿਹਾ ਹੈ।

ਅਲ ਮਾਰਾਰ ਨੇ ਈਰਾਨ 'ਤੇ ਹੋਰਮੁਜ਼ ਜਲਡਮਰੂ ਸਮੇਤ ਅੰਤਰਰਾਸ਼ਟਰੀ ਸਮੁੰਦਰੀ ਰਸਤਿਆਂ ਵਿਚ ਰੁਕਾਵਟ ਪਾਉਣ ਦਾ ਵੀ ਦੋਸ਼ ਲਗਾਇਆ। ਭਾਰਤ ਦੇ ਬਿਆਨ ਵਿਚ ਕਿਹਾ ਗਿਆ ਕਿ ਮੈਂਬਰ ਦੇਸ਼ਾਂ ਨੇ ਆਪਣੇ ਰਾਸ਼ਟਰੀ ਰੁਖ਼ ਅਤੇ ਵੱਖ-ਵੱਖ ਦ੍ਰਿਸ਼ਟੀਕੋਣਾਂ ਨੂੰ ਸਾਂਝਾ ਕੀਤਾ ਹੈ, ਜਿਸ ਵਿਚ ਗੱਲਬਾਤ, ਕੂਟਨੀਤੀ ਅਤੇ ਖੇਤਰੀ ਅਖੰਡਤਾ ਦਾ ਸਨਮਾਨ ਸ਼ਾਮਲ ਹੈ।

ਬਿਆਨ ਵਿਚ ਕਿਹਾ ਗਿਆ ਹੈ ਕਿ ਬ੍ਰਿਕਸ ਮੰਤਰੀਆਂ ਨੇ ਯਾਦ ਦਿਵਾਇਆ ਕਿ "ਗਾਜ਼ਾ ਪੱਟੀ, ਫਲਸਤੀਨੀ ਖੇਤਰ ਦਾ ਇੱਕ ਅਨਿੱਖੜਵਾਂ ਅੰਗ ਹੈ।" ਉਨ੍ਹਾਂ ਨੇ ਫਲਸਤੀਨੀ ਅਥਾਰਟੀ ਦੇ ਅਧੀਨ ਵੈਸਟ ਬੈਂਕ ਅਤੇ ਗਾਜ਼ਾ ਪੱਟੀ ਨੂੰ ਇਕਜੁੱਟ ਕਰਨ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ। ਹਾਲਾਂਕਿ, ਇੱਕ ਮੈਂਬਰ ਦੇਸ਼ ਨੂੰ ਗਾਜ਼ਾ ਵਾਲੇ ਹਿੱਸੇ ਦੇ ਕੁਝ ਪਹਿਲੂਆਂ 'ਤੇ ਇਤਰਾਜ਼ ਸੀ।

ਸਾਲ 2026 ਲਈ ਬਲਾਕ ਦੇ ਪ੍ਰਧਾਨ (ਚੇਅਰ) ਵਜੋਂ ਭਾਰਤ ਦੇ ਬਿਆਨ ਵਿਚ ਕਿਹਾ ਗਿਆ ਕਿ ਮੈਂਬਰ ਦੇਸ਼ਾਂ ਨੇ ਵਿਸ਼ਵਵਿਆਪੀ ਚੁਣੌਤੀਆਂ ਦਾ ਮੁਕਾਬਲਾ ਕਰਨ ਲਈ ਵਿਕਾਸਸ਼ੀਲ ਦੇਸ਼ਾਂ ਨੂੰ ਇਕਜੁੱਟ ਰਹਿਣ ਦਾ ਸੱਦਾ ਦਿੱਤਾ ਹੈ। ਬ੍ਰਿਕਸ ਸਮੂਹ ਵਿਚ ਬ੍ਰਾਜ਼ੀਲ, ਰੂਸ, ਭਾਰਤ, ਚੀਨ, ਦੱਖਣੀ ਅਫਰੀਕਾ, ਇਥੋਪੀਆ, ਮਿਸਰ, ਈਰਾਨ ਅਤੇ ਯੂ.ਏ.ਈ. ਸ਼ਾਮਲ ਹਨ।

ਦੁਨੀਆਂ ਦੇ ਤੀਜੇ ਸਭ ਤੋਂ ਵੱਡੇ ਤੇਲ ਆਯਾਤਕ ਅਤੇ ਉਪਭੋਗਤਾ ਵਜੋਂ, ਭਾਰਤ ਹੋਰਮੁਜ਼ ਜਲਡਮਰੂ ਦੀ ਨਾਕਾਬੰਦੀ ਕਾਰਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ, ਜਿੱਥੋਂ ਵਿਸ਼ਵ ਦੀ ਤੇਲ ਸਪਲਾਈ ਦਾ ਪੰਜਵਾਂ ਹਿੱਸਾ ਲੰਘਦਾ ਹੈ। ਈਰਾਨੀ ਹਮਲਿਆਂ ਕਾਰਨ ਇਸ ਸਮੁੰਦਰੀ ਰਸਤੇ ਵਿਚ ਘੱਟੋ-ਘੱਟ ਤਿੰਨ ਭਾਰਤੀ ਕਰਮਚਾਰੀਆਂ ਦੀ ਮੌਤ ਹੋ ਚੁੱਕੀ ਹੈ ਅਤੇ ਇੱਕ ਭਾਰਤੀ ਝੰਡੇ ਵਾਲਾ ਜਹਾਜ਼ ਵੀ ਇਸੇ ਹਫ਼ਤੇ ਡੁੱਬ ਗਿਆ ਸੀ।

# ਲੰਡਨ ਦੇ ਕੇਂਦਰੀ ਹਿੱਸੇ 'ਚ 2 ਵੱਖ-ਵੱਖ ਪ੍ਰਦਰਸ਼ਨਾਂ ਦੌਰਾਨ ਹਜ਼ਾਰਾਂ ਲੋਕਾਂ ਵੱਲੋਂ ਮਾਰਚ

**ਲੰਡਨ, (ਪੰਜਾਬ ਮੇਲ)-** ਲੰਡਨ ਦੇ ਕੇਂਦਰੀ ਹਿੱਸੇ 'ਚ ਦੋ ਵੱਖ-ਵੱਖ ਪ੍ਰਦਰਸ਼ਨਾਂ ਦੌਰਾਨ ਹਜ਼ਾਰਾਂ ਲੋਕਾਂ ਨੇ ਮਾਰਚ ਕੀਤਾ। ਇੱਕ ਮੁਜ਼ਾਹਰਾ ਦੇਸ਼ ਵਿਚ ਪਰਵਾਸ ਵਿਚ ਬੜੋਤਰੀ ਖ਼ਿਲਾਫ਼ ਸੀ, ਜਦਕਿ ਦੂਜਾ ਫ਼ਲਸਤੀਨੀਆਂ ਦੇ ਸਮਰਥਨ ਵਿਚ ਸੀ। ਪੁਲਿਸ ਨੇ ਇਸ ਮੁਹਿੰਮ ਲਈ 4,000 ਅਧਿਕਾਰੀ ਤਾਇਨਾਤ ਕੀਤੇ ਸਨ, ਜਿਨ੍ਹਾਂ ਵਿਚ ਰਾਜਧਾਨੀ ਤੋਂ ਬਾਹਰੋਂ ਸੱਦੀ ਗਈ ਵਾਧੂ ਫੋਰਸ ਦੇ ਅਧਿਕਾਰੀ ਤੇ ਮੁਲਾਜ਼ਮ ਵੀ ਸ਼ਾਮਲ ਸਨ। ਪੁਲਿਸ ਨੇ ਇਸ ਨੂੰ ਪਿਛਲੇ ਕਈ ਸਾਲਾਂ ਵਿਚ ਆਪਣੀ ਸਭ ਤੋਂ ਵੱਡੀ ਜਨਤਕ ਵਿਵਸਥਾ ਮੁਹਿੰਮ ਦੱਸਦਿਆਂ ਆਪਣੀਆਂ ਸ਼ਕਤੀਆਂ ਦੀ ਹਰ ਸੰਭਵ ਸਖ਼ਤੀ ਨਾਲ ਵਰਤੋਂ ਕਰਨ ਦਾ ਵਾਅਦਾ ਕੀਤਾ।

ਦੋਵੇਂ ਮਾਰਚ ਸ਼ੁਰੂ ਹੋਣ ਤੋਂ ਕੁਝ ਦੇਰ ਬਾਅਦ, ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੇ ਵੱਖ-ਵੱਖ ਅਪਰਾਧਾਂ ਲਈ 11 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਪਹਿਲਾਂ ਇਨ੍ਹਾਂ ਮੁਜ਼ਾਹਰਿਆਂ ਵਿਚ ਘੱਟੋ-ਘੱਟ 80,000 ਲੋਕਾਂ ਦੇ ਸ਼ਾਮਲ ਹੋਣ ਦਾ ਅਨੁਮਾਨ ਲਾਇਆ ਸੀ। ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ 'ਯੂਨਾਈਟਿਡ ਦਿ ਕਿੰਗਡਮ' ਮਾਰਚ ਦੇ ਪ੍ਰਬੰਧਕਾਂ 'ਤੇ ਨਿਸ਼ਾਨਾ ਸੇਧਦੇ ਹੋਏ ਉਨ੍ਹਾਂ 'ਤੇ ਸਿੱਧੇ ਤੌਰ 'ਤੇ ਨਫ਼ਰਤ ਅਤੇ ਵੰਡ ਨੂੰ ਹੁਲਾਰਾ ਦੇਣ ਦਾ ਦੋਸ਼ ਲਾਇਆ।

## ਸਫਾ 1 ਦਾ ਬਾਕੀ | ਅਮਰੀਕਾ 'ਚ ਗ੍ਰੀਨ ਕਾਰਡ ਲਈ ਅਰਜ਼ੀਆਂ...

ਪਰ ਹੁਣ ਨਵੇਂ ਨਿਯਮ ਅਨੁਸਾਰ ਯੂ.ਐੱਸ.ਸੀ.ਆਈ.ਐੱਸ. ਪਹਿਲਾਂ ਅਰਜ਼ੀ ਸਵੀਕਾਰ ਕਰਕੇ ਉਸ 'ਤੇ ਕਾਰਵਾਈ ਕਰੇਗੀ ਅਤੇ ਬਾਅਦ ਵਿਚ ਜਾਂਚ ਦੌਰਾਨ ਗਲਤੀ ਮਿਲਣ 'ਤੇ ਸਿੱਧਾ ਇਨਕਾਰ ਕਰ ਸਕਦੀ ਹੈ।

ਇਸ ਨਿਯਮ ਦਾ ਸਭ ਤੋਂ ਵੱਧ ਅਸਰ ਉਨ੍ਹਾਂ ਲੋਕਾਂ 'ਤੇ ਪੈ ਸਕਦਾ ਹੈ, ਜੋ ਫਾਰਮ ਆਈ-485 ਰਾਹੀਂ ਗ੍ਰੀਨ ਕਾਰਡ ਲਈ ਸਥਿਤੀ ਦੀ ਐਡਜਸਮੈਂਟ ਕਰ ਰਹੇ ਹਨ। ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਕਈ ਵਾਰ ਲੋਕ ਪੁਰਾਣੇ ਫਾਰਮ ਵਰਤ ਲੈਂਦੇ ਹਨ, ਡਿਜ਼ਿਟਲ ਸਿਗਨੇਚਰ ਗਲਤ ਕਰ ਦਿੰਦੇ ਹਨ ਜਾਂ ਕਿਸੇ ਸਪਾਂਸਰ ਜਾਂ ਵਕੀਲ ਦੇ ਸਿਗਨੇਚਰ ਰਹਿ ਜਾਂਦੇ ਹਨ, ਜਿਸ ਕਾਰਨ ਪੂਰਾ ਕੇਸ ਖਤਰੇ ਵਿਚ ਪੈ ਸਕਦਾ ਹੈ। ਵਕੀਲਾਂ ਨੇ ਚੇਤਾਵਨੀ ਦਿੱਤੀ ਹੈ ਕਿ ਹੁਣ ਹਰ ਫਾਰਮ ਨੂੰ ਭੇਜਣ ਤੋਂ ਪਹਿਲਾਂ ਬਹੁਤ ਧਿਆਨ ਨਾਲ ਚੈੱਕ ਕਰਨਾ ਲਾਜ਼ਮੀ ਹੋਵੇਗਾ। ਖਾਸ ਕਰਕੇ ਪੰਜਾਬੀ ਅਤੇ ਭਾਰਤੀ ਭਾਈਚਾਰੇ ਵਿਚ ਕਈ ਲੋਕ ਏਜੰਟਾਂ ਜਾਂ ਤੀਜੇ ਵਿਅਕਤੀਆਂ ਰਾਹੀਂ ਫਾਰਮ ਭਰਵਾਉਂਦੇ ਹਨ, ਜਿਸ ਕਾਰਨ ਛੋਟੀਆਂ ਟੈਕਨੀਕਲ ਗਲਤੀਆਂ ਹੋਣ ਦਾ ਖਤਰਾ ਵੱਧ ਜਾਂਦਾ ਹੈ। ਇਮੀਗ੍ਰੇਸ਼ਨ ਮਾਹਿਰਾਂ ਦਾ ਇਹ ਵੀ ਕਹਿਣਾ ਹੈ ਕਿ ਜੇ ਕੇਸ ਕਈ ਮਹੀਨੇ ਚੱਲਣ ਤੋਂ ਬਾਅਦ ਸਿਗਨੇਚਰ ਦੀ ਗਲਤੀ ਕਾਰਨ ਡਿਨਾਈ ਹੁੰਦਾ ਹੈ, ਤਾਂ ਅਰਜ਼ੀਕਾਰਾਂ ਨੂੰ ਮੁੜ ਫਾਈਲਿੰਗ ਫੀਸ ਦੇਣੀ ਪੈ ਸਕਦੀ ਹੈ ਅਤੇ ਇਮੀਗ੍ਰੇਸ਼ਨ ਸਟੇਟਸ 'ਤੇ ਵੀ ਅਸਰ ਪੈ ਸਕਦਾ ਹੈ। ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਹ ਨਿਯਮ ਇਮੀਗ੍ਰੇਸ਼ਨ ਪ੍ਰਕਿਰਿਆ ਨੂੰ ਹੋਰ ਸਖ਼ਤ ਅਤੇ ਸੁਰੱਖਿਅਤ ਬਣਾਉਣ ਲਈ ਲਿਆਂਦਾ ਗਿਆ ਹੈ, ਪਰ ਇਮੀਗ੍ਰੇਸ਼ਨ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਇਸਨੂੰ ਪ੍ਰਵਾਸੀਆਂ ਲਈ ਇੱਕ ਹੋਰ ਮੁਸ਼ਕਲ ਕਦਮ ਮੰਨ ਰਹੀਆਂ ਹਨ।

## ਸਫਾ 1 ਦਾ ਬਾਕੀ | ਟਰੰਪ ਦੀ ਇਮੀਗ੍ਰੇਸ਼ਨ ਕਾਰਵਾਈ ਕਾਰਨ ਅਮਰੀਕਾ...

ਰਿਪੋਰਟ ਅਨੁਸਾਰ ਲਗਭਗ 22 ਹਜ਼ਾਰ ਬੱਚੇ ਐਸੇ ਹਨ, ਜੋ ਘਰ ਵਿਚ ਕਿਸੇ ਵੀ ਮਾਪੇ ਤੋਂ ਬਿਨਾਂ ਰਹਿ ਗਏ ਹਨ। ਕੁਝ ਬੱਚਿਆਂ ਦੀ ਦੇਖਭਾਲ ਵੱਡੇ ਭੈਣ-ਭਰਾ ਜਾਂ ਕਮਿਊਨਿਟੀ ਮੈਂਬਰ ਕਰ ਰਹੇ ਹਨ, ਜਦਕਿ ਥੋੜ੍ਹੇ ਬੱਚੇ ਫੋਸਟਰ ਕੇਅਰ ਵਿਚ ਹਨ।

ਸਹਿ-ਲੇਖਿਕਾ ਮਾਰੀਆ ਕੈਨਸੀਅਨ ਨੇ ਕਿਹਾ ਕਿ ਬਹੁਤ ਸਾਰੇ ਬੱਚੇ ਉਨ੍ਹਾਂ ਲੋਕਾਂ ਕੋਲ ਰਹਿ ਰਹੇ ਹਨ, ਜਿਨ੍ਹਾਂ 'ਤੇ ਕਾਨੂੰਨੀ ਤੌਰ 'ਤੇ ਉਨ੍ਹਾਂ ਦੀ ਦੇਖਭਾਲ ਦੀ ਜ਼ਿੰਮੇਵਾਰੀ ਨਹੀਂ ਹੈ।

ਉਮਰ ਅਨੁਸਾਰ ਅੰਕੜਿਆਂ ਵਿਚ ਦੱਸਿਆ ਗਿਆ ਕਿ ਪ੍ਰਭਾਵਿਤ ਅਮਰੀਕੀ ਨਾਗਰਿਕ ਬੱਚਿਆਂ ਵਿਚੋਂ 36.5 ਫੀਸਦੀ ਦੀ ਉਮਰ 6 ਸਾਲ ਤੋਂ ਘੱਟ ਹੈ, 36.1 ਫੀਸਦੀ 6 ਤੋਂ 12 ਸਾਲ ਦੇ ਹਨ ਅਤੇ 27.4 ਫੀਸਦੀ 12 ਤੋਂ 17 ਸਾਲ ਦੀ ਉਮਰ ਦੇ ਹਨ।

ਰਿਪੋਰਟ ਦੇ ਅੰਤ ਵਿਚ ਕਿਹਾ ਗਿਆ ਹੈ ਕਿ ਜਿਵੇਂ-ਜਿਵੇਂ ਇਮੀਗ੍ਰੇਸ਼ਨ ਕਾਰਵਾਈ ਵਧ ਰਹੀ ਹੈ, ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਪ੍ਰਭਾਵਿਤ ਬੱਚਿਆਂ ਦੀ ਸੁਰੱਖਿਆ, ਮਾਨਸਿਕ ਸਹਾਇਤਾ ਅਤੇ ਬੁਨਿਆਦੀ ਲੋੜਾਂ ਦਾ ਖ਼ਿਆਲ ਰੱਖਿਆ ਜਾਵੇ।

# ਲੰਡਨ 'ਚ ਜਿਨਸੀ ਸ਼ੋਸ਼ਣ ਦੇ ਦੋਸ਼ ਹੇਠ ਭਾਰਤੀ ਮੂਲ ਦੇ ਇਮਾਮ ਨੂੰ ਉਮਰਕੈਦ ਦੀ ਸਜ਼ਾ

**ਲੰਡਨ, (ਪੰਜਾਬ ਮੇਲ)-**ਪੂਰਵੀ ਲੰਡਨ 'ਚ ਇਕ ਭਾਰਤੀ ਮੂਲ ਦੇ ਇਮਾਮ ਨੂੰ ਉਮਰਕੈਦ ਦੀ ਸਜ਼ਾ ਸੁਣਾਈ ਗਈ ਹੈ, ਜਿਸ ਨੇ ਧਾਰਮਿਕ ਆਗੂ ਦੇ ਰੂਪ 'ਚ ਆਪਣੇ ਅਹੁਦੇ ਦੀ ਦੁਰਵਰਤੋਂ ਕਰਦੇ ਹੋਏ ਮਹਿਲਾ ਸ਼ਰਧਾਲੂਆਂ ਦਾ ਜਿਨਸੀ ਸ਼ੋਸ਼ਣ ਕੀਤਾ ਸੀ। ਅਬਦੁਲ ਹਲੀਮ ਖਾਨ ਨੂੰ ਸਨੇਅਰਸਬਰੁੱਕ ਕ੍ਰਾਊਨ ਕੋਰਟ 'ਚ ਸਜ਼ਾ ਸੁਣਾਈ ਗਈ। ਉਸਨੂੰ 2004 ਤੋਂ 2015 ਦੇ ਵਿਚਕਾਰ 7 ਔਰਤਾਂ ਤੇ ਕੁੜੀਆਂ ਖ਼ਿਲਾਫ਼ ਕੀਤੇ ਗਏ 21 ਜਿਨਸੀ ਅਪਰਾਧਾਂ ਦਾ ਦੋਸ਼ੀ ਪਾਇਆ ਗਿਆ ਸੀ। ਜਸਟਿਸ ਲੈਸਲੀ ਕਥਬਰਟ ਨੇ ਆਦੇਸ਼ ਦਿੱਤਾ ਕਿ 54 ਸਾਲਾ ਖਾਨ ਨੂੰ ਪੈਰੋਲ ਲਈ ਪਹਿਲਾਂ ਘੱਟੋ-ਘੱਟ 20 ਸਾਲ ਦੀ ਸਜ਼ਾ ਕੱਟਣੀ ਪਵੇਗੀ। ਮੈਟਰੋਪੋਲੀਟਨ ਪੁਲਿਸ ਨੇ ਦੱਸਿਆ ਕਿ ਖਾਨ ਨੇ ਅਧਿਆਤਮਕ ਸ਼ਕਤੀਆਂ ਹੋਣ ਦਾ ਝੂਠਾ ਦਾਅਵਾ ਕੀਤਾ ਸੀ ਅਤੇ ਇਨ੍ਹਾਂ ਦਾਅਵਿਆਂ ਦਾ ਇਸਤੇਮਾਲ 12 ਸਾਲ ਤੱਕ ਦੀ ਘੱਟ ਉਮਰ ਦੀਆਂ ਕੁੜੀਆਂ ਨੂੰ ਬਹਿਲਾਉਣ-ਫੁਸਲਾਉਣ ਤੇ ਜਿਨਸੀ ਸ਼ੋਸ਼ਣ ਕਰਨ ਲਈ ਕਰਦਾ ਸੀ। ਅਦਾਲਤ ਨੂੰ ਦੱਸਿਆ ਗਿਆ ਕਿ ਖਾਨ ਨੇ ਟਾਵਰ ਹੈਮਲੇਟਸ 'ਚ ਬੰਗਲਾਦੇਸ਼ੀ ਮੁਸਲਿਮ ਭਾਈਚਾਰੇ ਦੀਆਂ ਔਰਤਾਂ ਤੇ ਕੁੜੀਆਂ ਨੂੰ ਨਿਸ਼ਾਨਾ ਬਣਾਇਆ, ਕਿਉਂਕਿ ਇਲਾਕੇ 'ਚ ਉਸਦਾ ਕਾਫ਼ੀ ਪ੍ਰਭਾਵ ਸੀ ਤੇ ਉਸਨੂੰ ਪਤਾ ਸੀ ਕਿ ਪੀੜਤ ਸਮਾਜ 'ਚ ਬਦਨਾਮੀ ਅਤੇ ਸ਼ਰਮ ਦੇ ਡਰੋਂ ਰਿਪੋਰਟ ਕਰਨ ਤੋਂ ਕਤਰਾਉਣਗੇ। ਜਾਂਚ ਅਨੁਸਾਰ, ਖਾਨ ਨੇ ਪੀੜਤਾਂ ਦਾ ਵਿਸ਼ਵਾਸ ਜਿੱਤਣ ਲਈ ਸਥਾਨਕ ਮਸਜਿਦ 'ਚ ਇਮਾਮ ਦੇ ਰੂਪ 'ਚ ਆਪਣੀ ਭੂਮਿਕਾ ਦਾ ਇਸਤੇਮਾਲ ਕੀਤਾ ਤੇ ਫਿਰ ਸੁੰਨਸਾਨ ਥਾਵਾਂ ਜਾਂ ਉਨ੍ਹਾਂ ਦੇ ਘਰਾਂ 'ਚ ਮੀਟਿੰਗਾਂ ਤੈਅ ਕੀਤੀਆਂ। ਸ਼ੋਸ਼ਣ ਦੌਰਾਨ, ਉਸਨੇ ਝੂਠਾ ਦਾਅਵਾ ਕੀਤਾ ਕਿ ਉਨ੍ਹਾਂ 'ਤੇ ਜਿੰਨ ਜਾਂ ਕਿਸੇ ਅਲੌਕਿਕ ਆਤਮਾ ਦਾ ਸਾਇਆ ਹੈ।

ਮੈਟਰੋ ਪੁਲਿਸ ਦੀ ਡਿਟੈਕਟਿਵ ਚੀਫ਼ ਇੰਸਪੈਕਟਰ ਜੈਨੀ ਰੋਨਨ ਨੇ ਕਿਹਾ ਕਿ ਅਬਦੁਲ ਖਾਨ ਨੇ ਖੁਦ ਨੂੰ ਇਕ ਸਤਿਕਾਰਤ ਤੇ ਭਰੋਸੇਮੰਦ ਵਿਅਕਤੀ ਦੇ ਰੂਪ 'ਚ ਪੇਸ਼ ਕੀਤਾ। ਹਾਲਾਂਕਿ, ਇਹ ਸੱਚਾਈ ਤੋਂ ਕੋਹਾਂ ਦੂਰ ਸੀ, ਉਸਨੇ ਇਸਦੀ ਬਜਾਏ ਦੂਜਿਆਂ ਨੂੰ ਆਪਣਾ ਸ਼ਿਕਾਰ ਬਣਾਇਆ ਤੇ ਉਨ੍ਹਾਂ ਦਾ ਫਾਇਦਾ ਚੁੱਕਿਆ। ਕਰਾਊਨ ਪ੍ਰੋਸੀਕਿਊਸ਼ਨ ਸਰਵਿਸ (ਸੀ.ਪੀ.ਐੱਸ.) ਦੀ ਮਾਹਰ ਸਰਕਾਰੀ ਵਕੀਲ ਮੇਲਿਸਾ ਗਾਰਨਰ ਨੇ ਕਿਹਾ ਕਿ ਅਬਦੁਲ ਹਲੀਮ ਖਾਨ ਨੇ ਕਈ ਸਾਲਾਂ ਤੱਕ ਔਰਤਾਂ ਤੇ ਕੁੜੀਆਂ ਨੂੰ ਆਪਣਾ ਸ਼ਿਕਾਰ ਬਣਾਉਣ ਲਈ ਇਕ ਭਰੋਸੇਮੰਦ ਧਾਰਮਿਕ ਆਗੂ ਦੇ ਰੂਪ 'ਚ ਆਪਣੇ ਅਹੁਦੇ ਦੀ ਦੁਰਵਰਤੋਂ ਕੀਤੀ।

ਉਸਨੇ ਆਪਣੀ ਜਿਨਸੀ ਸੰਤੁਸ਼ਟੀ ਲਈ ਉਨ੍ਹਾਂ ਨੂੰ ਆਪਣੇ ਕੰਟਰੋਲ 'ਚ ਰੱਖਿਆ ਤੇ ਉਨ੍ਹਾਂ ਨਾਲ ਹੇਰਾਫੇਰੀ ਕੀਤੀ। ਉਨ੍ਹਾਂ ਅੱਗੇ ਕਿਹਾ ਕਿ ਉਸਨੇ ਉਨ੍ਹਾਂ ਦੇ ਡੂੰਘੇ ਧਾਰਮਿਕ ਵਿਸ਼ਵਾਸਾਂ ਦਾ ਇਸਤੇਮਾਲ ਉਨ੍ਹਾਂ ਦੇ ਮਨ ਵਿਚ ਡਰ ਪੈਦਾ ਕਰਨ ਤੇ ਉਨ੍ਹਾਂ ਨੂੰ ਚੁੱਪ ਰੱਖਣ ਲਈ ਕੀਤਾ। ਉਸਨੇ ਉਨ੍ਹਾਂ ਨੂੰ ਵਿਸ਼ਵਾਸ ਦਵਾਇਆ ਕਿ ਜੇਕਰ ਉਨ੍ਹਾਂ ਨੇ ਮੂੰਹ ਖੋਲ੍ਹਿਆ, ਤਾਂ ਉਨ੍ਹਾਂ ਦੇ ਪਰਿਵਾਰਾਂ 'ਤੇ ਮੁਸੀਬਤ ਆ ਜਾਵੇਗੀ।

# ਕੈਨੇਡਾ ਦੇ ਬਿੱਲ ਸੀ-12 ਵਿਰੁੱਧ ਫ਼ੈਡਰਲ ਅਦਾਲਤਾਂ ’ਚ 3 ਦਰਜਨ ਮੁਕੱਦਮੇ ਦਾਇਰ

- ਇਮੀਗ੍ਰੇਸ਼ਨ ਵਕੀਲ ਨਵੇਂ ਅਸਾਇਲਮ ਕਾਨੂੰਨ ਵਿਰੁੱਧ ਹੋਏ ਲਾਮਬੰਦ
- ਹਜ਼ਾਰਾਂ ਪੰਜਾਬੀਆਂ ਨੂੰ ਮਿਲੇਗੀ ਵੱਡੀ ਰਾਹਤ



ਟੋਰਾਂਟੋ, (ਪੰਜਾਬ ਮੇਲ)- ਕੈਨੇਡਾ ਤੋਂ ਡਿਪੋਰਟ ਕੀਤੇ ਜਾਣ ਦੇ ਖ਼ਤਰੇ ਵਿਚ ਘਿਰੇ ਹਜ਼ਾਰਾਂ ਪੰਜਾਬੀਆਂ ਨੂੰ ਵੱਡੀ ਰਾਹਤ ਮਿਲਦੀ ਨਜ਼ਰ ਆ ਰਹੀ ਹੈ। ਮੀਡੀਆ ਖ਼ਬਰਾਂ ਮੁਤਾਬਕ ਮਾਰਕ ਕਾਰਨੀ ਸਰਕਾਰ ਦਾ ਬਿੱਲ ਸੀ-12 ਸੰਵਿਧਾਨਕ ਚੁਣੌਤੀਆਂ ਵਿਚ ਉਲਝਦਾ ਮਹਿਸੂਸ ਹੋ ਰਿਹਾ ਹੈ। ਕੈਨੇਡਾ ਦੇ ਕੋਨੇ-ਕੋਨੇ ਵਿਚ ਬੈਠੇ ਇਮੀਗ੍ਰੇਸ਼ਨ ਵਕੀਲਾਂ ਨੇ ਨਵੇਂ ਅਸਾਇਲਮ ਕਾਨੂੰਨ ਵਿਰੁੱਧ ਲਾਮਬੰਦ ਹੁੰਦਿਆਂ ਬਿੱਲ ਸੀ-12 ਵਿਰੁੱਧ ਫ਼ੈਡਰਲ ਅਦਾਲਤਾਂ ਵਿਚ ਤਿੰਨ ਦਰਜਨ ਮੁਕੱਦਮੇ ਦਾਇਰ ਕਰ ਦਿੱਤੇ ਹਨ ਅਤੇ ਇਨ੍ਹਾਂ ਦਾ ਨਿਪਟਾਰਾ ਹੋਣ ਤੱਕ ਨਵੇਂ ਕਾਨੂੰਨ ਅਧੀਨ ਅਯੋਗ ਮੰਨੇ ਵਿਦੇਸ਼ੀ ਨਾਗਰਿਕਾਂ ਨੂੰ ਡਿਪੋਰਟ ਨਹੀਂ ਕੀਤਾ ਜਾ ਸਕੇਗਾ। ਕੈਨੇਡੀਅਨ ਐਸੋਸੀਏਸ਼ਨ ਆਫ਼ ਰਫ਼ਿਊਜੀ ਲਾਅਇਰਜ਼ ਅਤੇ ਕੈਨੇਡੀਅਨ ਇਮੀਗ੍ਰੇਸ਼ਨ ਲਾਅਇਰਜ਼ ਐਸੋਸੀਏਸ਼ਨ ਵੱਲੋਂ ਮੁਹਿੰਮ ਦੀ ਨਿਗਰਾਨੀ ਕੀਤੀ ਜਾ ਰਹੀ ਹੈ। ਵਕੀਲਾਂ ਦਾ ਕਹਿਣਾ ਬਿਲ ਸੀ-12 ਸਿੱਧੇ ਤੌਰ ’ਤੇ ਕੈਨੇਡਾ ਦੇ ਚਾਰਟਰ ਆਫ਼ ਰਾਈਟਸ ਐਂਡ ਫ੍ਰੀਡਮਜ਼ ਦੀ ਉਲੰਘਣਾ ਕਰਦਾ ਹੈ ਪਰ ਲਿਬਰਲ ਸਰਕਾਰ ਕਹਿ ਰਹੀ ਹੈ ਕਿ ਨਵਾਂ ਕਾਨੂੰਨ ਪਨਾਹ ਦੇ ਦਾਅਵਿਆਂ ਦਾ ਬੈਕਲਾਗ ਘਟਾਉਣ ਵਿਚ ਮਦਦ ਕਰੇਗਾ ਅਤੇ ਵਿਦੇਸ਼ੀ ਨਾਗਰਿਕ ਅਸਾਇਲਮ ਸਿਸਟਮ ਦੀ ਦੁਰਵਰਤੋਂ ਵੀ ਨਹੀਂ ਕਰ ਸਕਣਗੇ।

ਇਮੀਗ੍ਰੇਸ਼ਲ ਵਕੀਲਾਂ ਮੁਤਾਬਕ ਬਿੱਲ ਸੀ-12 ਹਜ਼ਾਰਾਂ ਲੋਕਾਂ ਨੂੰ ਡਿਪੋਰਟ ਕਰਨ ਦਾ ਰਾਹ ਪੱਧਰ ਕਰਨ ਤੋਂ ਸਿਵਾਏ ਕੁਝ ਨਹੀਂ ਕਰਦਾ। ਸੀ.ਬੀ.ਸੀ. ਦੀ ਰਿਪੋਰਟ ਮੁਤਾਬਕ ਸੰਵਿਧਾਨਕ ਕਾਨੂੰਨ ਵਿਚ ਮੁਹਾਰਤ ਰੱਖਣ ਵਾਲਿਆਂ ਦਾ ਮੰਨਣਾ ਹੈ ਕਿ ਨਵੇਂ ਅਸਾਇਲਮ ਕਾਨੂੰਨ ਵਿਰੁੱਧ ਚੁਣੌਤੀਆਂ ਮਜ਼ਬੂਤੀ ਨਾਲ ਉਭਰ ਰਹੀਆਂ ਹਨ। ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਕੈਨੇਡਾ ਸਰਕਾਰ ਨੇ 30 ਹਜ਼ਾਰ ਲੋਕਾਂ ਨੂੰ ਚਿੱਠੀਆਂ ਜਾਰੀ ਕਰਦਿਆਂ ਜਲਦ ਤੋਂ ਜਲਦ ਮੁਲਕ ਛੱਡਣ ਦੀ ਹਦਾਇਤ ਦੇ ਦਿੱਤੀ, ਜਿਨ੍ਹਾਂ ਦੀਆ ਅਸਾਇਲਮ ਅਰਜ਼ੀਆਂ ’ਤੇ ਬਿੱਲ ਸੀ-12 ਅਧੀਨ ਵਿਚਾਰ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ। ਚਿੱਠੀਆਂ ਵਿਚ ਕਿਹਾ ਗਿਆ ਕਿ ਰਫ਼ਿਊਜੀ ਵਜੋਂ ਤੁਹਾਡਾ ਦਾਅਵਾ ਸੰਭਾਵਤ ਤੌਰ ’ਤੇ ਜਾਇਜ਼ ਨਹੀਂ, ਜਿਸ ਦੇ ਮੱਦੇਨਜ਼ਰ ਤੁਹਾਡੀ ਅਰਜ਼ੀ ਇਮੀਗ੍ਰੇਸ਼ਨ ਐਂਡ ਰਫ਼ਿਊਜੀ ਬੋਰਡ ਦੀ ਰਫ਼ਿਊਜੀ ਪ੍ਰੋਟੈਕਸ਼ਨ ਕਮੇਟੀ ਕੋਲ ਨਹੀਂ ਭੇਜੀ ਜਾ ਸਕਦੀ। ਘਬਰਾਹਟ ਵਿਚ ਆਏ ਲੋਕਾਂ ਨੇ ਪ੍ਰੀ ਰਿਮੂਵਲ ਰਿਸਕ ਅਸੈਸਮੈਂਟ ਕਰਵਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ, ਜਦਕਿ ਕੁਝ ਵਿਦੇਸ਼ੀ ਨਾਗਰਿਕ ਅਜੀਬੋ-ਗਰੀਬ ਸਮੱਸਿਆ ਵਿਚ ਘਿਰ ਗਏ, ਜਿਨ੍ਹਾਂ ਦਾ ਮੁਲਕ ਪ੍ਰੀ ਰਿਮੂਵਲ ਰਿਸਕ ਅਸੈਸਮੈਂਟ ਵਾਲੀ ਸ਼ਰਤ ਦੇ ਘੇਰੇ ਵਿਚ ਨਹੀਂ ਆਉਂਦਾ। ਇੱਥੇ ਦੱਸਣਾ ਬਣਦਾ ਹੈ ਕਿ ਨਵੇਂ ਕਾਨੂੰਨ ਤਹਿਤ 24 ਜੂਨ, 2020 ਤੋਂ ਬਾਅਦ ਆਇਆ ਪਨਾਹ ਦਾ ਅਜਿਹਾ ਕੋਈ ਦਾਅਵਾ ਪ੍ਰਵਾਨ ਨਹੀਂ ਕੀਤਾ ਜਾ ਸਕਦਾ, ਜੋ ਸਬੰਧਤ ਸ਼ਖ਼ਸ ਨੇ ਕੈਨੇਡਾ ਵਿਚ ਇਕ ਸਾਲ ਰਹਿਣ ਤੋਂ ਬਾਅਦ ਦਾਖ਼ਲ ਕੀਤਾ ਹੋਵੇ।

# ਸਰੀ ’ਚ ਪੰਜਾਬੀ ਵਿਅਕਤੀ ਗੋਲੀਬਾਰੀ ਦੇ ਦੋਸ਼ ਹੇਠ ਗ੍ਰਿਫ਼ਤਾਰ !



**ਸਰੀ, (ਪੰਜਾਬ ਮੇਲ)**- ਬੀ.ਸੀ. ਦੇ ਸਰੀ ਵਿਖੇ ਪਿਛਲੇ ਸਾਲ ਨਵੰਬਰ ਵਿਚ ਹੋਈ ਗੋਲੀਬਾਰੀ ਦੇ ਮਾਮਲੇ ਵਿਚ 31 ਸਾਲ ਦੇ ਅਸ਼ਨੀਲ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ ਹੈ। 23 ਨਵੰਬਰ 2025 ਨੂੰ 121 ਸਟ੍ਰੀਟ ਅਤੇ 101 ਬੀ ਐਵੇਨਿਊ ਨੇੜਲੇ ਇਕ ਘਰ ਅੰਦਰ ਵਾਪਰੀ ਗੋਲੀਬਾਰੀ ਦੀ ਵਾਰਦਾਤ ਦੌਰਾਨ ਇਕ ਔਰਤ ਜ਼ਖ਼ਮੀ ਹੋਈ ਅਤੇ ਮੌਕੇ ’ਤੇ ਪੁੱਜੇ ਪੁਲਿਸ ਅਫ਼ਸਰਾਂ ਨੇ ਸ਼ੱਕੀ ਦੀ ਗੱਡੀ ਰਾਹੀਂ ਉਸ ਦੀ ਸ਼ਨਾਖਤ ਹਾਸਲ ਕਰਦਿਆਂ ਗ੍ਰਿਫ਼ਤਾਰੀ ਲਈ ਕਾਰਵਾਈ ਆਰੰਭ ਦਿੱਤੀ।

13 ਮਈ ਨੂੰ ਲੋਅਰ ਮੇਨਲੈਂਡ ਐਮਰਜੰਸੀ ਰਿਸਪੌਂਸ ਟੀਮ ਦੀ ਮਦਦ ਨਾਲ ਵੈਨਕੂਵਰ ਦੇ ਵੈਸਟ 33 ਐਵੇਨਿਊ ਅਤੇ ਓਨਟਾਰੀਓ ਸਟ੍ਰੀਟ ਇਲਾਕੇ ਵਿਚੋਂ ਅਸ਼ਨੀਲ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਅਸ਼ਨੀਲ ਵਿਰੁੱਧ 6 ਵੱਖ-ਵੱਖ ਦੋਸ਼ ਆਇਦ ਕੀਤੇ ਗਏ ਹਨ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com

# ਕੈਨੇਡਾ ਨੇ ਐਕਸਪ੍ਰੈੱਸ ਐਂਟਰੀ ਰਾਹੀਂ ਪੀ.ਆਰ. ਦਾ ਰਸਤਾ ਕੀਤਾ ਆਸਾਨ !

**ਟੋਰਾਂਟੋ, (ਪੰਜਾਬ ਮੇਲ)**- ਕੈਨੇਡਾ ਸਰਕਾਰ ਨੇ ਹੁਨਰਮੰਦ ਵਿਦੇਸ਼ੀ ਲੋਕਾਂ ਨੂੰ ਦੇਸ਼ ’ਚ ਵਸਾਉਣ ਲਈ ਐਕਸਪ੍ਰੈੱਸ ਐਂਟਰੀ ਪ੍ਰਣਾਲੀ ਵਿਚ ਕੁਝ ਮਹੱਤਵਪੂਰਨ ਬਦਲਾਅ ਕੀਤੇ ਹਨ। ਹੁਣ ਕਈ ਖੇਤਰਾਂ ਵਿਚ ਕੰਮ ਕਰਨ ਵਾਲੇ ਪੇਸ਼ੇਵਰਾਂ ਲਈ ਪੱਕੀ ਰਿਹਾਇਸ਼ (ਪੀ.ਆਰ.) ਹਾਸਲ ਕਰਨਾ ਹੋਰ ਵੀ ਆਸਾਨ ਹੋ ਸਕਦਾ ਹੈ।

ਇਮੀਗ੍ਰੇਸ਼ਨ, ਰਿਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਵੱਲੋਂ ਜਾਰੀ ਜਾਣਕਾਰੀ ਅਨੁਸਾਰ, ਉਨ੍ਹਾਂ ਲੋਕਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ, ਜੋ ਸਿਹਤ, ਸਿੱਖਿਆ, ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ, ਆਵਾਜਾਈ ਅਤੇ ਹੁਨਰਮੰਦ ਕਿੱਤਿਆਂ ਨਾਲ ਜੁੜੇ ਹਨ। ਫ੍ਰੈਂਚ ਭਾਸ਼ਾ ਜਾਣਨ ਵਾਲੇ ਅਤੇ ਕੈਨੇਡਾ ਵਿਚ ਕੰਮ ਦਾ ਤਜ਼ਰਬਾ ਰੱਖਣ ਵਾਲੇ ਲੋਕਾਂ ਲਈ ਵੀ ਮੌਕੇ ਵਧੇ ਹਨ।

ਕੈਨੇਡਾ ਸਰਕਾਰ ਵੱਲੋਂ ‘ਕੈਟੇਗਰੀ-ਬੇਸਡ’ ਡਰਾਅ ਰਾਹੀਂ ਇਨ੍ਹਾਂ ਪੇਸ਼ਾਵਰਾਂ ਨੂੰ ਪਹਿਲ ਦਿੱਤੀ ਜਾ ਰਹੀ ਹੈ, ਤਾਂ ਜੋ ਦੇਸ਼ ਵਿਚ ਮਜ਼ਦੂਰਾਂ ਦੀ ਘਾਟ ਪੂਰੀ ਕੀਤੀ ਜਾ ਸਕੇ। 11 ਮਈ 2026 ਨੂੰ ਹੋਏ ਪ੍ਰੋਵਿੰਸ਼ੀਅਲ ਨੌਮੀਨੀ ਪ੍ਰੋਗਰਾਮ (ਪੀ.ਐੱਨ.ਪੀ.) ਡਰਾਅ ਵਿਚ 380 ਉਮੀਦਵਾਰਾਂ ਨੂੰ ਪੀ.ਆਰ. ਲਈ ਅਰਜ਼ੀ ਦੇਣ ਦੇ ਸੱਦਾ ਪੱਤਰ ਜਾਰੀ ਕੀਤੇ ਗਏ। ਇਸ ਡਰਾਅ ਵਿਚ ਸਭ ਤੋਂ ਘੱਟ ਚੁਣੇ ਗਏ ਉਮੀਦਵਾਰ ਦਾ ਕੰਪਰੀਹੈਂਸਿਵ ਰੈਂਕਿੰਗ ਸਿਸਟਮ (ਸੀ.ਆਰ.ਐੱਸ.) ਸਕੋਰ 798 ਰਿਹਾ। ਜੇ ਤੁਸੀਂ ਵੀ ਇਨ੍ਹਾਂ ਖੇਤਰਾਂ ਵਿਚ ਮਾਹਿਰ ਹੋ, ਤਾਂ ਕੈਨੇਡਾ ਦੀ ਐਕਸਪ੍ਰੈਸ ਐਂਟਰੀ ਤੁਹਾਡੇ ਲਈ ਪੀ.ਆਰ. ਦਾ ਵਧੀਆ ਮੌਕਾ ਬਣ ਸਕਦੀ ਹੈ।

# ਭਾਰਤੀ ਮੂਲ ਦਾ ਵਿਅਕਤੀ ਹੱਤਿਆ ਦੀ ਕੋਸ਼ਿਸ਼ ਦਾ ਦੋਸ਼ੀ ਕਰਾਰ

**ਲੰਡਨ, (ਪੰਜਾਬ ਮੇਲ)**- ਪੂਰਬੀ ਲੰਡਨ ’ਚ ਇੱਕ ਔਰਤ ਅਤੇ ਦੋ ਬੱਚਿਆਂ ’ਤੇ ਹੋਏ ਹਿੰਸਕ ਹਮਲੇ ਦੇ ਮਾਮਲੇ ਵਿਚ ਭਾਰਤੀ ਮੂਲ ਦੇ ਵਿਅਕਤੀ ਨੂੰ ਹੱਤਿਆ ਦੀ ਕੋਸ਼ਿਸ਼ ਦਾ ਦੋਸ਼ੀ ਪਾਇਆ ਗਿਆ ਹੈ। 49 ਸਾਲਾ ਕੁਲਵਿੰਦਰ ਰਾਮ ਨੂੰ 25 ਅਕਤੂਬਰ 2024 ਨੂੰ ਡੈਗਨਹੈਮ ਵਿਚ ਹੋਏ ਹਮਲੇ ਦੇ ਸਬੰਧ ਵਿਚ ਲੰਡਨ ਦੀ ਓਲਡ ਬੇਲੀ ਅਦਾਲਤ ’ਚ ਚਾਰ ਹਫ਼ਤਿਆਂ ਤੱਕ ਚੱਲੇ ਮੁਕੱਦਮੇ ਤੋਂ ਬਾਅਦ ਦੋਸ਼ੀ ਕਰਾਰ ਦਿੱਤਾ ਗਿਆ। ਉਸ ਨੂੰ ਇੱਕ ਔਰਤ ਅਤੇ ਇੱਕ ਬੱਚੇ ਦੀ ਹੱਤਿਆ ਦੀ ਕੋਸ਼ਿਸ਼ ਕਰਨ ਅਤੇ ਦੂਜੇ ਬੱਚੇ ਨੂੰ ਗੰਭੀਰ ਸਰੀਰਕ ਸੱਟ ਪਹੁੰਚਾਉਣ ਦਾ ਦੋਸ਼ੀ ਪਾਇਆ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਤਿੰਨੋਂ ਪੀੜਤਾਂ ਨੂੰ ਬਹੁਤ ਗੰਭੀਰ ਸੱਟਾਂ ਲੱਗੀਆਂ ਸਨ, ਜਿਸ ਕਾਰਨ ਉਨ੍ਹਾਂ ਦੀ ਸਰਜਰੀ ਕਰਨੀ ਪਈ। ਇੱਕ ਪੀੜਤ ਕਈ ਦਿਨਾਂ ਤੱਕ ਬੇਹੱਦ ਗੰਭੀਰ ਹਾਲਤ ’ਚ ਰਿਹਾ ਅਤੇ ਸ਼ੁਰੂ ਵਿਚ ਡਾਕਟਰਾਂ ਨੂੰ ਉਸ ਦੇ ਬਚਣ ਦੀ ਉਮੀਦ ਬਹੁਤ ਘੱਟ ਸੀ।

ਲੰਡਨ ਮੈਟਰੋਪੋਲੀਟਨ ਪੁਲਿਸ ਦੇ ਇੱਕ ਆਫ-ਡਿਊਟੀ ਅਧਿਕਾਰੀ, ਸਪੈਸ਼ਲ ਪੁਲਿਸ ਸਾਰਜੈਂਟ ਸੈਫ ਸੇਰੂਖ ਨੇ ਘਟਨਾ ਵਾਲੀ ਥਾਂ ’ਤੇ ਹੀ ਕੁਲਵਿੰਦਰ ਰਾਮ ਨੂੰ ਹਿਰਾਸਤ ਵਿਚ ਲੈ ਲਿਆ ਸੀ। ਸੇਰੂਖ ਉਸ ਸਮੇਂ ਕੰਮ ਤੋਂ ਘਰ ਪਰਤ ਰਹੇ ਸਨ। ਬਿਆਨ ਜਾਰੀ ਕਰਦਿਆਂ ਸੇਰੂਖ ਨੇ ਕਿਹਾ, “ਪਹਿਲਾਂ ਮੈਨੂੰ ਲੱਗਿਆ ਕਿ ਇਹ ਹੈਲੋਵੀਨ ਦਾ ਕੋਈ ਮਜ਼ਾਕ ਹੈ, ਪਰ ਜਦੋਂ ਮੈਂ ਨੇੜੇ ਗਿਆ, ਤਾਂ ਸੱਟਾਂ ਦੀ ਗੰਭੀਰਤਾ ਅਤੇ ਖੂਨ ਦੇਖ ਕੇ ਦੰਗ ਰਹਿ ਗਿਆ। ਜਦੋਂ ਮੈਨੂੰ ਪਤਾ ਲੱਗਿਆ ਕਿ ਬੱਚੇ ਸ਼ਾਮਲ ਹਨ, ਤਾਂ ਮੈਂ ਤੁਰੰਤ ਕਾਰਵਾਈ ਕਰਨ ਦਾ ਫੈਸਲਾ ਕੀਤਾ। ਮੇਰੇ ਕੋਲ ਕੋਈ ਸੁਰੱਖਿਆ ਉਪਕਰਨ ਜਾਂ ਸਾਥੀ ਨਹੀਂ ਸੀ, ਪਰ ਇੱਕ ਪਿਤਾ ਅਤੇ ਪੁਲਿਸ ਅਧਿਕਾਰੀ ਹੋਣ ਦੇ ਨਾਤੇ, ਬਿਨਾਂ ਕਿਸੇ ਝਿਜਕ ਦੇ ਮਦਦ ਕਰਨਾ ਮੇਰਾ ਸੁਭਾਅ ਸੀ।” ਜਿਵੇਂ ਹੀ ਸੇਰੂਖ ਨੇੜੇ ਪਹੁੰਚੇ, ਰਾਮ ਘਰ ਤੋਂ ਬਾਹਰ ਨਿਕਲਿਆ ਅਤੇ ਸੇਰੂਖ ਨੇ ਐਮਰਜੈਂਸੀ ਸੇਵਾਵਾਂ ਨੂੰ ਫੋਨ ਕਰਦੇ ਹੋਏ ਉਸ ਨੂੰ ਕਾਬੂ ਕਰ ਲਿਆ।

ਜਾਂਚ ਦੀ ਅਗਵਾਈ ਕਰਨ ਵਾਲੇ ਡਿਟੈਕਟਿਵ ਕਾਂਸਟੇਬਲ ਲੁਈਸ ਵਿਟਲੌਕ ਨੇ ਕਿਹਾ ਕਿ ਜਾਂਚਕਰਤਾਵਾਂ ਨੂੰ ਪੂਰਾ ਭਰੋਸਾ ਸੀ ਕਿ ਰਾਮ ਦਾ ਇਰਾਦਾ ਪੀੜਤਾਂ ਦੀ ਜਾਨ ਲੈਣਾ ਹੀ ਸੀ। ਵਿਟਲੌਕ ਨੇ ਕਿਹਾ, “ਸਾਡੀ ਜਾਂਚ ਵਿਚ ਕੋਈ ਸ਼ੱਕ ਨਹੀਂ ਰਹਿ ਗਿਆ ਸੀ ਕਿ ਰਾਮ ਉਨ੍ਹਾਂ ਲੋਕਾਂ ਨੂੰ ਮਾਰਨਾ ਚਾਹੁੰਦਾ ਸੀ, ਜਿਨ੍ਹਾਂ ਨੂੰ ਉਸਨੇ ਨਿਸ਼ਾਨਾ ਬਣਾਇਆ ਸੀ। ਸਾਨੂੰ ਖੁਸ਼ੀ ਹੈ ਕਿ ਜਿਊਰੀ ਨੇ ਅਦਾਲਤ ਵਿਚ ਪੇਸ਼ ਕੀਤੇ ਸਬੂਤਾਂ ਦੇ ਆਧਾਰ ’ਤੇ ਸਹੀ ਫੈਸਲਾ ਸੁਣਾਇਆ ਹੈ।”

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com

# ਕੈਨੇਡਾ ’ਚ ਫਿਰੌਤੀ ਤੇ ਗੋਲੀਬਾਰੀ ਮਾਮਲੇ ’ਚ ਪੰਜਾਬੀ ਨੌਜਵਾਨ ਗ੍ਰਿਫ਼ਤਾਰ



**ਵੈਨਕੂਵਰ, (ਪੰਜਾਬ ਮੇਲ)**-ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ’ਚ ਕਾਰੋਬਾਰੀਆਂ ਤੋਂ ਫਿਰੌਤੀਆਂ ਮੰਗਣ ਅਤੇ ਡਰਾਉਣ-ਧਮਕਾਉਣ ਲਈ ਗੋਲੀਬਾਰੀ ਕਰਨ ਦੇ ਮਾਮਲੇ ਵਿਚ ਸਰੀ ਪੁਲਿਸ ਨੂੰ ਇੱਕ ਵੱਡੀ ਸਫ਼ਲਤਾ ਹਾਸਲ ਹੋਈ ਹੈ। ਪੁਲਿਸ ਨੇ ਬੀਤੇ ਦਸੰਬਰ ਮਹੀਨੇ ਵਾਪਰੀਆਂ ਵਾਰਦਾਤਾਂ ਦੇ ਸਬੰਧ ਵਿਚ 22 ਸਾਲਾਂ ਦੇ ਇੱਕ ਪੰਜਾਬੀ ਨੌਜਵਾਨ ਗੁਰਸੇਵਕ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਖ਼ਿਲਾਫ਼ ਸਰੀ ਅਤੇ ਐਬਟਸਫੋਰਡ ਪੁਲਿਸ ਵੱਲੋਂ ਸਖ਼ਤ ਕਾਨੂੰਨੀ ਧਾਰਾਵਾਂ ਤਹਿਤ ਮੁਕੱਦਮੇ ਦਰਜ ਕੀਤੇ ਗਏ ਹਨ। ਪੁਲਿਸ ਵੱਲੋਂ ਸਾਂਝੀ ਕੀਤੀ ਜਾਣਕਾਰੀ ਅਨੁਸਾਰ, ਗੁਰਸੇਵਕ ਸਿੰਘ ’ਤੇ ਸਰੀ ਪੁਲਿਸ ਵੱਲੋਂ 9 ਅਤੇ ਐਬਟਸਫੋਰਡ ਪੁਲਿਸ ਵੱਲੋਂ ਵੱਖ-ਵੱਖ ਧਾਰਾਵਾਂ ਹੇਠ 6 ਸੰਗੀਨ ਦੋਸ਼ ਆਇਦ ਕੀਤੇ ਗਏ ਹਨ। ਜਾਂਚ ਅਧਿਕਾਰੀਆਂ ਮੁਤਾਬਕ ਉਕਤ ਮੁਲਜ਼ਮ ਨੇ ਪਹਿਲਾਂ ਸਰੀ ਵਿਚ ਦੋ ਵੱਖ-ਵੱਖ ਕਾਰੋਬਾਰੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਅਤੇ ਫਿਰ ਐਬਸਫੋਰਡ ਵਿਚ ਇੱਕ ਕਾਰੋਬਾਰੀ ਸਥਾਨ ’ਤੇ ਵਾਰਦਾਤ ਨੂੰ ਅੰਜਾਮ ਦਿੱਤਾ। ਇਨ੍ਹਾਂ ਥਾਵਾਂ ’ਤੇ ਪਹਿਲਾਂ ਮੋਟੀਆਂ ਫਿਰੌਤੀਆਂ ਦੀ ਮੰਗ ਕੀਤੀ ਗਈ ਅਤੇ ਬਾਅਦ ਵਿਚ ਦਹਿਸ਼ਤ ਫੈਲਾਉਣ ਦੇ ਮਕਸਦ ਨਾਲ ਅੰਨ੍ਹੇਵਾਹ ਗੋਲੀਬਾਰੀ ਕੀਤੀ ਗਈ। ਰਾਹਤ ਦੀ ਗੱਲ ਇਹ ਰਹੀ ਕਿ ਇਨ੍ਹਾਂ ਗੋਲੀਬਾਰੀ ਦੀਆਂ ਘਟਨਾਵਾਂ ਵਿਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ, ਪਰ ਗੋਲੀਆਂ ਲੱਗਣ ਕਾਰਨ ਕਾਰੋਬਾਰੀ ਸਥਾਨਾਂ ਦੀਆਂ ਇਮਾਰਤਾਂ ਦੀ ਭੰਨ-ਤੋੜ ਹੋਈ ਅਤੇ ਉੱਥੇ ਖੜ੍ਹੇ ਵਾਹਨ ਬੁਰੀ ਤਰ੍ਹਾਂ ਨੁਕਸਾਨੇ ਗਏ ਸਨ। ਇਸ ਹਾਈ-ਪ੍ਰੋਫਾਈਲ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਪੁਲਿਸ ਵੱਲੋਂ ਇੱਕ ਵਿਸ਼ੇਸ਼ ਟੀਮ ਗਠਿਤ ਕਰਕੇ ਲੰਬੀ ਅਤੇ ਬਾਰੀਕੀ ਨਾਲ ਜਾਂਚ ਕੀਤੀ ਗਈ।

# ਬੰਗਲਾਦੇਸ਼ ਵਿਚਲੇ ਭਾਰਤੀ ਸਫਾਰਤਖਾਨੇ ’ਚੋਂ ਭਾਰਤੀ ਡਿਪਲੋਮੈਟ ਦੀ ਮਿਲੀ ਲਾਸ਼

- ਭਾਰਤੀ ਹਾਈ ਕਮਿਸ਼ਨ ਦੇ ਪਖਾਨੇ ’ਚੋਂ ਲਾਸ਼ ਮਿਲਣ ਤੋਂ ਬਾਅਦ ਪੁਲਿਸ ਵੱਲੋਂ ਸ਼ੁਰੂ ਕੀਤੀ ਜਾਂਚ




**ਢਾਕਾ, (ਪੰਜਾਬ ਮੇਲ)**- ਬੰਗਲਾਦੇਸ਼ ਦੇ ਚਟੋਗਰਾਮ ’ਚ ਸਥਿਤ ਭਾਰਤੀ ਹਾਈ ਕਮਿਸ਼ਨ ਦੇ ਇੱਕ ਅਧਿਕਾਰੀ ਦੀ ਸਫਾਰਤਖਾਨੇ ਦੀ ਇਮਾਰਤ ਅੰਦਰ ਲਾਸ਼ ਮਿਲੀ ਹੈ। ਪੁਲਿਸ ਨੇ ਦੱਸਿਆ ਹੈ ਕਿ ਮਰਨ ਵਾਲੇ ਅਧਿਕਾਰੀ ਦੀ ਪਛਾਣ ਚੰਡੀਗੜ੍ਹ ਦੇ ਮੂਲ ਵਾਸੀ ਨਰੇਨ ਧਰ ਵਜੋਂ ਹੋਈ ਹੈ, ਜੋ ਭਾਰਤੀ ਮਿਸ਼ਨ ਵਿਚ ਸਹਾਇਕ ਪ੍ਰੋਟੋਕੋਲ ਅਧਿਕਾਰੀ (ਅਸਿਸਟੈਂਟ ਪ੍ਰੋਟੋਕੋਲ ਅਫ਼ਸਰ) ਵਜੋਂ ਸੇਵਾਵਾਂ ਨਿਭਾ ਰਹੇ ਸਨ।

ਚਟੋਗਰਾਮ ਦੇ ਪੁਲਿਸ ਕਮਿਸ਼ਨਰ ਅਮੀਨੁਰ ਰਸ਼ੀਦ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਨੂੰ ਦਿੱਤੀ ਗਈ ਜਾਣਕਾਰੀ ਅਨੁਸਾਰ ਮ੍ਰਿਤਕ ਦਾ ਨਾਂ ਨਰੇਨ ਧਰ ਸੀ ਅਤੇ ਉਹ ਭਾਰਤੀ ਮਿਸ਼ਨ ਦੇ ਦਫਤਰ ਵਿਚ ਸਹਾਇਕ ਪ੍ਰੋਟੋਕੋਲ ਅਧਿਕਾਰੀ ਸਨ। ਉਨ੍ਹਾਂ ਦੱਸਿਆ ਕਿ ਇਸ ਅਧਿਕਾਰੀ ਦੀ ਉਮਰ 38-39 ਸਾਲ ਦੇ ਕਰੀਬ ਸੀ। ਉਨ੍ਹਾਂ ਦੀ ਲਾਸ਼ ਪੁਰਾਣੀ ਵੀਜ਼ਾ ਕੇਂਦਰ ਇਮਾਰਤ ਦੀ ਦੂਜੀ ਮੰਜ਼ਿਲ ’ਤੇ ਇੱਕ ਪਖਾਨੇ ਵਿਚੋਂ ਮਿਲੀ ਹੈ।

ਇਸ ਘਟਨਾ ਬਾਰੇ ਢਾਕਾ ਸਥਿਤ ਭਾਰਤੀ ਹਾਈ ਕਮਿਸ਼ਨ ਜਾਂ ਚਟੋਗਰਾਮ ਸਥਿਤ ਸਹਾਇਕ ਹਾਈ ਕਮਿਸ਼ਨ ਵੱਲੋਂ ਅਜੇ ਤੱਕ ਕੋਈ ਅਧਿਕਾਰਤ ਬਿਆਨ ਜਾਂ ਟਿੱਪਣੀ ਸਾਹਮਣੇ ਨਹੀਂ ਆਈ ਹੈ।

ਪੁਲਿਸ ਨੇ ਸ਼ੁਰੂਆਤੀ ਤੌਰ ’ਤੇ ਖਦਸ਼ਾ ਜਤਾਇਆ ਹੈ ਕਿ ਇਸ ਮੌਤ ਦਾ ਕਾਰਨ ਦਿਲ ਦਾ ਦੌਰਾ (ਕਾਰਡੀਅਕ ਅਰੈਸਟ) ਹੋ ਸਕਦਾ ਹੈ। ਸ਼ਹਿਰ ਦੇ ਸਹਾਇਕ ਪੁਲਿਸ ਕਮਿਸ਼ਨਰ ਅਮੀਨੁਰ ਰਸ਼ੀਦ ਨੇ ਕਿਹਾ ਕਿ ਮੌਤ ਦੇ ਅਸਲ ਕਾਰਨਾਂ ਦੀ ਪੁਸ਼ਟੀ ਪੋਸਟਮਾਰਟਮ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਹੋ ਸਕੇਗੀ। ਪੁਲਿਸ ਵੱਲੋਂ ਮਿਲੀ ਜਾਣਕਾਰੀ ਅਨੁਸਾਰ ਨਰੇਨ ਧਰ ਮੁੱਖ ਰੂਪ ਵਿਚ ਚੰਡੀਗੜ੍ਹ ਦੇ ਰਹਿਣ ਵਾਲੇ ਸਨ।


## Editorial Board

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Ranjit Singh



**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA


Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਅਮਰੀਕੀ ਪ੍ਰਸ਼ਾਸਨ ਵੱਲੋਂ ਓ.ਪੀ.ਟੀ. ਪ੍ਰੋਗਰਾਮ ’ਤੇ ਸ਼ਿਕੰਜਾ ਕੱਸਣਾ ਸ਼ੁਰੂ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕੀ ਯੂਨੀਵਰਸਿਟੀ ਦੀ ਡਿਗਰੀ, ਆਪਸ਼ਨਲ ਪ੍ਰੈਕਟੀਕਲ ਟ੍ਰੇਨਿੰਗ ਭਾਵ ਓ.ਪੀ.ਟੀ. ਦੇ ਤਹਿਤ ਨੌਕਰੀ, ਫਿਰ ਐੱਚ-1-ਬੀ ਵੀਜ਼ਾ ਅਤੇ ਆਖਰਕਾਰ ਗ੍ਰੀਨ ਕਾਰਡ ਹਾਸਲ ਕਰਨ ਲਈ ਭਾਰਤੀ ਕਰੋੜਾਂ ਰੁਪਏ ਖਰਚ ਕਰ ਕੇ ਬੱਚਿਆਂ ਨੂੰ ਵਿਦੇਸ਼ ਭੇਜਦੇ ਰਹੇ ਹਨ ਪਰ ਹੁਣ ਇਸ ਪੂਰੇ ਸਿਸਟਮ ’ਤੇ ਸੰਕਟ ਦੇ ਬੱਦਲ ਮੰਡਰਾ ਰਹੇ ਹਨ।

ਅਮਰੀਕੀ ਪ੍ਰਸ਼ਾਸਨ ਨੇ ਓ.ਪੀ.ਟੀ. ਪ੍ਰੋਗਰਾਮ ਨੂੰ ਧੋਖਾਦੇਹੀ ਦਾ ਅੱਡਾ ਦੱਸਦਿਆਂ ਇਸ ’ਤੇ ਵੱਡਾ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ। ਅਮਰੀਕੀ ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ (ਆਈ.ਸੀ.ਈ.) ਨੇ ਕਰੀਬ 10 ਹਜ਼ਾਰ ਮਾਮਲਿਆਂ ’ਚ ਜਾਂਚ ਸ਼ੁਰੂ ਕਰ ਦਿੱਤੀ ਹੈ। ਇਨ੍ਹਾਂ ਵਿਚ ਫ਼ਰਜ਼ੀ ਨੌਕਰੀਆਂ, ਕਾਗਜ਼ੀ ਕੰਪਨੀਆਂ ਅਤੇ ‘ਪੇਅ-ਟੂ-ਸਟੇਅ’ ਨੈੱਟਵਰਕ ਸ਼ਾਮਲ ਹਨ।

ਓ.ਪੀ.ਟੀ. ਅਮਰੀਕੀ ਵਿਦਿਆਰਥੀ ਵੀਜ਼ਾ ਐੱਫ-1 ’ਤੇ ਪੜ੍ਹ ਰਹੇ ਵਿਦੇਸ਼ੀ ਵਿਦਿਆਰਥੀਆਂ ਨੂੰ ਡਿਗਰੀ ਪੂਰੀ ਕਰਨ ਤੋਂ ਬਾਅਦ ਅਮਰੀਕਾ ਵਿਚ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ। ਆਮ ਵਿਦਿਆਰਥੀਆਂ ਨੂੰ 12 ਮਹੀਨੇ ਅਤੇ ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ (ਐੱਸ.ਟੀ.ਈ.ਐੱਮ.) ਵਿਸ਼ਿਆਂ ਦੇ ਵਿਦਿਆਰਥੀਆਂ ਨੂੰ ਵਾਧੂ 24 ਮਹੀਨਿਆਂ ਤੱਕ ਕੰਮ ਕਰਨ ਦਾ ਮੌਕਾ ਮਿਲਦਾ ਹੈ।

**▪ ਪੜ੍ਹਾਈ ਖ਼ਤਮ ਹੁੰਦਿਆਂ ਹੀ ਛੱਡਣਾ ਪਏਗਾ ਅਮਰੀਕਾ!**

ਭਾਰਤੀ ਵਿਦਿਆਰਥੀਆਂ ਲਈ ਇਹ ਸਿਰਫ਼ ਨੌਕਰੀ ਦਾ ਮੌਕਾ ਨਹੀਂ, ਸਗੋਂ ਐੱਚ-1-ਬੀ ਵੀਜ਼ਾ ਤੱਕ ਪਹੁੰਚਣ ਦਾ ਸਭ ਤੋਂ ਮਹੱਤਵਪੂਰਨ ਪੁਲ ਮੰਨਿਆ ਜਾਂਦਾ ਹੈ। ਜੇ ਓ.ਪੀ.ਟੀ. ਨਾ ਹੋਵੇ, ਤਾਂ ਜ਼ਿਆਦਾਤਰ ਵਿਦਿਆਰਥੀਆਂ ਨੂੰ ਪੜ੍ਹਾਈ ਪੂਰੀ ਹੁੰਦੇ ਹੀ ਅਮਰੀਕਾ ਛੱਡਣਾ ਪੈ ਸਕਦਾ ਹੈ।

ਅਮਰੀਕਾ ਵਿਚ ਓ.ਪੀ.ਟੀ. ਪ੍ਰੋਗਰਾਮ ਦਾ ਸਭ ਤੋਂ ਵੱਡਾ ਲਾਭ ਭਾਰਤੀ ਵਿਦਿਆਰਥੀਆਂ ਨੂੰ ਮਿਲਦਾ ਰਿਹਾ ਹੈ। ਤਕਨੀਕੀ ਅਤੇ ਇੰਜੀਨੀਅਰਿੰਗ ਖੇਤਰਾਂ ਵਿਚ ਵੱਡੀ ਗਿਣਤੀ ’ਚ ਭਾਰਤੀ ਵਿਦਿਆਰਥੀ ਅਮਰੀਕੀ ਯੂਨੀਵਰਸਿਟੀਆਂ ਵਿਚ ਦਾਖਲਾ ਲੈਂਦੇ ਹਨ। ਮਾਹਿਰਾਂ ਅਨੁਸਾਰ ਵਰਤਮਾਨ ਵਿਚ ਓ.ਪੀ.ਟੀ. ਦਾ ਲਾਭ ਲੈਣ ਵਾਲਿਆਂ ਵਿਚ ਲੱਗਭਗ ਅੱਧੇ ਭਾਰਤੀ ਵਿਦਿਆਰਥੀ ਹਨ। ਅਜਿਹੇ ਵਿਚ ਅਮਰੀਕੀ ਪ੍ਰਸ਼ਾਸਨ ਦੀ ਸਖ਼ਤੀ ਦਾ ਸਭ ਤੋਂ ਵੱਡਾ ਅਸਰ ਵੀ ਭਾਰਤੀ ਭਾਈਚਾਰੇ ’ਤੇ ਪੈਣ ਦਾ ਖ਼ਦਸ਼ਾ ਹੈ।

ਨਿਊਯਾਰਕ ਦੀ ਇਮੀਗ੍ਰੇਸ਼ਨ ਵਕੀਲ ਐਸੇਲ ਵਿਲੀਅਮਜ਼ ਅਨੁਸਾਰ ਅਮਰੀਕੀ ਏਜੰਸੀਆਂ ਦੀ ਜਾਂਚ ਵਿਚ ਕਈ ਅਜਿਹੇ ਪਤੇ ਸਾਹਮਣੇ ਆਏ ਹਨ, ਜਿੱਥੇ ਕਾਗਜ਼ਾਂ ਵਿਚ ਸੈਂਕੜੇ ਵਿਦਿਆਰਥੀ ਕੰਮ ਕਰਦੇ ਦਿਖਾਏ ਗਏ ਪਰ ਅਸਲੀਅਤ ਵਿਚ ਉੱਥੇ ਖਾਲੀ ਇਮਾਰਤਾਂ ਜਾਂ ਰਿਹਾਇਸ਼ੀ ਮਕਾਨ ਮਿਲੇ। ਉਨ੍ਹਾਂ ਕਿਹਾ ਕਿ ਕਈ ਕੰਪਨੀਆਂ ਸਿਰਫ਼ ਵਿਦਿਆਰਥੀਆਂ ਦਾ ਵੀਜ਼ਾ ਸਟੇਟਸ ਬਰਕਰਾਰ ਰੱਖਣ ਲਈ ਬਣਾਈਆਂ ਗਈਆਂ ਸਨ ਅਤੇ ਉੱਥੇ ਅਸਲ ਵਿਚ ਕੋਈ ਕੰਮ ਨਹੀਂ ਹੋ ਰਿਹਾ ਸੀ।

ਇਮੀਗ੍ਰੇਸ਼ਨ ਮਾਹਿਰਾਂ ਦਾ ਮੰਨਣਾ ਹੈ ਕਿ ਹੁਣ ਕਾਨੂੰਨੀ ਤਰੀਕੇ ਨਾਲ ਕੰਮ ਕਰ ਰਹੇ ਵਿਦਿਆਰਥੀਆਂ ਨੂੰ ਵੀ ਵਾਧੂ ਜਾਂਚ ਦਾ ਸਾਹਮਣਾ ਕਰਨਾ ਪਵੇਗਾ। ਵਿਦਿਆਰਥੀਆਂ ਤੋਂ ਨੌਕਰੀ ਦੇ ਆਫਰ ਲੈਟਰ, ਤਨਖਾਹ ਸਲਿੱਪ, ਟ੍ਰੇਨਿੰਗ ਰਿਕਾਰਡ, ਕੰਮ ਵਾਲੀ ਥਾਂ ਦਾ ਸਬੂਤ ਅਤੇ ਰੋਜ਼ਾਨਾ ਦੇ ਕੰਮਾਂ ਦਾ ਵੇਰਵਾ ਮੰਗਿਆ ਜਾ ਸਕਦਾ ਹੈ। ਅਧਿਕਾਰੀਆਂ ਦੀ ਕੋਸ਼ਿਸ਼ ਇਹ ਯਕੀਨੀ ਬਣਾਉਣ ਦੀ ਹੋਵੇਗੀ ਕਿ ਵਿਦਿਆਰਥੀ ਅਸਲ ਵਿਚ ਉਸੇ ਖੇਤਰ ਵਿਚ ਕੰਮ ਕਰ ਰਹੇ ਹਨ, ਜਿਸ ਦੀ ਉਨ੍ਹਾਂ ਨੇ ਪੜ੍ਹਾਈ ਕੀਤੀ ਹੈ।

ਮਾਹਿਰਾਂ ਦਾ ਮੰਨਣਾ ਹੈ ਕਿ ਅਮਰੀਕੀ ਪ੍ਰਸ਼ਾਸਨ ਪੂਰੀ ਤਰ੍ਹਾਂ ਓ.ਪੀ.ਟੀ. ਖ਼ਤਮ ਨਹੀਂ ਕਰ ਸਕੇਗਾ ਪਰ ਇਸ ਦੇ ਨਿਯਮ ਬੇਹੱਦ ਸਖ਼ਤ ਕੀਤੇ ਜਾ ਸਕਦੇ ਹਨ। ਪ੍ਰਸਤਾਵਿਤ ਬਦਲਾਵਾਂ ਵਿਚ ਵਿਦਿਆਰਥੀਆਂ ਦੀ ਗ੍ਰੇਸ ਪੀਰੀਅਡ ਦੀ ਮਿਆਦ ਘਟਾਉਣਾ, ਵਾਧੂ ਦਸਤਾਵੇਜ਼ ਮੰਗਣਾ ਅਤੇ ਵੀਜ਼ਾ ਸਟੇਟਸ ਖ਼ਤਮ ਹੁੰਦੇ ਹੀ “ਅਨਲਾਫੁਲ ਪ੍ਰੈਜ਼ੈਂਸ” ਲਾਗੂ ਕਰਨਾ ਸ਼ਾਮਲ ਹੈ। ਜੇ ਅਜਿਹਾ ਹੋਇਆ ਤਾਂ ਵਿਦਿਆਰਥੀਆਂ ’ਤੇ ਜਲਦੀ ਨੌਕਰੀ ਲੱਭਣ ਜਾਂ ਅਮਰੀਕਾ ਛੱਡਣ ਦਾ ਦਬਾਅ ਕਾਫ਼ੀ ਵੱਧ ਜਾਵੇਗਾ।

ਅਮਰੀਕਾ ਵਿਚ ਪਹਿਲਾਂ ਤੋਂ ਕੰਮ ਕਰ ਰਹੇ ਐੱਚ-1-ਬੀ ਕਰਮਚਾਰੀਆਂ ਦੀਆਂ ਚਿੰਤਾਵਾਂ ਵੀ ਵਧ ਗਈਆਂ ਹਨ। ਨੌਕਰੀ ਗੁਆਉਣ ਤੋਂ ਬਾਅਦ ਨਵੀਂ ਨੌਕਰੀ ਲੱਭਣ ਲਈ ਮਿਲਣ ਵਾਲੀ 60 ਦਿਨਾਂ ਦੀ ਮਿਆਦ ਹੁਣ ਪਹਿਲਾਂ ਜਿੰਨੀ ਸੁਰੱਖਿਅਤ ਨਹੀਂ ਮੰਨੀ ਜਾ ਰਹੀ। ਇਮੀਗ੍ਰੇਸ਼ਨ ਮਾਹਰ ਰਾਜੀਵ ਖੰਨਾ ਦੇ ਹਵਾਲੇ ਨਾਲ ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਹੁਣ ਵਿਜ਼ਿਟਰ ਵੀਜ਼ਾ ਵਿਚ ਬਦਲਾਅ ਮੰਗਣ ਵਾਲੀਆਂ ਅਰਜ਼ੀਆਂ ’ਤੇ ਵੀ ਸਖ਼ਤ ਜਾਂਚ ਕਰ ਰਿਹਾ ਹੈ। ਇਸ ਨਾਲ ਕਈ ਕਰਮਚਾਰੀਆਂ ਲਈ ਅਮਰੀਕਾ ਛੱਡਣਾ ਲੱਗਭਗ “ਵਨ-ਵੇਅ ਡੋਰ” ਵਰਗਾ ਬਣ ਗਿਆ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਭਾਰਤੀ ਵਿਦਿਆਰਥੀਆਂ ਨੂੰ ਹੁਣ ਅਮਰੀਕਾ ਵਿਚ ਪੜ੍ਹਾਈ ਦੇ ਨਿਵੇਸ਼ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਦਾ ਗੰਭੀਰਤਾ ਨਾਲ ਮੁਲਾਂਕਣ ਕਰਨਾ ਚਾਹੀਦਾ ਹੈ। ਇਮੀਗ੍ਰੇਸ਼ਨ ਵਕੀਲ ਵਿਦਿਆਰਥੀਆਂ ਨੂੰ ਓ-1 ਵੀਜ਼ਾ, ਕੈਪ-ਐਗਜ਼ੈਂਪਟ ਐੱਚ-1-ਬੀ, ਈ.ਬੀ.-1-ਏ ਅਤੇ ਨੈਸ਼ਨਲ ਇੰਟਰਸਟ ਵੇਵਰ ਵਰਗੇ ਬਦਲਵੇਂ ਰਸਤਿਆਂ ’ਤੇ ਵਿਚਾਰ ਕਰਨ ਦੀ ਸਲਾਹ ਦੇ ਰਹੇ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਬਦਲਦੇ ਅਮਰੀਕੀ ਮਾਹੌਲ ਵਿਚ ਸਿਰਫ਼ ਡਿਗਰੀ ਹਾਸਲ ਕਰਨਾ ਹੀ ਕਾਫ਼ੀ ਨਹੀਂ ਹੋਵੇਗਾ, ਸਗੋਂ ਵਿਦਿਆਰਥੀਆਂ ਨੂੰ ਕਾਨੂੰਨੀ ਅਤੇ ਕਰੀਅਰ ਦੀ ਰਣਨੀਤੀ ਪਹਿਲਾਂ ਤੋਂ ਹੀ ਤਿਆਰ ਰੱਖਣੀ ਹੋਵੇਗੀ।

# ਦਿੱਲੀ ਹਾਈ ਕੋਰਟ ਵੱਲੋਂ ਅਰਵਿੰਦ ਕੇਜਰੀਵਾਲ ਵਿਰੁੱਧ ਮਾਣਹਾਨੀ ਮਾਮਲੇ ਦੀ ਕਾਰਵਾਈ ਸ਼ੁਰੂ



**ਨਵੀਂ ਦਿੱਲੀ, (ਪੰਜਾਬ ਮੇਲ)**- ‘ਆਪ’ ਮੁਖੀ ਅਰਵਿੰਦ ਕੇਜਰੀਵਾਲ ਅਤੇ ਪਾਰਟੀ ਦੇ ਕਈ ਸੀਨੀਅਰ ਨੇਤਾਵਾਂ ਦੀਆਂ ਮੁਸ਼ਕਲਾਂ ਵੱਧ ਗਈਆਂ ਹਨ। ਦਿੱਲੀ ਹਾਈ ਕੋਰਟ ਦੀ ਜਸਟਿਸ ਸਵਰਨਕਾਂਤਾ ਸ਼ਰਮਾ ਨੇ ਅਰਵਿੰਦ ਕੇਜਰੀਵਾਲ ਵਿਰੁੱਧ ਅਦਾਲਤ ਦੀ ਅਪਰਾਧਿਕ ਮਾਣਹਾਨੀ ਦਾ ਨੋਟਿਸ ਜਾਰੀ ਕੀਤਾ ਹੈ। ਕੇਜਰੀਵਾਲ ਤੋਂ ਇਲਾਵਾ ਮਨੀਸ਼ ਸਿਸੋਦੀਆ, ਸੰਜੇ ਸਿੰਘ, ਵਿਨੈ ਮਿਸ਼ਰਾ, ਸੌਰਭ ਭਾਰਦਵਾਜ ਅਤੇ ਦੁਰਗੇਸ਼ ਪਾਠਕ ਨੂੰ ਵੀ ਇਸ ਮਾਮਲੇ ਵਿਚ ਨੋਟਿਸ ਜਾਰੀ ਕੀਤੇ ਗਏ ਹਨ।

ਅਦਾਲਤ ਨੇ ਸਖ਼ਤ ਟਿੱਪਣੀ ਕਰਦਿਆਂ ਕਿਹਾ ਕਿ ਜੇਕਰ ਅਜਿਹੀਆਂ ਗਤੀਵਿਧੀਆਂ ’ਤੇ ਕਾਰਵਾਈ ਨਾ ਕੀਤੀ ਗਈ ਤਾਂ ਦੇਸ਼ ਵਿਚ ਅਰਾਜਕਤਾ ਫੈਲੇਗੀ। ਜਾਂਚ ਵਿਚ ਸਾਹਮਣੇ ਆਇਆ ਹੈ ਕਿ ਕੇਜਰੀਵਾਲ ਨੇ ਅਦਾਲਤ ਨੂੰ ਲਿਖਿਆ ਆਪਣਾ ਪੱਤਰ, ਕਾਨੂੰਨੀ ਪ੍ਰਕਿਰਿਆ ਦੀ ਬਜਾਏ ਸੋਸ਼ਲ ਮੀਡੀਆ ਪਲੇਟਫਾਰਮ ‘ਐਕਸ’ ’ਤੇ ਜਨਤਕ ਕਰ ਦਿੱਤਾ ਸੀ। ਅਦਾਲਤ ਅਨੁਸਾਰ, ਕਾਨੂੰਨੀ ਵਿਵਾਦ ਨੂੰ ਅਦਾਲਤ ਦੀ ਬਜਾਏ ਸੋਸ਼ਲ ਮੀਡੀਆ ’ਤੇ ਲਿਜਾ ਕੇ ਇੱਕ ਜਨਤਕ ਮੁਹਿੰਮ ਚਲਾਈ ਗਈ, ਤਾਂ ਜੋ ਨਿਆਂਪਾਲਿਕਾ ਵਿਰੁੱਧ ਇੱਕ ਗਲਤ ਧਾਰਨਾ ਪੈਦਾ ਕੀਤੀ ਜਾ ਸਕੇ।

ਅਦਾਲਤ ਨੇ ਨੋਟ ਕੀਤਾ ਕਿ ਜਸਟਿਸ ਸਵਰਨਕਾਂਤਾ ਸ਼ਰਮਾ ਵੱਲੋਂ ਇੱਕ ਕਾਲਜ ’ਚ ਦਿੱਤੇ ਭਾਸ਼ਣ ਦੀ ਵੀਡੀਓ ਨੂੰ ਐਡਿਟ ਕਰਕੇ ਇਸ ਤਰ੍ਹਾਂ ਫੈਲਾਇਆ ਗਿਆ ਕਿ ਲੋਕਾਂ ਵਿਚ ਨਿਆਂਪਾਲਿਕਾ ਪ੍ਰਤੀ ਅਵਿਸ਼ਵਾਸ ਪੈਦਾ ਹੋਵੇ। ਇਸ ਤੋਂ ਇਲਾਵਾ, ਜੱਜ ਦੇ ਪਰਿਵਾਰਕ ਮੈਂਬਰਾਂ ਨੂੰ ਵੀ ਜਾਣਬੁੱਝ ਕੇ ਇਸ ਵਿਵਾਦ ਵਿਚ ਘਸੀਟਿਆ ਗਿਆ, ਤਾਂ ਜੋ ਉਨ੍ਹਾਂ ਨੂੰ ਅਪਮਾਨਿਤ ਕੀਤਾ ਜਾ ਸਕੇ। ਅਦਾਲਤ ਨੇ ਸਪੱਸ਼ਟ ਕੀਤਾ ਕਿ ਇਹ ਕਿਸੇ ਇੱਕ ਜੱਜ ’ਤੇ ਨਿੱਜੀ ਹਮਲਾ ਨਹੀਂ ਸੀ, ਬਲਕਿ ਪੂਰੀ ਨਿਆਂਇਕ ਸੰਸਥਾ ਦੀ ਸਾਖ ਅਤੇ ਸੁਤੰਤਰਤਾ ਨੂੰ ਕਮਜ਼ੋਰ ਕਰਨ ਦੀ ਇੱਕ ਕੋਸ਼ਿਸ਼ ਸੀ।

ਹਾਈ ਕੋਰਟ ਨੇ ਕਿਹਾ ਕਿ ਨਿਆਂਪਾਲਿਕਾ ਦੀ ਸੰਸਥਾ ਜਨਤਾ ਦੇ ਭਰੋਸੇ ’ਤੇ ਟਿਕੀ ਹੋਈ ਹੈ। ਕਿਸੇ ਵੀ ਸਿਆਸੀ ਪ੍ਰਭਾਵ ਵਾਲੇ ਵਿਅਕਤੀ ਵੱਲੋਂ ਡਿਜ਼ੀਟਲ ਮਾਧਿਅਮਾਂ ਰਾਹੀਂ ਨਿਆਂਪਾਲਿਕਾ ਵਿਰੁੱਧ ਨੈਰੇਟਿਵ ਘੜਨਾ ਨਿਆਂ ਵਿਵਸਥਾ ਦੇ ਵਿਰੁੱਧ ਹੈ।

# ਪੰਜਾਬ ਮਿਊਂਸਪਲ ਚੋਣਾਂ: ਰਾਜ ਚੋਣ ਕਮਿਸ਼ਨ ਵੱਲੋਂ 23 ਆਬਜ਼ਰਵਰ ਨਿਯੁਕਤ

**ਚੰਡੀਗੜ੍ਹ, (ਪੰਜਾਬ ਮੇਲ)**- ਰਾਜ ਚੋਣ ਕਮਿਸ਼ਨ ਨੇ ਨਿਗਮ ਤੇ ਕੌਂਸਲ ਚੋਣਾਂ ਦੇ ਮੱਦੇਨਜ਼ਰ ਪੰਜਾਬ ਦੇ ਹਰ ਜ਼ਿਲ੍ਹੇ ’ਚ ਜਨਰਲ ਆਬਜ਼ਰਵਰ ਨਿਯੁਕਤ ਕਰ ਦਿੱਤੇ ਹਨ। ਆਈ.ਏ.ਐੱਸ. ਅਤੇ ਪੀ.ਸੀ.ਐੱਸ. ਅਧਿਕਾਰੀ ਬਤੌਰ ਆਬਜ਼ਰਵਰ ਨਿਗਮ ਚੋਣਾਂ ’ਚ ਤਾਇਨਾਤ ਰਹਿਣਗੇ। ਰਾਜ ਚੋਣ ਕਮਿਸ਼ਨਰ ਰਾਜ ਕੁਮਾਰ ਚੌਧਰੀ ਦਾ ਕਹਿਣਾ ਸੀ ਕਿ ਆਜ਼ਾਦ, ਨਿਰਪੱਖ ਅਤੇ ਸ਼ਾਂਤੀਪੂਰਵਕ ਚੋਣਾਂ ਕਰਾਉਣ ਲਈ ਆਬਜ਼ਰਵਰਾਂ ਦੀ ਤਾਇਨਾਤੀ ਕੀਤੀ ਗਈ ਹੈ।

**▪ ਆਈ.ਏ.ਐੱਸ. ਤੇ ਪੀ.ਸੀ.ਐੱਸ. ਅਧਿਕਾਰੀਆਂ ਨੂੰ ਜ਼ਿੰਮੇਵਾਰੀ ਸੌਂਪੀ**

ਅੰਮ੍ਰਿਤਸਰ ਜ਼ਿਲ੍ਹੇ ’ਚ ਪਰਮਦੀਪ ਸਿੰਘ, ਬਰਨਾਲਾ ’ਚ ਪਰਨੀਤ ਸ਼ੇਰਗਿੱਲ, ਬਠਿੰਡਾ ’ਚ ਹਰਸੁਹਿੰਦਰ ਪਾਲ ਸਿੰਘ ਬਰਾੜ, ਫ਼ਿਰੋਜ਼ਪੁਰ ’ਚ ਸੁਖਪ੍ਰੀਤ ਸਿੰਘ ਸਿੱਧੂ, ਫ਼ਰੀਦਕੋਟ ’ਚ ਰੁਬਿੰਦਰਜੀਤ ਸਿੰਘ ਬਰਾੜ, ਫ਼ਾਜ਼ਿਲਕਾ ’ਚ ਰਿਸ਼ਭ ਬਾਂਸਲ, ਫ਼ਤਿਹਗੜ੍ਹ ਸਾਹਿਬ ’ਚ ਹਰਗੁਣਜੀਤ ਕੌਰ, ਗੁਰਦਾਸਪੁਰ ’ਚ ਰਾਕੇਸ਼ ਕੁਮਾਰ ਪੋਪਲੀ, ਹੁਸ਼ਿਆਰਪੁਰ ’ਚ ਹਰਜੋਤ ਕੌਰ, ਜਲੰਧਰ ’ਚ ਪਰਮਵੀਰ ਸਿੰਘ, ਕਪੂਰਥਲਾ ’ਚ ਕਨੂ ਥਿੰਦ/ਸੋਨੂੰ ਦੁੱਗਲ, ਲੁਧਿਆਣਾ ’ਚ ਬਲਦੀਪ ਕੌਰ ਨੂੰ ਆਬਜ਼ਰਵਰ ਵਜੋਂ ਤਾਇਨਾਤ ਕੀਤਾ ਗਿਆ ਹੈ।

ਇਸੇ ਤਰ੍ਹਾਂ ਹੀ ਮੋਗਾ ’ਚ ਨਯਨ, ਮਾਨਸਾ ’ਚ ਅਮਿਤ ਸਰੀਨ, ਮਾਲੇਰਕੋਟਲਾ ’ਚ ਪਰਮੋਦ ਸਿੰਗਲਾ, ਸ੍ਰੀ ਮੁਕਤਸਰ ਸਾਹਿਬ ’ਚ ਅਮਰਬੀਰ ਸਿੰਘ, ਪਟਿਆਲਾ ’ਚ ਅਪਨੀਤ ਅਤੇ ਰਿਸ਼ੀ ਪਾਲ ਸਿੰਘ, ਪਠਾਨਕੋਟ ’ਚ ਅਮਰਿੰਦਰ ਸਿੰਘ ਟਿਵਾਣਾ, ਰੂਪਨਗਰ ’ਚ ਜਗਜੀਤ ਸਿੰਘ, ਸ਼ਹੀਦ ਭਗਤ ਸਿੰਘ ਨਗਰ ’ਚ ਅਮਨਦੀਪ ਕੌਰ, ਮੁਹਾਲੀ ’ਚ ਅਭਿਜੀਤ ਕਪਲਿਸ਼, ਸੰਗਰੂਰ ’ਚ ਕਮਲ ਕੁਮਾਰ ਗਰਗ ਅਤੇ ਤਰਨ ਤਾਰਨ ਜ਼ਿਲ੍ਹੇ ’ਚ ਵਿਕਾਸ ਹੀਰਾ ਨੂੰ ਜਨਰਲ ਆਬਜ਼ਰਵਰ ਲਾਇਆ ਗਿਆ ਹੈ।

# ਆਸਟਰੇਲੀਆ ਵੱਲੋਂ ਵਿਦਿਆਰਥੀਆਂ ਲਈ ਵੀਜ਼ਾ ਨਿਯਮਾਂ ’ਚ ਸਖਤੀ; ਨਵੇਂ ਕੋਰਸਾਂ ਅਤੇ ਦਾਖਲਿਆਂ ’ਤੇ ਪਾਬੰਦੀ

**ਮੈਲਬਰਨ, (ਪੰਜਾਬ ਮੇਲ)**- ਆਸਟਰੇਲੀਆ ਸਰਕਾਰ ਨੇ ਦੇਸ਼ ਦੇ ਸਿੱਖਿਆ ਢਾਂਚੇ ਨੂੰ ਸਾਫ਼-ਸੁਥਰਾ ਬਣਾਉਣ ਅਤੇ ਵੀਜ਼ਾ ਪ੍ਰਣਾਲੀ ਦੀ ਦੁਰਵਰਤੋਂ ਨੂੰ ਰੋਕਣ ਲਈ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਪੜ੍ਹਾਉਣ ਵਾਲੇ ਨਿੱਜੀ ਕਿੱਤਾਮੁਖੀ ਸਿੱਖਿਆ ਅਤੇ ਸਿਖਲਾਈ ਕਾਲਜਾਂ ’ਤੇ ਵੱਡੀ ਕਾਰਵਾਈ ਕੀਤੀ ਹੈ। ਸਰਕਾਰ ਵੱਲੋਂ ਲਾਗੂ ਕੀਤੇ ਗਏ ਨਵੇਂ ਅਤੇ ਸਖ਼ਤ ਨਿਯਮਾਂ ਤਹਿਤ ਕਈ ਨਵੇਂ ਨਿੱਜੀ ਕਾਲਜਾਂ ਅਤੇ ਅੰਗਰੇਜ਼ੀ ਭਾਸ਼ਾ ਸੰਸਥਾਵਾਂ ਦੇ ਅਗਲੇ 12 ਮਹੀਨਿਆਂ ਤੱਕ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਦਾਖਲੇ ਕਰਨ ਅਤੇ ਨਵੇਂ ਕੋਰਸ ਸ਼ੁਰੂ ਕਰਨ ’ਤੇ ਪੂਰਨ ਤੌਰ ’ਤੇ ਪਾਬੰਦੀ ਲਗਾ ਦਿੱਤੀ ਗਈ ਹੈ।

ਸਰਕਾਰ ਦਾ ਇਹ ਵੱਡਾ ਕਦਮ ਫ਼ਰਜ਼ੀ ਕਾਲਜਾਂ, ਵੀਜ਼ਾ ਨਿਯਮਾਂ ਦੀ ਉਲੰਘਣਾ ਅਤੇ ਘੱਟ ਮਿਆਰੀ ਸਿੱਖਿਆ ਸੰਸਥਾਵਾਂ ’ਤੇ ਸਖਤੀ ਲਈ ਚੁੱਕਿਆ ਗਿਆ ਹੈ। ਸਰਕਾਰ ਦੇ ਇਸ ਅਹਿਮ ਫੈਸਲੇ ਤੋਂ ਬਾਅਦ ਹੁਣ ਆਸਟ੍ਰੇਲੀਅਨ ਸਕਿੱਲਜ਼ ਕੁਆਲਿਟੀ ਅਥਾਰਟੀ ਪੂਰੀ ਤਰ੍ਹਾਂ ਹਰਕਤ ਵਿਚ ਆ ਗਈ ਹੈ ਅਤੇ ਇਸ ਵੇਲੇ ਚੱਲ ਰਹੇ ਨਿੱਜੀ ਕਾਲਜਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਜਾਵੇਗੀ।

ਇਸ ਵਿਸ਼ੇਸ਼ ਪੜਤਾਲ ਤਹਿਤ ਵਿਦਿਆਰਥੀਆਂ ਦੀ ਹਾਜ਼ਰੀ, ਅਸਲ ਦਾਖਲੇ, ਪੜ੍ਹਾਈ ਦੇ ਮਿਆਰ, ਸਿੱਖਿਆ ਏਜੰਟਾਂ ਦੇ ਕੰਮਕਾਜ ਅਤੇ ਕਾਲਜਾਂ ਦੇ ਵਿੱਤੀ ਰਿਕਾਰਡ ਦੀ ਸਖ਼ਤ ਆਡਿਟਿੰਗ ਕੀਤੀ ਜਾਵੇਗੀ। ਨਿਯਮਾਂ ਦੀ ਉਲੰਘਣਾ ਕਰਨ ਵਾਲੇ ਜਾਂ ਮਾਪਦੰਡਾਂ ’ਤੇ ਖ਼ਰੇ ਨਾ ਉਤਰਨ ਵਾਲੇ ਕਾਲਜਾਂ ਦੀ ਮਨਜ਼ੂਰੀ ਤੁਰੰਤ ਰੱਦ ਹੋ ਸਕਦੀ ਹੈ ਅਤੇ ਉਨ੍ਹਾਂ ਦੇ ਵਿਦੇਸ਼ੀ ਵਿਦਿਆਰਥੀ ਬੁਲਾਉਣ ’ਤੇ ਵੀ ਰੋਕ ਲਗਾਈ ਜਾ ਸਕਦੀ ਹੈ। ਇਸ ਦੇ ਨਾਲ ਹੀ ਸਰਕਾਰ ਨੇ ਨਾ ਸਿਰਫ਼ ਕਾਲਜਾਂ, ਸਗੋਂ ਵਿਦਿਆਰਥੀਆਂ ਲਈ ਵੀ ਵੀਜ਼ਾ ਨਿਯਮਾਂ ਨੂੰ ਬੇਹੱਦ ਸਖ਼ਤ ਕਰ ਦਿੱਤਾ ਹੈ। ਹੁਣ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਆਸਟ੍ਰੇਲੀਆ ਆਉਣ ਲਈ ਪਹਿਲਾਂ ਨਾਲੋਂ ਵਧੇਰੇ ਵਿੱਤੀ ਸਬੂਤ ਅਤੇ ਬੈਂਕ ਫੰਡ ਦਿਖਾਉਣੇ ਪੈਣਗੇ। ਵੀਜ਼ਾ ਅਧਿਕਾਰੀਆਂ ਵੱਲੋਂ ਇਸ ਗੱਲ ਦੀ ਸਖ਼ਤੀ ਨਾਲ ਜਾਂਚ ਕੀਤੀ ਜਾਵੇਗੀ ਕਿ ਬਿਨੈਕਾਰ ਸੱਚਮੁੱਚ ਪੜ੍ਹਨ ਆ ਰਿਹਾ ਹੈ ਜਾਂ ਉਸਦਾ ਮਕਸਦ ਸਿਰਫ਼ ਕੰਮ ਕਰਨਾ ਹੈ।


RESIDENTIAL, COMMERCIAL AND SOLAR FARMS

with Singhsloar High performance Bifacial Smart Panels

ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ

ਸਿਰ.ਫ ਇਕ ਕਾਲ - ਵੱਡੀ ਬੱਚਤ

510-706-1300

singhsolarusa@gmail.com

# ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਦੇ ਕਲਸ਼ ਮਿਊਜ਼ੀਅਮ 'ਚ ਰੱਖੇ ਜਾਣ : ਇਨਕਲਾਬੀ ਵਿਰਾਸਤ ਪ੍ਰਚਾਰ ਮੰਚ ਪੰਜਾਬ







ਸੰਗਰੂਰ, (ਦਲਜੀਤ ਕੌਰ/ਪੰਜਾਬ ਮੇਲ)- ਇਨਕਲਾਬੀ ਵਿਰਾਸਤ ਪ੍ਰਚਾਰ ਮੰਚ ਪੰਜਾਬ ਦੇ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਸ਼ਹੀਦ ਊਧਮ ਸਿੰਘ ਦੀਆਂ ਸਰਕਾਰੀ ਕਾਲਜ ਸੁਨਾਮ ਦੀ ਲਾਇਬ੍ਰੇਰੀ 'ਚ 51 ਸਾਲ (ਸਾਲ 1974) ਤੋਂ ਪਈਆਂ ਅਸਥੀਆਂ ਦੇ ਦੋ ਕਲਸ਼ ਨੂੰ ਸੁਨਾਮ ਊਧਮ ਸਿੰਘ ਵਾਲਾ ਵਿਚ ਪੰਜ ਸਾਲ ਦੇ ਕਰੀਬ ਪਹਿਲਾਂ ਬਣੇ ਮਿਊਜ਼ੀਅਮ ਵਿਚ ਲਿਆ ਕੇ ਰੱਖਿਆ ਜਾਵੇ। ਸਰਕਾਰ ਵੱਲੋਂ ਦੇਸ਼ ਦੇ ਮਹਾਨ ਕੌਮੀ ਸ਼ਹੀਦ ਜਿਨ੍ਹਾਂ ਦੇਸ਼ ਦੀ ਆਜ਼ਾਦੀ ਲਈ ਆਪਣੀ ਅਨਮੋਲ ਜ਼ਿੰਦਗੀ ਕੁਰਬਾਨ ਕਰ ਦਿੱਤੀ, ਨਾਲ ਸਰਕਾਰ ਵੱਲੋਂ ਇਨਸਾਫ ਨਹੀਂ ਕੀਤਾ ਜਾ ਰਿਹਾ।

ਮੰਚ ਦੇ ਸੂਬਾ ਪ੍ਰਧਾਨ ਬਲਬੀਰ ਚੰਦ ਲੌਂਗੋਵਾਲ ਨੇ ਕਿਹਾ ਸਰਕਾਰ ਨੇ ਅਸਥੀਆਂ ਦੇ ਕਲਸ਼ ਸਾਲ 1974 ਵਿਚ ਇਸ ਲਈ ਇਥੇ ਕਾਲਜ ਦੀ ਲਾਇਬ੍ਰੇਰੀ ਵਿਚ ਰੱਖੇ ਸਨ ਕਿਉਂਕਿ ਉਸ ਵੇਲੇ ਰੱਖਣ ਦੀ ਕੋਈ ਥਾਂ ਨਹੀਂ ਸੀ। ਹੁਣ ਤਾਂ ਮਿਊਜ਼ੀਅਮ ਬਣ ਚੁੱਕਿਆ ਹੈ।

ਮੰਚ ਦੇ ਸੂਬਾ ਜਨਰਲ ਸਕੱਤਰ ਇਤਿਹਾਸਕਾਰ ਰਾਕੇਸ਼ ਕੁਮਾਰ ਨੇ ਕਿਹਾ ਕਿ ਸ਼ਹੀਦ ਨਾਲ ਸਬੰਧਿਤ ਬਹੁਤ ਸਾਰਾ ਸਮਾਨ ਇੰਗਲੈਂਡ ਵਿਚ ਪਿਆ ਹੈ, ਜਿਵੇਂ ਰਿਵਾਲਵਰ, ਸਾਲ 1939, 1940 ਦੀ ਡਾਇਰੀ, ਹੱਥ ਲਿਖਤ ਪੇਜ਼ ਆਦਿ ਤੇ ਹੋਰ ਸਮਾਨ। ਉਨ੍ਹਾਂ ਨੂੰ ਵੀ ਸੁਨਾਮ ਮਿਊਜ਼ੀਅਮ ਵਿਚ ਲਿਆ ਕੇ ਰੱਖਣਾ ਚਾਹੀਦਾ ਹੈ। ਮੰਚ ਆਗੂਆਂ ਜੁਝਾਰ ਸਿੰਘ, ਜਸਬੀਰ ਨਮੋਲ, ਲਾਭ ਛਾਜਲਾ, ਸੁਖਜਿੰਦਰ ਸਿੰਘ, ਸੁਰਿੰਦਰ ਉਪਲੀ, ਦਰਸ਼ਨ ਸਿੰਘ, ਪਵਨ ਸ਼ਰਮਾ, ਹਰਗੋਬਿੰਦ ਸ਼ੇਰਪੁਰ, ਜਗਦੇਵ ਸ਼ਰਮਾ, ਗੁਰਦੀਪ ਲਹਿਰਾ ਨੇ ਕਿਹਾ ਕਿ ਸ਼ਹੀਦ ਦੀਆਂ ਚਿੱਠੀਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਲਾਇਬ੍ਰੇਰੀ ਵਿਚ ਪਈਆਂ ਨੇ, ਉਨ੍ਹਾਂ ਨੂੰ ਵੀ ਮਿਊਜ਼ੀਅਮ ਵਿਚ ਲਿਆ ਕੇ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇ ਕਹਿਣ ਦੇ ਬਾਵਜੂਦ ਵੀ ਸ਼ਹੀਦ ਦਾ ਅਸਲੀ ਸ਼ਕਲ ਨਾਲ ਮਿਲਦਾ ਬੁੱਤ ਅਜੇ ਤੱਕ ਸੁਨਾਮ ਵਿਖੇ ਨਵੇਂ ਬਣੇ ਮੈਮੋਰੀਅਲ ਵਿਚ ਨਹੀਂ ਲਗਾਇਆ ਗਿਆ। ਸ਼ਹੀਦ ਸੰਬੰਧੀ ਮੰਗਾਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਹਨ। ਸਰਕਾਰ ਵੱਲੋਂ ਉਨ੍ਹਾਂ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ।

# ਪੰਜਾਬੀ ਗਾਇਕਾ ਇੰਦਰ ਕੌਰ ਦੀ ਮੌਤ ਨੇ ਮਚਾਈ ਸਨਸਨੀ

**■ ਲੁਧਿਆਣਾ ਨੇੜੇ ਨਹਿਰ ਵਿਚੋਂ ਮਿਲੀ ਲਾਸ਼, ਅਗਵਾ ਤੇ ਕਤਲ ਦੇ ਐਂਗਲ ਤੋਂ ਜਾਂਚ ਜਾਰੀ**



ਲੁਧਿਆਣਾ, (ਪੰਜਾਬ ਮੇਲ)- ਪੰਜਾਬੀ ਸੰਗੀਤ ਜਗਤ ਲਈ ਇੱਕ ਬਹੁਤ ਹੀ ਦੁਖਦਾਈ ਅਤੇ ਹੈਰਾਨ ਕਰਨ ਵਾਲੀ ਖਬਰ ਸਾਹਮਣੇ ਆਈ ਹੈ। ਨੌਜਵਾਨ ਪੰਜਾਬੀ ਗਾਇਕਾ ਇੰਦਰ ਕੌਰ ਦੀ ਲਾਸ਼ ਲੁਧਿਆਣਾ ਨੇੜੇ ਇੱਕ ਨਹਿਰ ਵਿਚੋਂ ਮਿਲਣ ਨਾਲ ਪੂਰੀ ਪੰਜਾਬੀ ਇੰਡਸਟਰੀ ਵਿਚ ਸੋਗ ਦੀ ਲਹਿਰ ਦੌੜ ਗਈ ਹੈ। ਗਾਇਕਾ ਪਿਛਲੇ ਕੁਝ ਦਿਨਾਂ ਤੋਂ ਲਾਪਤਾ ਦੱਸੀ ਜਾ ਰਹੀ ਸੀ ਅਤੇ ਪਰਿਵਾਰ ਵੱਲੋਂ ਉਸ ਦੀ ਭਾਲ ਲਈ ਪੁਲਿਸ ਕੋਲ ਸ਼ਿਕਾਇਤ ਵੀ ਦਰਜ ਕਰਵਾਈ ਗਈ ਸੀ।

ਮਿਲੀ ਜਾਣਕਾਰੀ ਮੁਤਾਬਕ ਇੰਦਰ ਕੌਰ ਘਰ ਤੋਂ ਕਿਸੇ ਕੰਮ ਲਈ ਨਿਕਲੀ ਸੀ ਪਰ ਉਸ ਤੋਂ ਬਾਅਦ ਪਰਿਵਾਰ ਨਾਲ ਉਸ ਦਾ ਕੋਈ ਸੰਪਰਕ ਨਹੀਂ ਹੋਇਆ। ਪਰਿਵਾਰਕ ਮੈਂਬਰਾਂ ਨੇ ਕਈ ਥਾਵਾਂ 'ਤੇ ਉਸ ਦੀ ਭਾਲ ਕੀਤੀ ਪਰ ਕੋਈ ਸੁਰਾਗ ਨਾ ਮਿਲਣ ਤੋਂ ਬਾਅਦ ਮਾਮਲਾ ਪੁਲਿਸ ਕੋਲ ਪਹੁੰਚਾਇਆ ਗਿਆ। ਇਸ ਦੌਰਾਨ ਸੋਸ਼ਲ ਮੀਡੀਆ 'ਤੇ ਵੀ ਉਸ ਦੀ ਗੁੰਮਸ਼ੁਦਗੀ ਸਬੰਧੀ ਪੋਸਟਾਂ ਵਾਇਰਲ ਹੋ ਰਹੀਆਂ ਸਨ।

ਕੁਝ ਦਿਨਾਂ ਬਾਅਦ ਲੁਧਿਆਣਾ ਨੇੜੇ ਨਹਿਰ ਵਿਚੋਂ ਇੱਕ ਨੌਜਵਾਨ ਲੜਕੀ ਦੀ ਲਾਸ਼ ਮਿਲੀ, ਜਿਸ ਦੀ ਪਹਿਚਾਣ ਬਾਅਦ ਵਿਚ ਪੰਜਾਬੀ ਗਾਇਕਾ ਇੰਦਰ ਕੌਰ ਵਜੋਂ ਹੋਈ। ਇਸ ਖਬਰ ਦੇ ਸਾਹਮਣੇ ਆਉਣ ਨਾਲ ਉਸ ਦੇ ਪਰਿਵਾਰ ਅਤੇ ਪ੍ਰਸ਼ੰਸਕਾਂ ਵਿਚ ਮਾਤਮ ਛਾ ਗਿਆ। ਪੁਲਿਸ ਨੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ, ਤਾਂ ਜੋ ਮੌਤ ਦੇ ਅਸਲ ਕਾਰਨਾਂ ਦਾ ਪਤਾ ਲਗਾਇਆ ਜਾ ਸਕੇ।

ਪੁਲਿਸ ਸੂਤਰਾਂ ਅਨੁਸਾਰ ਇਸ ਮਾਮਲੇ ਵਿਚ ਕਤਲ, ਅਗਵਾ ਅਤੇ ਜ਼ਬਰਦਸਤੀ ਵਿਆਹ ਦੇ ਐਂਗਲ ਤੋਂ ਜਾਂਚ ਕੀਤੀ ਜਾ ਰਹੀ ਹੈ। ਕੁਝ ਰਿਪੋਰਟਾਂ ਵਿਚ ਇਹ ਵੀ ਸਾਹਮਣੇ ਆਇਆ ਹੈ ਕਿ ਗਾਇਕਾ ਨੂੰ ਪਹਿਲਾਂ ਧਮਕੀਆਂ ਮਿਲ ਰਹੀਆਂ ਸਨ ਅਤੇ ਉਸ 'ਤੇ ਦਬਾਅ ਬਣਾਇਆ ਜਾ ਰਿਹਾ ਸੀ। ਪਰਿਵਾਰ ਵੱਲੋਂ ਵੀ ਕੁਝ ਵਿਅਕਤੀਆਂ 'ਤੇ ਸ਼ੱਕ ਜਤਾਇਆ ਗਿਆ ਹੈ, ਜਿਨ੍ਹਾਂ ਨਾਲ ਪੁਲਿਸ ਪੁੱਛਗਿੱਛ ਕਰ ਰਹੀ ਹੈ।

ਪੁਲਿਸ ਨੇ ਇਲਾਕੇ ਦੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਇਕੱਠੀ ਕਰਨੀ ਸ਼ੁਰੂ ਕਰ ਦਿੱਤੀ ਹੈ ਅਤੇ ਗਾਇਕਾ ਦੇ ਮੋਬਾਈਲ ਫੋਨ ਦੀ ਕਾਲ ਡੀਟੇਲ ਅਤੇ ਸੋਸ਼ਲ ਮੀਡੀਆ ਐਕਟੀਵਿਟੀ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਜਾਂਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਹਰ ਪੱਖ ਤੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ ਅਤੇ ਜਲਦੀ ਹੀ ਸੱਚ ਸਾਹਮਣੇ ਲਿਆਂਦਾ ਜਾਵੇਗਾ।

ਇੰਦਰ ਕੌਰ ਨੇ ਘੱਟ ਸਮੇਂ ਵਿਚ ਪੰਜਾਬੀ ਸੰਗੀਤ ਜਗਤ ਵਿਚ ਆਪਣੀ ਵੱਖਰੀ ਪਹਿਚਾਣ ਬਣਾਈ ਸੀ। ਉਸ ਦੇ ਕਈ ਗੀਤ ਨੌਜਵਾਨਾਂ ਵਿਚ ਕਾਫੀ ਲੋਕਪ੍ਰਿਯ ਹੋਏ ਸਨ। ਉਸ ਦੀ ਅਚਾਨਕ ਮੌਤ ਨਾਲ ਪੰਜਾਬੀ ਇੰਡਸਟਰੀ ਦੇ ਕਲਾਕਾਰਾਂ ਅਤੇ ਫੈਨਾਂ ਵਿਚ ਡੂੰਘਾ ਦੁੱਖ ਵੇਖਿਆ ਜਾ ਰਿਹਾ ਹੈ। ਕਈ ਗਾਇਕਾਂ ਅਤੇ ਕਲਾਕਾਰਾਂ ਨੇ ਸੋਸ਼ਲ ਮੀਡੀਆ 'ਤੇ ਦੁੱਖ ਪ੍ਰਗਟ ਕਰਦੇ ਹੋਏ ਮਾਮਲੇ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ।

ਇਸ ਘਟਨਾ ਨੇ ਇੱਕ ਵਾਰ ਫਿਰ ਮਹਿਲਾ ਕਲਾਕਾਰਾਂ ਦੀ ਸੁਰੱਖਿਆ ਅਤੇ ਸੋਸ਼ਲ ਮੀਡੀਆ ਰਾਹੀਂ ਮਿਲ ਰਹੀਆਂ ਧਮਕੀਆਂ ਦੇ ਮੁੱਦੇ ਨੂੰ ਚਰਚਾ ਵਿਚ ਲਿਆ ਦਿੱਤਾ ਹੈ। ਲੋਕਾਂ ਵੱਲੋਂ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਤੋਂ ਮੰਗ ਕੀਤੀ ਜਾ ਰਹੀ ਹੈ ਕਿ ਦੋਸ਼ੀਆਂ ਨੂੰ ਜਲਦੀ ਗ੍ਰਿਫਤਾਰ ਕਰਕੇ ਸਖ਼ਤ ਸਜ਼ਾ ਦਿੱਤੀ ਜਾਵੇ, ਤਾਂ ਜੋ ਭਵਿੱਖ ਵਿਚ ਅਜਿਹੀਆਂ ਦਰਦਨਾਕ ਘਟਨਾਵਾਂ ਨੂੰ ਰੋਕਿਆ ਜਾ ਸਕੇ।

# ਪੰਜਾਬ ਮਿਊਂਸਪਲ ਚੋਣਾਂ: ਹਜ਼ਾਰਾਂ ਉਮੀਦਵਾਰ ਚੋਣ ਮੈਦਾਨ ਵਿਚ ਨਿੱਤਰੇ

**■ ਅੱਠ ਨਗਰ ਨਿਗਮ, 75 ਨਗਰ ਕੌਂਸਲ ਅਤੇ 21 ਨਗਰ ਪ੍ਰੀਸ਼ਦ ਲਈ 26 ਮਈ ਨੂੰ ਹੋਵੇਗੀ ਵੋਟਿੰਗ ਅਤੇ 29 ਨੂੰ ਆਉਣਗੇ ਨਤੀਜੇ**

ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ ਵਿਚ 26 ਮਈ ਨੂੰ ਹੋਣ ਵਾਲੀਆਂ ਅੱਠ ਨਗਰ ਨਿਗਮ, 75 ਨਗਰ ਕੌਂਸਲ ਅਤੇ 21 ਨਗਰ ਪ੍ਰੀਸ਼ਦ ਦੀਆਂ ਚੋਣਾਂ ਨੂੰ ਲੈ ਕੇ ਚੋਣ ਮੈਦਾਨ ਪੂਰੀ ਤਰ੍ਹਾਂ ਭਖ ਗਿਆ ਹੈ। ਇਨ੍ਹਾਂ ਚੋਣਾਂ ਲਈ ਕੁੱਲ 7623 ਉਮੀਦਵਾਰ ਚੋਣ ਮੈਦਾਨ ਵਿਚ ਨਿੱਤਰ ਗਏ ਹਨ। ਜਿਨ੍ਹਾਂ ਦੀ ਕਿਸਮਤ ਦਾ ਫੈਸਲਾ ਪੰਜਾਬ ਦੇ ਵੋਟਰਾਂ ਵੱਲੋਂ 26 ਮਈ ਨੂੰ ਕੀਤਾ ਜਾਵੇਗਾ। ਇਸ ਸਬੰਧੀ ਨਤੀਜੇ 29 ਮਈ ਨੂੰ ਆਉਣਗੇ।

ਪੰਜਾਬ ਰਾਜ ਚੋਣ ਕਮਿਸ਼ਨ ਤੋਂ ਮਿਲੀ ਜਾਣਕਾਰੀ ਅਨੁਸਾਰ ਪੰਜਾਬ ਵਿਚ 8 ਨਗਰ ਨਿਗਮ ਦੀਆਂ ਚੋਣਾਂ ਲਈ 1613 ਉਮੀਦਵਾਰ ਚੋਣ ਮੈਦਾਨ ਵਿਚ ਰਹਿ ਗਏ ਹਨ, ਜਦੋਂ ਕਿ ਬੀਤੇ ਦਿਨੀਂ 386 ਉਮੀਦਵਾਰਾਂ ਨੇ ਆਪਣੇ ਨਾਮਜ਼ਦਗੀ ਪੱਤਰ ਵਾਪਸ ਲੈ ਲਏ ਸਨ। ਨਗਰ ਨਿਗਮ ਦੀ ਚੋਣ ਦੌਰਾਨ ਹੁਣ ਤੱਕ ਚਾਰ ਉਮੀਦਵਾਰ ਬਿਨਾਂ ਮੁਕਾਬਲਾ ਜੇਤੂ ਰਹੇ ਹਨ। ਨਗਰ ਕੌਂਸਲ ਦੀ ਚੋਣ ਦੌਰਾਨ ਕੁੱਲ 5144 ਉਮੀਦਵਾਰ ਚੋਣ ਮੈਦਾਨ ਵਿਚ ਰਹਿ ਗਏ ਹਨ। ਬੀਤੇ ਦਿਨੀਂ 1695 ਉਮੀਦਵਾਰਾਂ ਨੇ ਆਪਣੇ ਨਾਮਜ਼ਦਗੀ ਪੱਤਰ ਵਾਪਸ ਲੈ ਲਏ ਸਨ। ਨਗਰ ਕੌਂਸਲ ਦੀ ਚੋਣ ਦੌਰਾਨ 41 ਉਮੀਦਵਾਰ ਬਿਨਾਂ ਮੁਕਾਬਲਾ ਜੇਤੂ ਰਹੇ ਹਨ। ਇਸੇ ਤਰ੍ਹਾਂ ਨਗਰ ਪ੍ਰੀਸ਼ਦ ਦੀ ਚੋਣ ਵਿਚ 866 ਉਮੀਦਵਾਰ ਚੋਣ ਮੈਦਾਨ ਵਿਚ ਰਹਿ ਗਏ ਹਨ। ਬੀਤੇ ਦਿਨੀਂ 312 ਉਮੀਦਵਾਰਾਂ ਨੇ ਆਪਣੇ ਨਾਮਜ਼ਦਗੀ ਪੱਤਰ ਵਾਪਸ ਲੈ ਲਏ ਸਨ ਅਤੇ 28 ਉਮੀਦਵਾਰ ਬਿਨਾਂ ਮੁਕਾਬਲਾ ਜੇਤੂ ਰਹੇ।

ਪੰਜਾਬ ਰਾਜ ਚੋਣ ਕਮਿਸ਼ਨ ਅਨੁਸਾਰ ਪੰਜਾਬ ਵਿਚ ਮਿਊਂਸੀਪਲ ਚੋਣਾਂ ਲਈ 10800 ਦੇ ਕਰੀਬ ਉਮੀਦਵਾਰਾਂ ਨੇ ਨਾਮਜ਼ਦਗੀ ਪੱਤਰ ਦਾਖਲ ਕੀਤੇ ਸਨ, ਜਦੋਂਕਿ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਤੋਂ ਬਾਅਦ 10096 ਉਮੀਦਵਾਰ ਚੋਣ ਮੈਦਾਨ ਵਿਚ ਰਹਿ ਗਏ। ਇਸ ਤੋਂ ਬਾਅਦ ਸੂਬੇ ਭਰ ਵਿਚ 2393 ਉਮੀਦਵਾਰਾਂ ਨੇ ਆਪਣੇ ਨਾਮਜ਼ਦਗੀ ਪੱਤਰ ਵਾਪਸ ਲੈ ਲਏ, ਹੁਣ ਅਖੀਰ ਵਿਚ 7623 ਉਮੀਦਵਾਰ ਚੋਣ ਮੈਦਾਨ ਵਿਚ ਨਿਤਰੇ ਹੋਏ ਹਨ।

ਨਾਮਜ਼ਦਗੀਆਂ ਵਾਪਸ ਲੈਣ ਦੀ ਪ੍ਰਕਿਰਿਆ ਮੁਕੰਮਲ ਹੋਣ ਤੋਂ ਬਾਅਦ ਸੂਬੇ ਦੇ ਵੱਖ-ਵੱਖ ਹਿੱਸਿਆਂ ਵਿਚੋਂ 79 ਉਮੀਦਵਾਰ ਬਿਨਾਂ ਕਿਸੇ ਮੁਕਾਬਲੇ ਦੇ ਨਿਰਵਿਰੋਧ (ਬਿਨਾਂ ਮੁਕਾਬਲਾ) ਚੁਣੇ ਗਏ ਹਨ। ਬਿਨਾਂ ਮੁਕਾਬਲਾ ਜਿੱਤ ਹਾਸਲ ਕਰਨ ਵਾਲੇ ਇਨ੍ਹਾਂ ਉਮੀਦਵਾਰਾਂ ਵਿਚੋਂ ਵੱਡੀ ਗਿਣਤੀ ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਨਾਲ ਸਬੰਧਤ ਦੱਸੀ ਜਾ ਰਹੀ ਹੈ।


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ
e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣ, also eBaba Entertainment App available for your ਸਮਾਰਟ phone on app store and Play store.



Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।





FOR SALE & PURCHASE OF ANY KIND OF PROPERTY




RE/MAX
Outstanding Agents
Outstanding Results®
DRE Lic. # 01215931 (Broker)

Gurjatinder S. Randhawa
REALTOR CA DRE licence # 01490567
916-320-9444

## ਦੁਬਈ 'ਚ ਉੱਡਦੇ ਜਹਾਜ਼ ਦੀ ਤਸਵੀਰ ਲੈਣਾ ਭਾਰਤੀ ਨੌਜਵਾਨ ਨੂੰ ਪਿਆ ਮਹਿੰਗਾ

### ਅਦਾਲਤ ਵੱਲੋਂ 10 ਸਾਲ ਦੀ ਸਖ਼ਤ ਸਜ਼ਾ

**ਯੂ.ਏ.ਈ., (ਪੰਜਾਬ ਮੇਲ)**- ਬਿਹਾਰ ਦੇ ਗੋਪਾਲਗੰਜ ਜ਼ਿਲ੍ਹੇ ਦੇ ਇੱਕ ਨੌਜਵਾਨ ਨੂੰ ਦੁਬਈ 'ਚ ਉੱਡਦੇ ਜਹਾਜ਼ ਦੀ ਤਸਵੀਰ ਲੈਣਾ ਅਤੇ ਉਸਨੂੰ ਸੋਸ਼ਲ ਮੀਡੀਆ 'ਤੇ ਪੋਸਟ ਕਰਨਾ ਬਹੁਤ ਮਹਿੰਗਾ ਪੈ ਗਿਆ ਹੈ। ਜਾਣਕਾਰੀ ਅਨੁਸਾਰ, ਨਗਰ ਥਾਣਾ ਖੇਤਰ ਦੇ ਰਫੀ ਇੰਦਰਵਾ ਪਿੰਡ ਦੇ ਰਹਿਣ ਵਾਲੇ ਵਸੀਮ ਅਕਰਮ ਨੂੰ ਦੁਬਈ ਦੀ ਇੱਕ ਅਦਾਲਤ ਨੇ ਇਸ ਮਾਮਲੇ ਵਿਚ 10 ਸਾਲ ਦੀ ਸਖ਼ਤ ਸਜ਼ਾ ਸੁਣਾਈ ਹੈ।

ਦੱਸਿਆ ਜਾ ਰਿਹਾ ਹੈ ਕਿ ਅਮਰੀਕਾ, ਇਜ਼ਰਾਈਲ ਅਤੇ ਈਰਾਨ ਵਿਚਾਲੇ ਚੱਲ ਰਹੇ ਤਣਾਅਪੂਰਨ ਹਾਲਾਤਾਂ ਦੌਰਾਨ ਵਸੀਮ ਨੇ ਅਣਜਾਣੇ ਵਿਚ ਆਪਣੇ ਮੋਬਾਈਲ ਫ਼ੋਨ ਨਾਲ ਇੱਕ ਉੱਡਦੇ ਜਹਾਜ਼ ਦੀ ਫੋਟੋ ਖਿੱਚ ਕੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਅਪਲੋਡ ਕਰ ਦਿੱਤੀ ਸੀ। ਵਸੀਮ ਨੂੰ ਦੁਬਈ ਦੇ 'ਰਸਲ ਖੇਮਾ ਰਮਸ' ਪੁਲਿਸ ਸਟੇਸ਼ਨ ਦੀ ਪੁਲਿਸ ਨੇ ਉਸ ਸਮੇਂ ਗ੍ਰਿਫਤਾਰ ਕੀਤਾ, ਜਦੋਂ ਉਹ ਨਮਾਜ਼ ਪੜ੍ਹਨ ਲਈ ਬਾਹਰ ਨਿਕਲਿਆ ਸੀ। ਉੱਥੋਂ ਦੀ ਅਦਾਲਤ ਨੇ ਇਸ ਕਾਰਵਾਈ ਨੂੰ ਦੇਸ਼ ਦੀ ਸੁਰੱਖਿਆ ਨਾਲ ਜੁੜਿਆ ਇੱਕ ਬਹੁਤ ਹੀ ਗੰਭੀਰ ਮਾਮਲਾ ਮੰਨਿਆ ਹੈ।

ਵਸੀਮ ਕਰੀਬ 22 ਮਹੀਨੇ ਪਹਿਲਾਂ ਰੁਜ਼ਗਾਰ ਦੇ ਸਿਲਸਿਲੇ ਵਿਚ ਦੁਬਈ ਗਿਆ ਸੀ ਅਤੇ ਉਹ ਆਪਣੇ ਪਰਿਵਾਰ ਦੇ ਗੁਜ਼ਾਰਾ ਚਲਾਉਣ ਲਈ ਉੱਥੋਂ ਪੈਸੇ ਭੇਜਦਾ ਸੀ। ਸਜ਼ਾ ਦੀ ਖ਼ਬਰ ਮਿਲਣ ਤੋਂ ਬਾਅਦ ਪਰਿਵਾਰ ਵਿਚ ਸੋਗ ਦਾ ਮਾਹੌਲ ਹੈ। ਪੀੜਤ ਪਰਿਵਾਰ ਨੇ ਗੋਪਾਲਗੰਜ ਦੇ ਜ਼ਿਲ੍ਹਾ ਮੈਜਿਸਟ੍ਰੇਟ ਨਾਲ ਮੁਲਾਕਾਤ ਕਰਕੇ ਆਪਣੇ ਪੁੱਤਰ ਦੀ ਭਾਰਤ ਵਾਪਸੀ ਲਈ ਮਦਦ ਦੀ ਗੁਹਾਰ ਲਗਾਈ ਹੈ।

ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਜ਼ਿਲ੍ਹਾ ਪ੍ਰਸ਼ਾਸਨ ਨੇ ਕੇਂਦਰੀ ਗ੍ਰਹਿ ਮੰਤਰਾਲੇ ਅਤੇ ਵਿਦੇਸ਼ ਮੰਤਰਾਲੇ ਨੂੰ ਸਾਰੀ ਜਾਣਕਾਰੀ ਭੇਜ ਦਿੱਤੀ ਹੈ। ਪ੍ਰਸ਼ਾਸਨ ਨੇ ਵਸੀਮ ਦੀ ਵਤਨ ਵਾਪਸੀ ਲਈ ਲੋੜੀਂਦੇ ਕਦਮ ਚੁੱਕਣ ਦੀ ਸਿਫਾਰਸ਼ ਕੀਤੀ ਹੈ। ਇਹ ਮਾਮਲਾ ਵਿਦੇਸ਼ ਜਾਣ ਵਾਲੇ ਨੌਜਵਾਨਾਂ ਲਈ ਇੱਕ ਸਬਕ ਹੈ ਕਿ ਦੂਜੇ ਦੇਸ਼ਾਂ ਦੇ ਸੁਰੱਖਿਆ ਨਿਯਮਾਂ ਦੀ ਅਣਦੇਖੀ ਕਿੰਨੀ ਘਾਤਕ ਹੋ ਸਕਦੀ ਹੈ।

## ਪਾਕਿਸਤਾਨ ਦੀ ਪੰਜਾਬ ਸਰਕਾਰ ਵੰਡ ਤੋਂ ਪਹਿਲਾਂ ਦੀ ਵਿਰਾਸਤ ਨੂੰ ਕਰੇਗੀ ਸੁਰਜੀਤ!



**ਲਾਹੌਰ, (ਪੰਜਾਬ ਮੇਲ)**- ਪਾਕਿਸਤਾਨ ਦੀ ਪੰਜਾਬ ਸਰਕਾਰ ਨੇ ਲਾਹੌਰ ਦੀਆਂ ਕਈ ਸੜਕਾਂ ਅਤੇ ਗਲੀਆਂ ਦੇ ਪੁਰਾਣੇ ਨਾਂ ਬਹਾਲ ਕਰਨ ਦੀ ਯੋਜਨਾ ਨੂੰ ਮਨਜ਼ੂਰੀ ਦੇ ਦਿੱਤੀ ਹੈ, ਜਿਸ ਦਾ ਮਕਸਦ ਸ਼ਹਿਰ ਦੀ ਵੰਡ ਤੋਂ ਪਹਿਲਾਂ ਦੀ ਵਿਰਾਸਤ ਨੂੰ ਸੁਰਜੀਤ ਕਰਨਾ ਹੈ।

ਪਿਛਲੇ ਦਹਾਕਿਆਂ ਦੌਰਾਨ ਲਾਹੌਰ ਦੀਆਂ ਕਈ ਇਤਿਹਾਸਕ ਸੜਕਾਂ, ਗਲੀਆਂ ਅਤੇ ਰਸਤਿਆਂ ਦੇ ਨਾਂ ਬਦਲ ਦਿੱਤੇ ਗਏ ਸਨ, ਜਿਸ ਤਹਿਤ ਬਰਤਾਨਵੀ ਕਾਲ ਅਤੇ ਹਿੰਦੂ ਨਾਵਾਂ ਦੀ ਥਾਂ ਇਸਲਾਮੀ, ਪਾਕਿਸਤਾਨੀ ਜਾਂ ਸਥਾਨਕ ਹਸਤੀਆਂ ਦੇ ਨਾਂ ਰੱਖ ਦਿੱਤੇ ਗਏ ਸਨ। ਪੰਜਾਬ ਸਰਕਾਰ ਦੇ ਅਧਿਕਾਰੀ ਨੇ ਦੱਸਿਆ, "ਕੁਝ ਦਿਨ ਪਹਿਲਾਂ ਮੁੱਖ ਮੰਤਰੀ ਮਰੀਅਮ ਨਵਾਜ਼ ਦੀ ਪ੍ਰਧਾਨਗੀ ਹੇਠ ਹੋਈ ਪੰਜਾਬ ਕੈਬਨਿਟ ਦੀ ਮੀਟਿੰਗ ਵਿਚ ਲਾਹੌਰ ਅਤੇ ਇਸ ਦੇ ਨੇੜਲੇ ਇਲਾਕਿਆਂ ਦੀਆਂ ਵੱਖ-ਵੱਖ ਸੜਕਾਂ ਅਤੇ ਗਲੀਆਂ ਦੇ ਅਸਲ ਤੇ ਇਤਿਹਾਸਕ ਨਾਂ ਬਹਾਲ ਕਰਨ ਦੀ ਯੋਜਨਾ ਨੂੰ ਮਨਜ਼ੂਰੀ ਦਿੱਤੀ ਗਈ ਸੀ।" ਉਨ੍ਹਾਂ ਕਿਹਾ ਕਿ ਇਹ ਫ਼ੈਸਲਾ ਇਸ ਇਤਿਹਾਸਕ ਸ਼ਹਿਰ ਦੀ ਸੱਭਿਆਚਾਰਕ ਪਛਾਣ ਅਤੇ ਵਿਰਾਸਤ ਨੂੰ ਸੁਰਜੀਤ ਕਰਨ ਲਈ ਲਿਆ ਗਿਆ ਹੈ। ਲਾਹੌਰ ਦੀਆਂ ਜਿਨ੍ਹਾਂ ਇਤਿਹਾਸਕ ਸੜਕਾਂ ਤੇ ਗਲੀਆਂ ਦੇ ਨਾਂ ਪਿਛਲੀਆਂ ਸਰਕਾਰਾਂ ਨੇ ਬਦਲੇ ਸਨ, ਉਨ੍ਹਾਂ ਵਿਚ ਕੁਈਨਜ਼ ਰੋਡ, ਜੇਲ੍ਹ ਰੋਡ, ਡੇਵਿਸ ਰੋਡ, ਲਾਰੈਂਸ ਰੋਡ, ਐਂਪਰੈੱਸ ਰੋਡ, ਕ੍ਰਿਸ਼ਨ ਨਗਰ, ਸੰਤਨਗਰ, ਧਰਮਪੁਰਾ, ਬ੍ਰੈਂਡਰਥ ਰੋਡ, ਰਾਮ ਗਲੀ, ਟੈਂਪਲ ਸਟ੍ਰੀਟ, ਲਕਸ਼ਮੀ ਚੌਕ, ਜੈਨ ਮੰਦਰ ਰੋਡ, ਕੁਮਹਾਰਪੁਰਾ, ਮੋਹਨ ਲਾਲ ਬਾਜ਼ਾਰ, ਸੁੰਦਰ ਦਾਸ ਰੋਡ, ਭਗਵਾਨਪੁਰਾ, ਸ਼ਾਂਤੀ ਨਗਰ ਅਤੇ ਆਊਟਫਾਲ ਰੋਡ ਸ਼ਾਮਲ ਹਨ। ਨਵਾਜ਼ ਸ਼ਰੀਫ਼ ਨੇ ਮਿੰਟੋ ਪਾਰਕ (ਗ੍ਰੇਟਰ ਇਕਬਾਲ ਪਾਰਕ) 'ਚ ਤਿੰਨ ਕ੍ਰਿਕਟ ਮੈਦਾਨਾਂ ਅਤੇ ਰਵਾਇਤੀ 'ਅਖਾੜੇ' ਨੂੰ ਵੀ ਬਹਾਲ ਕਰਨ ਦੀ ਤਜਵੀਜ਼ ਦਿੱਤੀ ਹੈ।

ਉਨ੍ਹਾਂ ਦੇ ਭਰਾ ਅਤੇ ਮੌਜੂਦਾ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਨੂੰ 2015 ਵਿਚ ਪੰਜਾਬ ਦੇ ਮੁੱਖ ਮੰਤਰੀ ਵਜੋਂ ਆਪਣੇ ਕਾਰਜਕਾਲ ਦੌਰਾਨ ਸ਼ਹਿਰੀ ਵਿਕਾਸ ਪ੍ਰੋਗਰਾਮ ਤਹਿਤ ਤਿੰਨ ਇਤਿਹਾਸਕ ਕ੍ਰਿਕਟ ਮੈਦਾਨਾਂ, ਕ੍ਰਿਕਟ ਕਲੱਬਾਂ ਦੇ ਖੇਤਰਾਂ ਅਤੇ ਕੁਸ਼ਤੀ ਅਖਾੜੇ ਨੂੰ ਢਾਹੁਣ ਲਈ ਭਾਰੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਸੀ।

## ਮਾਲਦੀਵ 'ਚ ਸਮੁੰਦਰ ਹੇਠਾਂ ਮੌਜੂਦ ਗੁਫਾਵਾਂ ਦੀ ਖੋਜ ਦੌਰਾਨ ਇਟਲੀ ਦੇ 5 ਗੋਤਾਖੋਰਾਂ ਦੀ ਮੌਤ

**ਮਾਲਦੀਵ, (ਪੰਜਾਬ ਮੇਲ)**- ਮਾਲਦੀਵ ਦੇ ਵਾਵੂ ਐਟੋਲ 'ਚ ਸਮੁੰਦਰ ਹੇਠਾਂ ਮੌਜੂਦ ਗੁਫਾਵਾਂ ਦੀ ਖੋਜ ਦੌਰਾਨ ਇਟਲੀ ਦੇ ਪੰਜ ਗੋਤਾਖੋਰਾਂ ਦੀ ਮੌਤ ਹੋ ਗਈ। ਸਥਾਨਕ ਅਧਿਕਾਰੀਆਂ ਨੇ ਇਸਨੂੰ ਮਾਲਦੀਵ ਦੇ ਇਤਿਹਾਸ ਦਾ ਸਭ ਤੋਂ ਵੱਡਾ ਡਾਈਵਿੰਗ ਹਾਦਸਾ ਦੱਸਿਆ ਹੈ। ਸਾਰੇ ਗੋਤਾਖੋਰ ਕਰੀਬ 50 ਮੀਟਰ ਦੀ ਡੂੰਘਾਈ 'ਚ ਮੌਜੂਦ ਅੰਡਰਵਾਟਰ ਗੁਫਾਵਾਂ ਦੀ ਜਾਂਚ ਲਈ ਗਏ ਸਨ, ਪਰ ਵਾਪਸ ਨਹੀਂ ਪਰਤ ਸਕੇ। ਹੁਣ ਤੱਕ ਸਿਰਫ਼ ਇੱਕ ਲਾਸ਼ ਬਰਾਮਦ ਕੀਤੀ ਗਈ ਹੈ। ਖ਼ਰਾਬ ਮੌਸਮ ਤੇ ਸਮੁੰਦਰ ਦੀਆਂ ਕਠਿਨ ਪ੍ਰਸਥਿਤੀਆਂ ਕਾਰਨ ਬਚਾਅ ਅਭਿਆਨ 'ਚ ਪ੍ਰੇਸ਼ਾਨੀ ਆ ਰਹੀ ਹੈ। ਅਧਿਕਾਰੀਆਂ ਦਾ ਮੰਨਣਾ ਹੈ ਕਿ ਬਾਕੀ ਚਾਰ ਗੋਤਾਖੋਰਾਂ ਦੀਆਂ ਲਾਸ਼ਾਂ ਹੁਣ ਵੀ ਗੁਫਾ ਦੇ ਅੰਦਰ ਹੋ ਸਕਦੀਆਂ ਹਨ। ਸਰਚ ਆਪ੍ਰੇਸ਼ਨ ਸ਼ਨੀਵਾਰ ਨੂੰ ਫਿਰ ਸ਼ੁਰੂ ਕੀਤਾ ਜਾਵੇਗਾ। ਮਾਲਦੀਵ ਸਰਕਾਰ ਨੇ ਮ੍ਰਿਤਕਾਂ ਦੀ ਪਛਾਣ ਮੋਨਿਕਾ ਮੋਂਟੇਫਾਲਕੋਨੇ, ਜੌਰਜੀਆ ਸੋਮਾਕਾਲ, ਫੇਡੇਰਿਕੋ ਗੁਆਲਤੀਏਰੀ, ਮਿਊਰੀਅਲ ਓਡੇਨਿਨੋ ਤੇ ਜਿਆਨਲੁਕਾ ਬੇਨੇਡੇਟੀ ਦੇ ਰੂਪ 'ਚ ਕੀਤੀ ਹੈ। ਇਹ ਟੀਮ 'ਡਿਊਕ ਆਫ ਯਾਰਕ' ਨਾਮ ਦੀ ਬੇੜੀ ਰਾਹੀਂ ਸਮੁੰਦਰ 'ਚ ਗਈ ਸੀ। ਰਿਪੋਰਟਾਂ ਮੁਤਾਬਕ ਪੰਜ ਵਿਚੋਂ ਘੱਟੋ-ਘੱਟ ਚਾਰ ਗੋਤਾਖੋਰ ਇਟਲੀ ਦੀ ਯੂਨੀਵਰਸਿਟੀ ਆਫ ਜੇਨੋਵਾ ਨਾਲ ਜੁੜੇ ਸਨ। ਜਿਆਨਲੁਕਾ ਬੇਨੇਡੇਟੀ ਬੋਟ ਆਪ੍ਰੇਸ਼ਨ ਮੈਨੇਜਰ ਸਨ ਤੇ ਉਨ੍ਹਾਂ ਦੀ ਲਾਸ਼ ਹੀ ਹੁਣ ਤੱਕ ਬਰਾਮਦ ਹੋ ਪਾਈ ਹੈ। ਮੋਨਿਕਾ ਮੋਂਟੇਫਾਲਕੋਨੇ ਮਰੀਨ ਬਾਇਓਲੋਜਿਸਟ (ਸਮੁੰਦਰੀ ਜੀਵ ਵਿਗਿਆਨੀ) ਸਨ ਤੇ ਯੂਨੀਵਰਸਿਟੀ ਆਫ ਜੇਨੋਵਾ 'ਚ ਟ੍ਰੋਪੀਕਲ ਮਰੀਨ ਇਕੋਲੋਜੀ ਤੇ ਅੰਡਰਵਾਟਰ ਸਾਇੰਸ ਦੀ ਪ੍ਰੋਫੈਸਰ ਸਨ। ਉਹ ਮਾਲਦੀਵ 'ਚ ਚੱਲ ਰਹੇ ਇੱਕ ਆਈਲੈਂਡ ਮੋਨੀਟਰਿੰਗ ਅਭਿਆਨ ਦੀ ਵਿਗਿਆਨਕ ਨਿਰਦੇਸ਼ਕ ਵੀ ਸਨ।

ਉਨ੍ਹਾਂ ਦੀ ਬੇਟੀ ਜੌਰਜੀਆ ਸੋਮਾਕਾਲ ਨੂੰ ਵੀ ਸਮੁੰਦਰ ਅਤੇ ਡਾਈਵਿੰਗ 'ਚ ਦਿਲਚਸਪੀ ਸੀ। ਉਨ੍ਹਾਂ ਬਾਇਓਮੈਡੀਕਲ ਇੰਜੀਨੀਅਰਿੰਗ ਦੀ ਪੜ੍ਹਾਈ ਕੀਤੀ ਸੀ। ਉੱਥੇ ਹੀ 31 ਸਾਲਾ ਮਿਊਰੀਅਲ ਓਡੇਨਿਨੋ ਮਰੀਨ ਬਾਇਓਲੋਜਿਸਟ ਤੇ ਇਕੋਲੋਜਿਸਟ ਸਨ। ਫੇਡੇਰਿਕੋ ਗੁਆਲਤੀਏਰੀ ਨੇ ਹਾਲ ਹੀ 'ਚ ਮਰੀਨ ਬਾਇਓਲੋਜੀ ਤੇ ਇਕੋਲੋਜੀ 'ਚ ਡਿਗਰੀ ਪੂਰੀ ਕੀਤੀ ਸੀ ਤੇ ਉਹ ਪ੍ਰਮਾਣਿਤ ਸਕੂਬਾ ਡਾਈਵਿੰਗ ਇੰਸਟ੍ਰਕਟਰ ਵੀ ਸਨ। ਬਚਾਅ ਅਧਿਕਾਰੀਆਂ ਅਨੁਸਾਰ, ਬੇਨੇਡੇਟੀ ਦੀ ਲਾਸ਼ ਅੰਡਰਵਾਟਰ ਗੁਫਾ ਦੇ ਪ੍ਰਵੇਸ਼ ਦੁਆਰ ਨੇੜੇ ਮਿਲੀ। ਬਾਕੀ ਗੋਤਾਖੋਰਾਂ ਦੇ ਅੰਦਰ ਫਸੇ ਹੋਣ ਦੀ ਆਸ਼ੰਕਾ ਹੈ। ਜਿਹੜੀ ਗੁਫਾ 'ਚ ਟੀਮ ਗਈ ਸੀ, ਉਸ ਵਿਚ ਤਿੰਨ ਵੱਡੇ ਚੈਂਬਰਸ ਹਨ, ਜੋ ਪਤਲੇ ਰਸਤਿਆਂ ਨਾਲ ਜੁੜੇ ਹੋਏ ਹਨ। ਰੈਸਕਿਊ ਟੀਮ ਹੁਣ ਤੱਕ ਦੋ ਚੈਂਬਰਸ ਦੀ ਤਲਾਸ਼ੀ ਲੈ ਚੁੱਕੀ ਹੈ। ਹਾਲਾਂਕਿ, ਡਾਈਵਿੰਗ ਦੀ ਸੁਰੱਖਿਅਤ ਸਮਾਂ ਸੀਮਾ ਤੇ ਖ਼ਰਾਬ ਮੌਸਮ ਕਾਰਨ ਅਭਿਆਨ ਸੀਮਤ ਰੱਖਣਾ ਪਿਆ। ਅੱਠ ਗੋਤਾਖੋਰਾਂ ਨੇ ਸਰਚ ਆਪ੍ਰੇਸ਼ਨ 'ਚ ਹਿੱਸਾ ਲਿਆ, ਪਰ ਮੌਸਮ ਵਿਗੜਨ ਤੋਂ ਬਾਅਦ ਮਿਸ਼ਨ ਰੋਕਣਾ ਪਿਆ। ਇਸੇ ਵਿਚਾਲੇ ਇਟਲੀ ਸਰਕਾਰ ਨੇ ਕਿਹਾ ਹੈ ਕਿ ਉਹ 'ਡਾਈਵਰਸ ਅਲਰਟ ਨੈੱਟਵਰਕ' ਨਾਮਕ ਮਾਹਰ ਸੰਸਥਾ ਦੇ ਨਾਲ ਮਿਲ ਕੇ ਲਾਸ਼ਾਂ ਨੂੰ ਵਾਪਸ ਲਿਆਉਣ ਦੀ ਪ੍ਰਕਿਰਿਆ 'ਤੇ ਕੰਮ ਕਰ ਰਹੀ ਹੈ।

## ਬੈਂਕਾਕ 'ਚ ਰੇਲਗੱਡੀ ਦੀ ਬੱਸ ਨਾਲ ਟੱਕਰ ਦੌਰਾਨ 8 ਲੋਕਾਂ ਦੀ ਮੌਤ; 25 ਜ਼ਖਮੀ

**ਬੈਂਕਾਕ, (ਪੰਜਾਬ ਮੇਲ)**- ਬੈਂਕਾਕ 'ਚ ਇੱਕ ਰੇਲਗੱਡੀ ਦੀ ਟੱਕਰ ਵਿਚ ਅੱਠ ਲੋਕਾਂ ਦੀ ਮੌਤ ਹੋ ਗਈ। ਟੱਕਰ ਤੋਂ ਬਾਅਦ ਲੱਗੀ ਅੱਗ ਨੇ ਇੱਕ ਬੱਸ ਨੂੰ ਆਪਣੀ ਲਪੇਟ ਵਿਚ ਲੈ ਲਿਆ, ਜਿਸ ਵਿਚ ਅੱਠ ਲੋਕਾਂ ਦੀ ਮੌਤ ਹੋ ਗਈ ਅਤੇ 25 ਜ਼ਖ਼ਮੀ ਹੋ ਗਏ। ਪੁਲਿਸ ਨੇ ਦੱਸਿਆ ਕਿ ਅੱਗ ਲੱਗਣ ਕਾਰਨ ਬੱਸ ਅਤੇ ਨੇੜਲੇ ਵਾਹਨਾਂ ਨੂੰ ਆਪਣੀ ਲਪੇਟ ਵਿਚ ਲੈ ਲਿਆ ਗਿਆ, ਜਿਸ ਤੋਂ ਬਾਅਦ ਅੱਗ ਬੁਝਾਊ ਦਸਤੇ ਅਤੇ ਬਚਾਅ ਟੀਮਾਂ ਮੌਕੇ 'ਤੇ ਪਹੁੰਚ ਗਈਆਂ। ਪੁਲਿਸ ਨੇ ਦੱਸਿਆ ਕਿ ਟੱਕਰ 'ਚ ਇੱਕ ਰੇਲਗੱਡੀ, ਬੱਸ, ਕਾਰਾਂ ਅਤੇ ਮੋਟਰਸਾਈਕਲ ਸ਼ਾਮਲ ਸਨ। ਅਧਿਕਾਰੀਆਂ ਨੇ ਕਿਹਾ ਕਿ ਬਚਾਅ ਟੀਮਾਂ ਮਲਬੇ ਹੇਠੋਂ ਜ਼ਖਮੀਆਂ ਨੂੰ ਕੱਢਣ ਦੀ ਕੋਸ਼ਿਸ਼ ਕਰ ਰਹੀਆਂ ਸਨ, ਜਦੋਂ ਕਿ ਫਾਇਰਫਾਈਟਰਾਂ ਨੇ ਅੱਗ 'ਤੇ ਕਾਬੂ ਪਾ ਲਿਆ। ਐਮਰਜੈਂਸੀ ਕਰਮਚਾਰੀਆਂ ਦੁਆਰਾ ਇੱਕ ਵਿਆਪਕ ਮੁਹਿੰਮ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ ਗਿਆ। ਬਚਾਅ ਅਧਿਕਾਰੀਆਂ ਨੇ ਕਿਹਾ ਕਿ ਟੀਮਾਂ ਖੇਤਰ ਵਿੱਚ ਕੂਲਿੰਗ ਆਪ੍ਰੇਸ਼ਨ ਜਾਰੀ ਰੱਖ ਰਹੀਆਂ ਹਨ, ਜਦੋਂ ਕਿ ਨੁਕਸਾਨੇ ਗਏ ਵਾਹਨਾਂ ਵਿਚ ਹੋਰ ਪੀੜਤਾਂ ਦੀ ਭਾਲ ਕਰ ਰਹੀਆਂ ਹਨ।

ਅੱਗ ਲੱਗਣ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ। ਪੁਲਿਸ ਨੇ ਹਾਦਸੇ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਂਚਕਰਤਾ ਘਟਨਾ ਵਾਲੀ ਥਾਂ ਦੀ ਜਾਂਚ ਕਰ ਰਹੇ ਹਨ ਅਤੇ ਘਾਤਕ ਟੱਕਰ ਨਾਲ ਸਬੰਧਤ ਸਬੂਤ ਇਕੱਠੇ ਕਰ ਰਹੇ ਹਨ।

## ਆਲਮੀ ਤਪਸ਼ ਕਾਰਨ ਦੁਨੀਆਂ ਭਰ ਦੇ ਦਰਿਆਵਾਂ 'ਚ ਘੱਟਣ ਲੱਗੀ ਆਕਸੀਜਨ!

**ਨਵੀਂ ਦਿੱਲੀ, (ਪੰਜਾਬ ਮੇਲ)**- ਧਰਤੀ ਦੇ ਵਧ ਰਹੇ ਤਾਪਮਾਨ ਭਾਵ ਆਲਮੀ ਤਪਸ਼ ਕਾਰਨ ਦੁਨੀਆ ਭਰ ਦੇ ਦਰਿਆਵਾਂ 'ਚ ਆਕਸੀਜਨ ਦਾ ਪੱਧਰ ਹੌਲੀ-ਹੌਲੀ ਘੱਟ ਰਿਹਾ ਹੈ, ਜਿਸ ਕਾਰਨ ਮੱਛੀਆਂ ਅਤੇ ਪਾਣੀ ਵਾਲੇ ਹੋਰ ਜੀਵਾਂ ਦੀ ਜ਼ਿੰਦਗੀ ਖ਼ਤਰੇ ਵਿਚ ਪੈ ਗਈ ਹੈ।




'ਸਾਇੰਸ ਐਡਵਾਂਸਿਜ਼' ਰਸਾਲੇ ਵਿਚ ਪ੍ਰਕਾਸ਼ਿਤ ਨਵੇਂ ਅਧਿਐਨ ਮੁਤਾਬਕ ਸਾਲ 1985 ਤੋਂ ਹੁਣ ਤੱਕ ਦੁਨੀਆਂ ਭਰ ਦੇ ਦਰਿਆਵਾਂ ਵਿਚ ਆਕਸੀਜਨ ਦੇ ਪੱਧਰ ਵਿਚ ਔਸਤਨ 2.1 ਫ਼ੀਸਦੀ ਦੀ ਗਿਰਾਵਟ ਆਈ ਹੈ। ਚੀਨ ਦੇ ਖੋਜੀਆਂ ਨੇ ਸੈਟੇਲਾਈਟ ਅਤੇ ਮਸਨੂਈ ਬੌਧਿਕਤਾ (ਏ.ਆਈ.) ਦੀ ਮਦਦ ਨਾਲ ਸੰਸਾਰ ਭਰ ਦੇ 21 ਹਜ਼ਾਰ ਤੋਂ ਵੱਧ ਦਰਿਆਵਾਂ ਦਾ ਅਧਿਐਨ ਕਰਕੇ ਇਹ ਚਿੰਤਾਜਨਕ ਨਤੀਜਾ ਕੱਢਿਆ ਹੈ। ਵਿਗਿਆਨੀਆਂ ਮੁਤਾਬਕ ਰਸਾਇਣ ਵਿਗਿਆਨ ਦਾ ਨਿਯਮ ਹੈ ਕਿ ਗਰਮ ਪਾਣੀ ਵਿਚ ਆਕਸੀਜਨ ਰੋਕਣ ਦੀ ਸਮਰੱਥਾ ਘੱਟ ਹੁੰਦੀ ਹੈ। ਇਨਸਾਨੀ ਸਰਗਰਮੀਆਂ ਕਾਰਨ ਹੋ ਰਹੇ ਜਲਵਾਯੂ ਪਰਿਵਰਤਨ ਕਰਕੇ ਜਦੋਂ ਪਾਣੀ ਗਰਮ ਹੁੰਦਾ ਹੈ, ਤਾਂ ਇਹ ਆਕਸੀਜਨ ਨੂੰ ਵਾਯੂਮੰਡਲ ਵਿਚ ਛੱਡ ਦਿੰਦਾ ਹੈ। ਜੇ ਆਕਸੀਜਨ ਘਟਣ ਦੀ ਇਹ ਰਫ਼ਤਾਰ ਇਸੇ ਤਰ੍ਹਾਂ ਜਾਰੀ ਰਹੀ, ਤਾਂ ਸਦੀ ਦੇ ਅੰਤ ਤੱਕ ਦਰਿਆਵਾਂ ਵਿਚ 4 ਤੋਂ 5 ਫ਼ੀਸਦੀ ਤੱਕ ਆਕਸੀਜਨ ਹੋਰ ਘੱਟ ਜਾਵੇਗੀ। ਚੀਨੀ ਅਕੈਡਮੀ ਆਫ਼ ਸਾਇੰਸਿਜ਼ ਦੇ ਵਾਤਾਵਰਨ ਵਿਗਿਆਨੀ ਸ਼ੀ ਗੁਆਨ ਨੇ ਖ਼ਬਰਦਾਰ ਕੀਤਾ ਹੈ ਕਿ ਆਕਸੀਜਨ ਦੀ ਘਾਟ ਕਾਰਨ ਦਰਿਆਵਾਂ ਵਿਚ 'ਡੈੱਡ ਜ਼ੋਨ' ਬਣ ਸਕਦੇ ਹਨ। ਇਸ ਨਾਲ ਜੈਵ ਵੰਨ-ਸੁਵੰਨਤਾ ਦਾ ਨੁਕਸਾਨ ਹੁੰਦਾ ਹੈ ਅਤੇ ਪਾਣੀ ਦੀ ਗੁਣਵੱਤਾ ਵੀ ਖ਼ਰਾਬ ਹੋ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਸ ਦਾ ਅਸਰ ਇਨਸਾਨਾਂ 'ਤੇ ਵੀ ਪੈਂਦਾ ਹੈ। ਐਰੀਜ਼ੋਨਾ ਯੂਨੀਵਰਸਿਟੀ ਦੇ ਭੂ-ਵਿਗਿਆਨੀ ਕਾਰਲ ਫਲੈਸਾ ਮੁਤਾਬਕ ਲੂ ਦੌਰਾਨ ਇਹ ਸਮੱਸਿਆ ਹੋਰ ਵੀ ਗੰਭੀਰ ਹੋ ਜਾਂਦੀ ਹੈ।




ਗੁਰਜਤਿੰਦਰ ਸਿੰਘ ਰੰਧਾਵਾ
ਸੈਕਰਾਮੈਂਟੋ, ਕੈਲੀਫੋਰਨੀਆ
916-320-9444
ਪੰਜਾਬ ਮੇਲ USA



# 2026 ਫੀਫਾ ਵਰਲਡ ਕੱਪ

# ਇਮੀਗ੍ਰੇਸ਼ਨ ਸਖਤੀ, ਸੁਰੱਖਿਆ ਚਿੰਤਾਵਾਂ ਅਤੇ ਦੁਨੀਆਂ ਦੇ ਸਭ ਤੋਂ ਵੱਡੇ ਫੁੱਟਬਾਲ ਮੇਲੇ ਦੀ ਤਿਆਰੀ




ਦੁਨੀਆਂ ਦਾ ਸਭ ਤੋਂ ਵੱਡਾ ਖੇਡ ਮੇਲਾ ਮੰਨਿਆ ਜਾਣ ਵਾਲਾ ਫੀਫਾ ਵਰਲਡ ਕੱਪ 2026 ਇਸ ਵਾਰ ਕਈ ਮਾਅਨਿਆਂ ਵਿਚ ਇਤਿਹਾਸਕ ਹੋਣ ਜਾ ਰਿਹਾ ਹੈ। ਪਹਿਲੀ ਵਾਰ ਇਹ ਟੂਰਨਾਮੈਂਟ ਤਿੰਨ ਦੇਸ਼ਾਂ – ਸੰਯੁਕਤ ਰਾਜ ਅਮਰੀਕਾ, ਕੈਨੇਡਾ ਅਤੇ ਮੈਕਸੀਕੋ ਵਿਚ ਇਕੱਠੇ ਕਰਵਾਇਆ ਜਾ ਰਿਹਾ ਹੈ। ਫੁੱਟਬਾਲ ਜਾਂ ਸਾਕਰ ਦੀ ਇਹ ਮਹਾਕੁੰਭ ਸਿਰਫ਼ ਖੇਡਾਂ ਤੱਕ ਸੀਮਤ ਨਹੀਂ ਰਹੇਗੀ, ਸਗੋਂ ਇਮੀਗ੍ਰੇਸ਼ਨ, ਸੁਰੱਖਿਆ, ਅੰਤਰਰਾਸ਼ਟਰੀ ਰਾਜਨੀਤੀ, ਵੀਜ਼ਾ ਪ੍ਰਕਿਰਿਆ ਅਤੇ ਵਿਸ਼ਵ ਪੱਧਰੀ ਸੁਰੱਖਿਆ ਪ੍ਰਬੰਧਾਂ ਕਰਕੇ ਵੀ ਦੁਨੀਆਂ ਭਰ ਦੀ ਚਰਚਾ ਦਾ ਕੇਂਦਰ ਬਣੀ ਹੋਈ ਹੈ।

2026 ਫੀਫਾ ਵਰਲਡ ਕੱਪ 11 ਜੂਨ 2026 ਤੋਂ 19 ਜੁਲਾਈ 2026 ਤੱਕ ਲਗਭਗ 6 ਹਫ਼ਤਿਆਂ ਤੱਕ ਚੱਲੇਗਾ। ਇਸ ਵਾਰ ਪਹਿਲੀ ਵਾਰ 48 ਟੀਮਾਂ ਹਿੱਸਾ ਲੈਣਗੀਆਂ, ਜਦਕਿ ਪਹਿਲਾਂ ਇਹ ਗਿਣਤੀ 32 ਹੁੰਦੀ ਸੀ। ਕੁੱਲ 104 ਮੈਚ ਖੇਡੇ ਜਾਣਗੇ ਅਤੇ ਇਹ ਵਰਲਡ ਕੱਪ ਇਤਿਹਾਸ ਦਾ ਸਭ ਤੋਂ ਵੱਡਾ ਟੂਰਨਾਮੈਂਟ ਮੰਨਿਆ ਜਾ ਰਿਹਾ ਹੈ। ਫੀਫਾ ਨੂੰ ਉਮੀਦ ਹੈ ਕਿ ਟੂਰਨਾਮੈਂਟ ਦੌਰਾਨ ਲੱਖਾਂ ਵਿਦੇਸ਼ੀ ਦਰਸ਼ਕ ਉੱਤਰੀ ਅਮਰੀਕਾ ਪਹੁੰਚਣਗੇ ਅਤੇ ਅਰਬਾਂ ਲੋਕ ਟੀ.ਵੀ. ਅਤੇ ਡਿਜ਼ੀਟਲ ਪਲੇਟਫਾਰਮਾਂ ਰਾਹੀਂ ਮੈਚ ਦੇਖਣਗੇ।

ਟੂਰਨਾਮੈਂਟ ਦੇ ਜ਼ਿਆਦਾਤਰ ਮੈਚ ਅਮਰੀਕਾ ਵਿਚ ਹੋਣਗੇ। ਅਮਰੀਕਾ ਦੇ 11 ਸ਼ਹਿਰਾਂ ਵਿਚ ਮੈਚ ਖੇਡੇ ਜਾਣਗੇ, ਜਿਨ੍ਹਾਂ ਵਿਚ ਨਿਊਯਾਰਕ ਸਿਟੀ / ਨਿਊ ਜਰਸੀ, ਲਾਸ ਏਂਜਲਸ, ਮਿਆਮੀ, ਡੈਲਸ, ਹਿਊਸਟਨ, ਫਿਲਾਡੇਲਫੀਆ, ਸਿਆਟਲ, ਅਟਲਾਂਟਾ, ਕਨਸਾਸ ਸਿਟੀ, ਬੋਸਟਨ ਅਤੇ ਸਾਨ ਫਰਾਂਸਿਸਕੋ ਬੇਏਰੀਆ ਸ਼ਾਮਲ ਹਨ। ਕੈਨੇਡਾ ਦੇ ਟੋਰਾਂਟੋ ਅਤੇ ਵੈਨਕੂਵਰ ਵਿਚ ਵੀ ਮੈਚ ਹੋਣਗੇ, ਜਦਕਿ ਮੈਕਸੀਕੋ ਦੇ ਮੈਕਸੀਕੋ ਸਿਟੀ, ਗੁਆਡਾਲਜਾਰਾ ਅਤੇ ਮੋਂਟੇਰੀ ਵੀ ਮੇਜ਼ਬਾਨ ਬਣਨਗੇ। ਫਾਈਨਲ ਮੈਚ ਮੈਟਲਾਈਫ ਸਟੇਡੀਅਮ ਵਿਚ ਖੇਡਿਆ ਜਾਣਾ ਹੈ।



ਇਸ ਵਾਰ ਦਾ ਟੂਰਨਾਮੈਂਟ ਸਿਰਫ਼ ਖੇਡਾਂ ਕਰਕੇ ਹੀ ਨਹੀਂ, ਸਗੋਂ ਅਮਰੀਕਾ ਦੀਆਂ ਮੌਜੂਦਾ ਇਮੀਗ੍ਰੇਸ਼ਨ ਨੀਤੀਆਂ ਕਰਕੇ ਵੀ ਚਰਚਾ ਵਿਚ ਹੈ। ਅਮਰੀਕਾ ਵਿਚ ਇਮੀਗ੍ਰੇਸ਼ਨ ਕਾਰਵਾਈਆਂ, ਸਰਹੱਦੀ ਸਖ਼ਤੀ ਅਤੇ ICE ਦੀਆਂ ਰੇਡਾਂ ਨੂੰ ਲੈ ਕੇ ਕਾਫੀ ਚਰਚਾ ਚੱਲ ਰਹੀ ਹੈ। ਇਸ ਕਾਰਨ ਦੁਨੀਆਂ ਦੇ ਕਈ ਦੇਸ਼ਾਂ ਦੇ ਫੈਨਜ਼ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਨੇ ਚਿੰਤਾ ਜ਼ਾਹਿਰ ਕੀਤੀ ਸੀ ਕਿ ਕਿਤੇ ਵਰਲਡ ਕੱਪ ਦੌਰਾਨ ਵੀ ਇਮੀਗ੍ਰੇਸ਼ਨ ਏਜੰਸੀਆਂ ਸਖ਼ਤੀ ਨਾ ਕਰਨ।

ਕੁਝ ਮਹੀਨੇ ਪਹਿਲਾਂ ICE ਦੇ ਐਕਟਿੰਗ ਡਾਇਰੈਕਟਰ ਟੌਡ ਲਿਓਨਜ਼ ਨੇ ਕਿਹਾ ਸੀ ਕਿ ICE ਅਤੇ ਹੋਮਲੈਂਡ ਸਕਿਓਰਿਟੀ ਇਨਵੈਸਟੀਗੇਸ਼ਨ ਟੂਰਨਾਮੈਂਟ ਦੀ ਸੁਰੱਖਿਆ ਵਿਚ ਭੂਮਿਕਾ ਨਿਭਾਉਣਗੇ। ਇਸ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਇਹ ਚਰਚਾ ਤੇਜ਼ ਹੋ ਗਈ ਸੀ ਕਿ ਕੀ ਮੈਚਾਂ ਦੌਰਾਨ ਦਰਸ਼ਕਾਂ 'ਤੇ ਨਿਗਰਾਨੀ ਰੱਖੀ ਜਾਵੇਗੀ ਜਾਂ ਇਮੀਗ੍ਰੇਸ਼ਨ ਕਾਰਵਾਈ ਹੋ ਸਕਦੀ ਹੈ।

2026 ਫੀਫਾ ਵਰਲਡ ਕੱਪ ਦੌਰਾਨ ਦੁਨੀਆਂ ਭਰ ਤੋਂ ਲੱਖਾਂ ਫੈਨਜ਼ ਦੇ ਅਮਰੀਕਾ ਆਉਣ ਦੀ ਉਮੀਦ ਹੈ। ਇਸ ਕਾਰਨ ਅਮਰੀਕੀ ਸਰਕਾਰ ਪਹਿਲਾਂ ਹੀ ਵੀਜ਼ਾ ਪ੍ਰਕਿਰਿਆ ਨੂੰ ਤੇਜ਼ ਅਤੇ ਸੁਚੱਜਾ ਬਣਾਉਣ ਲਈ ਤਿਆਰੀ ਕਰ ਰਹੀ ਹੈ। ਖ਼ਾਸ ਕਰਕੇ ਉਹ ਦੇਸ਼ ਜਿੱਥੇ ਅਮਰੀਕੀ ਵੀਜ਼ਾ ਇੰਟਰਵਿਊ ਲਈ ਲੰਬਾ ਇੰਤਜ਼ਾਰ ਚੱਲਦਾ ਹੈ, ਉੱਥੇ ਵਾਧੂ ਸਟਾਫ਼ ਅਤੇ ਐਕਸਟਰਾ ਇੰਟਰਵਿਊ ਸਲਾਟ ਜੋੜੇ ਜਾ ਰਹੇ ਹਨ।

ਵਰਲਡ ਕੱਪ ਦੇਖਣ ਆਉਣ ਵਾਲੇ ਜ਼ਿਆਦਾਤਰ ਲੋਕਾਂ ਨੂੰ ਬੀ-1/ਬੀ-2 ਵਿਜ਼ਟਰ ਵੀਜ਼ਾ ਦੀ ਲੋੜ ਪਵੇਗੀ। ਇਹ ਟੂਰਿਸਟ ਅਤੇ ਬਿਜ਼ਨਸ ਵੀਜ਼ਾ ਕੈਟਾਗਰੀ ਹੈ, ਜਿਸਦੇ ਰਾਹੀਂ ਦਰਸ਼ਕ ਮੈਚਾਂ, ਟੂਰਿਜ਼ਮ ਅਤੇ ਛੋਟੀ ਮਿਆਦ ਵਾਲੀ ਯਾਤਰਾ ਲਈ ਅਮਰੀਕਾ ਆ ਸਕਦੇ ਹਨ। ਜਿਹੜੇ ਦੇਸ਼ ਵੀਜ਼ਾ ਛੋਟ ਪ੍ਰੋਗਰਾਮ (**Visa Waiver Program**) ਵਿਚ ਸ਼ਾਮਲ ਹਨ, ਉਨ੍ਹਾਂ ਦੇ ਕੁਝ ਨਾਗਰਿਕ ਈ.ਐੱਸ.ਟੀ.ਏ. ਮਨਜ਼ੂਰੀ ਨਾਲ ਵੀ ਯਾਤਰਾ ਕਰ ਸਕਣਗੇ।

ਅਮਰੀਕੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਵਰਲਡ ਕੱਪ ਟਿਕਟ ਹੋਣ ਨਾਲ ਆਪਣੇ ਆਪ ਵੀਜ਼ਾ ਨਹੀਂ ਮਿਲੇਗਾ। ਹਰ ਅਰਜ਼ੀਕਾਰ ਨੂੰ ਸਾਧਾਰਨ ਇਮੀਗ੍ਰੇਸ਼ਨ ਸਕ੍ਰੀਨਿੰਗ, ਬਾਇਓਮੈਟਰਿਕ ਜਾਂਚ ਅਤੇ ਬੈਕਗਰਾਊਂਡ ਵੈਰੀਫਿਕੇਸ਼ਨ ਵਿਚੋਂ ਲੰਘਣਾ ਪਵੇਗਾ। ਵੀਜ਼ਾ ਅਧਿਕਾਰੀ ਇਹ ਵੀ ਵੇਖਣਗੇ ਕਿ ਯਾਤਰੀ ਆਪਣੇ ਦੇਸ਼ ਨਾਲ ਮਜ਼ਬੂਤ ਸਬੰਧ ਰੱਖਦਾ ਹੈ ਜਾਂ ਨਹੀਂ ਅਤੇ ਕੀ ਉਹ ਟੂਰਨਾਮੈਂਟ ਤੋਂ ਬਾਅਦ ਵਾਪਸ ਜਾਵੇਗਾ।

ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਜਿਹੜੇ ਲੋਕ ਵਰਲਡ ਕੱਪ ਲਈ ਆਉਣਾ ਚਾਹੁੰਦੇ ਹਨ, ਉਹ ਘੱਟੋ-ਘੱਟ 6 ਤੋਂ 10 ਮਹੀਨੇ ਪਹਿਲਾਂ ਵੀਜ਼ਾ ਅਪਲਾਈ ਕਰਨ। ਕਈ ਦੇਸ਼ਾਂ ਵਿਚ ਇੰਟਰਵਿਊ ਵੈਟਿੰਗ ਟਾਈਮ ਕਾਫੀ ਲੰਬੀ ਹੋ ਸਕਦੀ ਹੈ। ਪਾਸਪੋਰਟ ਦੀ ਮਿਆਦ ਵੀ ਯਾਤਰਾ ਤੋਂ ਘੱਟੋ-ਘੱਟ 6 ਮਹੀਨੇ ਵੱਧ ਹੋਣੀ ਚਾਹੀਦੀ ਹੈ।

ਵੀਜ਼ਾ ਇੰਟਰਵਿਊ ਦੌਰਾਨ ਸੰਭਾਵਿਤ ਤੌਰ 'ਤੇ ਹੇਠ ਲਿਖੇ ਦਸਤਾਵੇਜ਼ਾਂ ਮੰਗੇ ਜਾ ਸਕਦੇ ਹਨ:

- ਵਰਲਡ ਕੱਪ ਮੈਚ ਟਿਕਟ ਜਾਂ ਬੁਕਿੰਗ ਪ੍ਰਮਾਣ
- ਹੋਟਲ ਜਾਂ ਰਹਿਣ ਦੀ ਬੁਕਿੰਗ
- ਬੈਂਕ ਸਟੇਟਮੈਂਟ ਅਤੇ ਵਿੱਤੀ ਸਬੂਤ
- ਨੌਕਰੀ ਜਾਂ ਕਾਰੋਬਾਰ ਦੇ ਦਸਤਾਵੇਜ਼
- ਰਿਟਰਨ ਟਿਕਟ ਜਾਂ ਯਾਤਰਾ ਯੋਜਨਾ
- ਪਿਛਲਾ ਟਰੈਵਲ ਰਿਕਾਰਡ।

ਅਮਰੀਕੀ ਸਰਕਾਰ ਇਹ ਵੀ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਵੱਡੀ ਗਿਣਤੀ ਵਿਚ ਆਉਣ ਵਾਲੇ ਪ੍ਰਸ਼ੰਸਕਾਂ ਕਾਰਨ ਏਅਰਪੋਰਟਾਂ 'ਤੇ ਜ਼ਿਆਦਾ ਭੀੜ ਨਾ ਬਣੇ। ਇਸ ਲਈ ਕਈ ਵੱਡੇ ਏਅਰਪੋਰਟਾਂ 'ਤੇ ਵਾਧੂ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਅਧਿਕਾਰੀ ਤਾਇਨਾਤ ਕੀਤੇ ਜਾਣਗੇ। ਚਿਹਰਾ ਪਛਾਣ ਤਕਨੀਕ, ਡਿਜ਼ੀਟਲ ਐਂਟਰੀ ਸਿਸਟਮ ਅਤੇ ਬਾਇਓਮੈਟਰਿਕ ਸਕੈਨਿੰਗ ਨੂੰ ਹੋਰ ਮਜ਼ਬੂਤ ਕੀਤਾ ਜਾ ਰਿਹਾ ਹੈ।

ਅਧਿਕਾਰੀਆਂ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਵੀਜ਼ਾ ਮਿਲਣ ਤੋਂ ਬਾਅਦ ਵੀ ਅੰਤਿਮ ਦਾਖਲਾ ਅਧਿਕਾਰ ਏਅਰਪੋਰਟ 'ਤੇ ਮੌਜੂਦ ਸੀ.ਬੀ.ਪੀ. ਅਫਸਰ ਕੋਲ ਹੁੰਦਾ ਹੈ। ਜੇਕਰ ਕਿਸੇ ਯਾਤਰੀ ਦੀ ਜਾਣਕਾਰੀ, ਯਾਤਰਾ ਮਕਸਦ ਜਾਂ ਦਸਤਾਵੇਜ਼ਾਂ ਵਿਚ ਗੜਬੜ ਮਿਲਦੀ ਹੈ, ਤਾਂ ਦਾਖਲਾ ਰੋਕਿਆ ਵੀ ਜਾ ਸਕਦਾ ਹੈ।

ਕਈ ਇਮੀਗ੍ਰੇਸ਼ਨ ਮਾਹਿਰਾਂ ਦਾ ਮੰਨਣਾ ਹੈ ਕਿ 2026 ਵਰਲਡ ਕੱਪ ਦੁਨੀਆਂ ਦੇ ਸਭ ਤੋਂ ਵੱਡੇ "ਵੀਜ਼ਾ ਅਤੇ ਬਾਰਡਰ ਮੈਨੇਜਮੈਂਟ ਟੈਸਟ" ਵਿਚੋਂ ਇੱਕ ਹੋਵੇਗਾ, ਕਿਉਂਕਿ ਇੱਕੋ ਸਮੇਂ ਵਿਚ ਲੱਖਾਂ ਲੋਕ ਉੱਤਰੀ ਅਮਰੀਕਾ ਵਿਚ ਯਾਤਰਾ ਕਰਨਗੇ।

2026 ਫੀਫਾ ਵਰਲਡ ਕੱਪ ਨੂੰ ਲੈ ਕੇ ICE (ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ) ਬਾਰੇ ਕਾਫੀ ਚਰਚਾ ਚੱਲ ਰਹੀ ਹੈ ਅਤੇ ਇਹ ਮਾਮਲਾ ਅੰਤਰਰਾਸ਼ਟਰੀ ਦਰਸ਼ਕਾਂ ਲਈ ਇੱਕ ਵੱਡੀ ਚਿੰਤਾ ਬਣਿਆ ਹੋਇਆ ਹੈ।

ਤਾਜ਼ਾ ਰਿਪੋਰਟਾਂ ਮੁਤਾਬਕ ਮਨੁੱਖੀ ਅਧਿਕਾਰ ਸੰਸਥਾਵਾਂ ਨੇ ਫੀਫਾ ਨੂੰ ਮੰਗ ਕੀਤੀ ਹੈ ਕਿ ਵਰਲਡ ਕੱਪ ਦੌਰਾਨ "**ICE Truce**" ਲਾਗੂ ਕੀਤਾ ਜਾਵੇ, ਜਿਸਦਾ ਮਤਲਬ ਇਹ ਹੈ ਕਿ ਮੈਚਾਂ, ਸਟੇਡੀਅਮਾਂ ਅਤੇ ਫੈਨ ਜ਼ੋਨਾਂ ਦੇ ਆਲੇ-ਦੁਆਲੇ ਇਮੀਗ੍ਰੇਸ਼ਨ ਕਾਰਵਾਈ ਨਾ ਕੀਤੀ ਜਾਵੇ।

ਹਿਊਮਨ ਰਾਈਟਸ ਵਾਚ ਅਤੇ ਹੋਰ ਗਰੁੱਪਾਂ ਦਾ ਕਹਿਣਾ ਹੈ ਕਿ ਅਮਰੀਕਾ ਦੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਕਾਰਨ ਕਈ ਵਿਦੇਸ਼ੀ ਫੈਨਜ਼ ਡਰੇ ਹੋਏ ਹਨ ਅਤੇ ਕੁਝ ਲੋਕ ਟੂਰਨਾਮੈਂਟ ਲਈ ਯਾਤਰਾ ਕਰਨ ਤੋਂ ਹਿਚਕਚਾ ਰਹੇ ਹਨ।

ਦੂਜੇ ਪਾਸੇ, ਅਮਰੀਕੀ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਨੇ ਸਪੱਸ਼ਟ ਕੀਤਾ ਹੈ ਕਿ ਜਿਹੜੇ ਲੋਕ ਕਾਨੂੰਨੀ ਤਰੀਕੇ ਨਾਲ ਵਰਲਡ ਕੱਪ ਦੇਖਣ ਆਉਣਗੇ, ਉਨ੍ਹਾਂ ਨੂੰ "ਚਿੰਤਾ ਕਰਨ ਦੀ ਲੋੜ ਨਹੀਂ।" ਡੀ.ਐੱਚ.ਐੱਸ. ਦੇ ਬਿਆਨ ਅਨੁਸਾਰ ICE ਦਾ ਧਿਆਨ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਲੋਕਾਂ 'ਤੇ ਹੋਵੇਗਾ, ਨਾ ਕਿ ਕਾਨੂੰਨੀ ਟੂਰਿਸਟਾਂ 'ਤੇ।

ਇੱਕ ਹੋਰ ਵੱਡੀ ਖਬਰ ਇਹ ਵੀ ਹੈ ਕਿ ਹੋਸਟ ਕਮੇਟੀਆਂ ਅਤੇ ਅਧਿਕਾਰੀਆਂ ਵੱਲੋਂ ਕਿਹਾ ਗਿਆ ਹੈ ਕਿ ICE ਏਜੰਟ ਸਟੇਡੀਅਮਾਂ ਦੇ ਅੰਦਰ ਜਾਂ ਮੈਚ ਵੇਨਿਊਜ਼ 'ਤੇ ਨਹੀਂ ਹੋਣਗੇ। ਮਿਆਮੀ ਹੋਸਟ ਕਮੇਟੀ ਨਾਲ ਜੁੜੇ ਅਧਿਕਾਰੀਆਂ ਨੇ ਕਿਹਾ ਕਿ ਇਹ ਖੇਡ ਮੇਲਾ ਹੈ, "ਇਮੀਗ੍ਰੇਸ਼ਨ ਐਨਫੋਰਸਮੈਂਟ ਆਪਰੇਸ਼ਨ ਨਹੀਂ।"

ਫਿਰ ਵੀ ਕੁਝ ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ ਏਅਰਪੋਰਟਾਂ, ਸਰਹੱਦੀ ਚੈੱਕਪੋਸਟਾਂ ਅਤੇ ਪਬਲਿਕ ਟਰਾਂਸਪੋਰਟ ਹੱਬ 'ਤੇ ਸਕ੍ਰੀਨਿੰਗ ਅਤੇ ਸੁਰੱਖਿਆ ਕਾਫੀ ਸਖ਼ਤ ਰਹੇਗੀ। ਖ਼ਾਸ ਕਰਕੇ ਬਾਇਓਮੈਟਰਿਕ ਜਾਂਚ, ਡਿਜ਼ੀਟਲ ਟਰੈਵਲ ਰਿਕਾਰਡ ਅਤੇ ਐਂਟਰੀ-ਐਗਜ਼ਿਟ ਮਾਨੀਟਰਿੰਗ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ।

ਕਈ ਟਰੈਵਲ ਅਤੇ ਹੋਟਲ ਉਦਯੋਗ ਗਰੁੱਪਾਂ ਨੇ ਵੀ ਚੇਤਾਵਨੀ ਦਿੱਤੀ ਹੈ ਕਿ ਵੀਜ਼ਾ ਦੇਰੀਆਂ, ਇਮੀਗ੍ਰੇਸ਼ਨ ਡਰ ਅਤੇ ਉੱਚੇ ਖਰਚੇ ਕਾਰਨ ਅੰਤਰਰਾਸ਼ਟਰੀ ਦਰਸ਼ਕਾਂ ਦੀ ਗਿਣਤੀ ਪ੍ਰਭਾਵਿਤ ਹੋ ਸਕਦੀ ਹੈ। ਕੁਝ ਅਮਰੀਕੀ ਹੋਸਟ ਸ਼ਹਿਰਾਂ ਵਿਚ ਹੋਟਲ ਬੁਕਿੰਗ ਉਮੀਦ ਤੋਂ ਘੱਟ ਦੱਸੀ ਜਾ ਰਹੀ ਹੈ।

ਇਸ ਵੇਲੇ ਤੱਕ ਕੋਈ ਅਧਿਕਾਰਕ ਐਲਾਨ ਨਹੀਂ ਹੋਇਆ ਕਿ ਵਰਲਡ ਕੱਪ ਦੌਰਾਨ ICE ਨੂੰ ਪੂਰੀ ਤਰ੍ਹਾਂ ਰੋਕ ਦਿੱਤਾ ਜਾਵੇਗਾ। ਪਰ ਦਬਾਅ ਲਗਾਤਾਰ ਵੱਧ ਰਿਹਾ ਹੈ ਕਿ ਫੀਫਾ ਅਤੇ ਅਮਰੀਕੀ ਸਰਕਾਰ ਵਿਦੇਸ਼ੀ ਫੈਨਜ਼ ਲਈ "ਸੁਰੱਖਿਅਤ ਅਤੇ ਡਰ-ਮੁਕਤ ਮਾਹੌਲ" ਯਕੀਨੀ ਬਣਾਉਣ।

ਪਰ ਹੁਣ ਅਮਰੀਕੀ ਅਧਿਕਾਰੀਆਂ ਅਤੇ ਹੋਸਟ ਕਮੇਟੀਆਂ ਵੱਲੋਂ ਸਪੱਸ਼ਟ ਕੀਤਾ ਗਿਆ ਹੈ ਕਿ ਸਟੇਡੀਅਮਾਂ ਵਿਚ ICE ਦੀ ਮੌਜੂਦਗੀ ਨਹੀਂ ਹੋਵੇਗੀ ਅਤੇ ਟੂਰਨਾਮੈਂਟ ਨੂੰ ਕਿਸੇ ਇਮੀਗ੍ਰੇਸ਼ਨ ਕਾਰਵਾਈ ਵਿਚ ਨਹੀਂ ਬਦਲਿਆ ਜਾਵੇਗਾ। ਮਿਆਮੀ ਹੋਸਟ ਕਮੇਟੀ ਦੇ ਕੋ-ਚੇਅਰ ਰੋਡਨੀ ਬੈਰੇਟੋ ਨੇ ਕਿਹਾ ਕਿ ਇਹ "ਲੋਕਾਂ ਨੂੰ ਫੜਨ ਜਾਂ ਗ੍ਰਿਫ਼ਤਾਰ ਕਰਨ" ਵਾਲਾ ਪ੍ਰੋਗਰਾਮ ਨਹੀਂ ਹੋਵੇਗਾ, ਸਗੋਂ ਇੱਕ ਖੇਡ ਮੇਲਾ ਹੋਵੇਗਾ, ਜਿੱਥੇ ਦੁਨੀਆਂ ਭਰ ਤੋਂ ਆਉਣ ਵਾਲੇ ਦਰਸ਼ਕਾਂ ਨੂੰ ਸੁਰੱਖਿਅਤ ਅਤੇ ਸੁਚੱਜਾ ਮਾਹੌਲ ਦਿੱਤਾ ਜਾਵੇਗਾ।

ਫਿਰ ਵੀ ਅਮਰੀਕੀ ਸਰਕਾਰ ਪੂਰੀ ਤਰ੍ਹਾਂ ਨਰਮ ਰਵੱਈਆ ਨਹੀਂ ਅਪਣਾ ਰਹੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਸੁਰੱਖਿਆ ਏਜੰਸੀਆਂ ਦੀ ਨਿਗਰਾਨੀ ਜਾਰੀ ਰਹੇਗੀ, ਖ਼ਾਸ ਕਰਕੇ ਮਨੁੱਖੀ ਤਸਕਰੀ, ਅੱਤਵਾਦ, ਜਾਲਸਾਜ਼ੀ, ਨਕਲੀ ਟਿਕਟਾਂ ਅਤੇ ਅੰਤਰਰਾਸ਼ਟਰੀ ਅਪਰਾਧਾਂ ਨੂੰ ਰੋਕਣ ਲਈ। ਕਈ ਸੁਰੱਖਿਆ ਮਾਹਿਰ ਮੰਨਦੇ ਹਨ ਕਿ ਇੰਨੇ ਵੱਡੇ ਟੂਰਨਾਮੈਂਟ ਦੌਰਾਨ "ਸਾਫਟ ਟਾਰਗੇਟ" ਜਿਵੇਂ ਹੋਟਲ, ਮੈਟਰੋ ਸਟੇਸ਼ਨ, ਫੈਨ ਜ਼ੋਨ ਅਤੇ ਟਰਾਂਸਪੋਰਟ ਹੱਬ ਸਭ ਤੋਂ ਵੱਡੀ ਚੁਣੌਤੀ ਹੋ ਸਕਦੇ ਹਨ।

ਸੁਰੱਖਿਆ ਦੇ ਨਵੇਂ ਖ਼ਤਰਿਆਂ ਵਿਚ ਡਰੋਨ ਹਮਲੇ, ਸਾਇਬਰ ਅਟੈਕ, ਏ.ਆਈ. ਰਾਹੀਂ ਫਰਜ਼ੀ ਵੀਡੀਓ ਅਤੇ ਡਿਜ਼ੀਟਲ ਟਿਕਟ ਸਕੈਮ ਵੀ ਸ਼ਾਮਲ ਹੋ ਗਏ ਹਨ। ਅਮਰੀਕੀ ਏਜੰਸੀਆਂ ਨੇ ਪਹਿਲਾਂ ਹੀ ਕਈ ਸਟੇਡੀਅਮਾਂ ਦੇ ਆਲੇ-ਦੁਆਲੇ "ਨੋ ਡਰੋਨ ਜ਼ੋਨਸ" ਬਣਾਉਣ ਦੀ ਯੋਜਨਾ ਤਿਆਰ ਕਰ ਲਈ ਹੈ। ਸਾਇਬਰ ਸੁਰੱਖਿਆ ਮਾਹਿਰਾਂ ਦਾ ਮੰਨਣਾ ਹੈ ਕਿ ਹੈਕਰ ਫੈਨ ਡਾਟਾ, ਆਨਲਾਈਨ ਟਿਕਟ ਸਿਸਟਮ ਅਤੇ ਹੋਟਲ ਬੁਕਿੰਗ ਪਲੇਟਫਾਰਮਾਂ ਨੂੰ ਨਿਸ਼ਾਨਾ ਬਣਾ ਸਕਦੇ ਹਨ।

ਅਮਰੀਕਾ, ਕੈਨੇਡਾ ਅਤੇ ਮੈਕਸੀਕੋ ਨੇ ਮਿਲ ਕੇ ਵਿਦੇਸ਼ੀ ਦਰਸ਼ਕਾਂ ਲਈ ਵੀਜ਼ਾ ਪ੍ਰਕਿਰਿਆ ਤੇਜ਼ ਕਰਨ ਦੇ ਕਦਮ ਵੀ ਚੁੱਕੇ ਹਨ। ਅਮਰੀਕੀ ਸਟੇਟ ਡਿਪਾਰਟਮੈਂਟ ਵੱਲੋਂ ਖਾਸ ਵਰਲਡ ਕੱਪ ਯਾਤਰੀਆਂ ਲਈ ਵਾਧੂ ਕੌਂਸਲਰ ਸਟਾਫ਼, ਐਕਸਟਰਾ ਇੰਟਰਵਿਊ ਸਲੌਟ ਅਤੇ ਡਿਜ਼ੀਟਲ ਪ੍ਰੋਸੈਸਿੰਗ ਸਿਸਟਮ ਤਿਆਰ ਕੀਤੇ ਜਾ ਰਹੇ ਹਨ। ਕਈ ਦੇਸ਼ਾਂ ਵਿਚ ਅਮਰੀਕੀ ਦੂਤਾਵਾਸਾਂ ਨੂੰ ਹਦਾਇਤ ਦਿੱਤੀ ਗਈ ਹੈ ਕਿ ਖੇਡ ਦਰਸ਼ਕਾਂ ਅਤੇ ਟੀਮ ਸਟਾਫ਼ ਦੀਆਂ ਅਰਜ਼ੀਆਂ ਨੂੰ ਤਰਜੀਹ ਦਿੱਤੀ ਜਾਵੇ। ਹਾਲਾਂਕਿ ਹਰ ਵਿਅਕਤੀ ਨੂੰ ਆਮ ਇਮੀਗ੍ਰੇਸ਼ਨ ਸਕ੍ਰੀਨਿੰਗ ਵਿਚੋਂ ਲੰਘਣਾ ਪਵੇਗਾ।

ਕੈਨੇਡਾ ਅਤੇ ਮੈਕਸੀਕੋ ਵੀ ਆਪਣੀਆਂ ਸਰਹੱਦੀ ਅਤੇ ਟਰੈਵਲ ਪ੍ਰਕਿਰਿਆਵਾਂ ਨੂੰ ਅਪਡੇਟ ਕਰ ਰਹੇ ਹਨ, ਕਿਉਂਕਿ ਕਈ ਫੈਨ ਤਿੰਨਾਂ ਦੇਸ਼ਾਂ ਵਿਚ ਮੈਚ ਦੇਖਣ ਲਈ ਯਾਤਰਾ ਕਰਨਗੇ। ਖ਼ਾਸ ਤੌਰ 'ਤੇ "ਮਲਟੀਪਲ-ਐਂਟਰੀ ਟ੍ਰੈਵਲ ਪਲਾਨਿੰਗ" ਲਈ ਨਵੀਆਂ ਗਾਈਡਲਾਈਨਾਂ ਜਾਰੀ ਕੀਤੀਆਂ ਜਾ ਰਹੀਆਂ ਹਨ, ਤਾਂ ਜੋ ਯਾਤਰੀਆਂ ਨੂੰ ਵਾਰ-ਵਾਰ ਸਰਹੱਦ ਪਾਰ ਕਰਨ ਵਿਚ ਘੱਟ ਮੁਸ਼ਕਲ ਆਵੇ।

ਇੱਕ ਹੋਰ ਵੱਡਾ ਸਵਾਲ ਇਹ ਹੈ ਕਿ ਕੀ ਕੁਝ ਦੇਸ਼ਾਂ ਨਾਲ ਅਮਰੀਕਾ ਦੇ ਤਣਾਅਪੂਰਨ ਰਿਸ਼ਤੇ ਟੂਰਨਾਮੈਂਟ 'ਤੇ ਅਸਰ ਪਾ ਸਕਦੇ ਹਨ। ਖ਼ਾਸ ਕਰਕੇ ਇਰਾਨ ਵਰਗੇ ਦੇਸ਼ਾਂ ਬਾਰੇ ਕਾਫੀ ਚਰਚਾ ਹੋ ਰਹੀ ਹੈ। ਇਰਾਨੀ ਫੁੱਟਬਾਲ ਫੈਡਰੇਸ਼ਨ ਨੇ ਵੀ ਕਿਹਾ ਹੈ ਕਿ ਉਨ੍ਹਾਂ ਨੂੰ ਇਹ ਭਰੋਸਾ ਚਾਹੀਦਾ ਹੈ ਕਿ ਉਨ੍ਹਾਂ ਦੀ ਟੀਮ ਅਤੇ ਸਮਰਥਕਾਂ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾਵੇਗਾ। ਇਸੇ ਤਰ੍ਹਾਂ ਕੁਝ ਲੈਟਿਨ ਅਮਰੀਕੀ ਅਤੇ ਅਫਰੀਕੀ ਦੇਸ਼ਾਂ ਦੇ ਫੈਨਜ਼ ਵੀ ਵੀਜ਼ਾ ਮਨਜ਼ੂਰੀ ਦੇ ਸਮੇਂ ਨੂੰ ਲੈ ਕੇ ਚਿੰਤਤ ਹਨ।

ਕੁਝ ਮਨੁੱਖੀ ਅਧਿਕਾਰ ਸੰਸਥਾਵਾਂ ਅਤੇ ਇਮੀਗ੍ਰੇਸ਼ਨ ਗਰੁੱਪਾਂ ਦਾ ਕਹਿਣਾ ਹੈ ਕਿ ਅਮਰੀਕਾ ਦੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਕਾਰਨ ਕਈ ਦੇਸ਼ਾਂ ਦੇ ਫੈਨਜ਼ ਟੂਰਨਾਮੈਂਟ ਦੇਖਣ ਆਉਣ ਤੋਂ ਹਿਚਕਚਾ ਸਕਦੇ ਹਨ। ਕੁਝ ਰਿਪੋਰਟਾਂ ਵਿਚ ਇਹ ਵੀ ਕਿਹਾ ਗਿਆ ਕਿ ਹੋਟਲ ਉਦਯੋਗ ਨੂੰ ਅਜੇ ਤੱਕ ਉਹ ਵੱਡਾ ਬੂਮ ਨਹੀਂ ਮਿਲਿਆ, ਜਿਸਦੀ ਉਮੀਦ ਕੀਤੀ ਜਾ ਰਹੀ ਸੀ। ਦੂਜੇ ਪਾਸੇ ਟਰੈਵਲ ਅਤੇ ਟੂਰਿਜ਼ਮ ਉਦਯੋਗ ਦਾ ਮੰਨਣਾ ਹੈ ਕਿ ਜਿਵੇਂ-ਜਿਵੇਂ ਟੂਰਨਾਮੈਂਟ ਨੇੜੇ ਆਵੇਗਾ, ਬੁਕਿੰਗ ਵਿਚ ਵੱਡਾ ਵਾਧਾ ਹੋਵੇਗਾ।

ਫੀਫਾ ਨੂੰ ਉਮੀਦ ਹੈ ਕਿ ਇਹ ਵਰਲਡ ਕੱਪ ਆਰਥਿਕ ਪੱਖੋਂ ਵੀ ਇਤਿਹਾਸਕ ਸਾਬਤ ਹੋਵੇਗਾ। ਅਮਰੀਕਾ ਦੇ ਕਈ ਸ਼ਹਿਰਾਂ ਵਿਚ ਅਰਬਾਂ ਡਾਲਰ ਦਾ ਕਾਰੋਬਾਰ ਹੋਣ ਦੀ ਸੰਭਾਵਨਾ ਹੈ। ਹੋਟਲ, ਰੈਸਟੋਰੈਂਟ, ਟੈਕਸੀ, ਰਾਈਡ-ਸ਼ੇਅਰਿੰਗ, ਸ਼ਾਪਿੰਗ ਮਾਲ ਅਤੇ ਛੋਟੇ ਕਾਰੋਬਾਰਾਂ ਨੂੰ ਵੀ ਵੱਡਾ ਲਾਭ ਮਿਲ ਸਕਦਾ ਹੈ। ਕਈ ਸ਼ਹਿਰਾਂ ਵਿਚ ਨਵੇਂ ਟਰਾਂਸਪੋਰਟ ਰੂਟ, ਸਟੇਡੀਅਮ ਅਪਗ੍ਰੇਡ ਅਤੇ ਡਿਜ਼ੀਟਲ ਇੰਫਰਾਸਟਰਕਚਰ 'ਤੇ ਪਹਿਲਾਂ ਹੀ ਕੰਮ ਚੱਲ ਰਿਹਾ ਹੈ।

ਸੁਰੱਖਿਆ ਪ੍ਰਬੰਧਾਂ ਲਈ ਅਮਰੀਕਾ ਦੇ ਫੈਡਰਲ, ਸੂਬਾਈ ਅਤੇ ਸਥਾਨਕ ਪੱਧਰ 'ਤੇ ਕਈ ਏਜੰਸੀਆਂ ਮਿਲ ਕੇ ਕੰਮ ਕਰ ਰਹੀਆਂ ਹਨ। ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ, ਯੂਨਾਈਟਿਡ ਸਟੇਟਸ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ, ਸਥਾਨਕ ਪੁਲਿਸ, ਐਮਰਜੈਂਸੀ ਸੇਵਾਵਾਂ ਅਤੇ ਸਾਇਬਰ ਸੁਰੱਖਿਆ ਏਜੰਸੀਆਂ ਨੂੰ ਜੋੜ ਕੇ ਵੱਡਾ ਸੁਰੱਖਿਆ ਜਾਲ ਤਿਆਰ ਕੀਤਾ ਜਾ ਰਿਹਾ ਹੈ। ਡਰੋਨ ਹਮਲੇ, ਸਾਇਬਰ ਅਟੈਕ ਅਤੇ ਭੀੜ-ਭਾੜ ਵਾਲੇ ਖੇਤਰਾਂ 'ਚ ਹਿੰਸਾ ਨੂੰ ਸਭ ਤੋਂ ਵੱਡੇ ਖ਼ਤਰੇ ਵਜੋਂ ਦੇਖਿਆ ਜਾ ਰਿਹਾ ਹੈ।

ਜਿੱਥੋਂ ਤੱਕ ਇਹ ਸਵਾਲ ਹੈ ਕਿ ਕੀ ਬਾਹਰੋਂ ਆਉਣ ਵਾਲੇ ਕੁਝ ਲੋਕ ਟੂਰਨਾਮੈਂਟ ਤੋਂ ਬਾਅਦ ਇੱਥੇ ਰਹਿ ਜਾਣ ਦੀ ਕੋਸ਼ਿਸ਼ ਕਰ ਸਕਦੇ ਹਨ, ਤਾਂ ਇਮੀਗ੍ਰੇਸ਼ਨ ਮਾਹਿਰ ਮੰਨਦੇ ਹਨ ਕਿ ਅਮਰੀਕਾ ਅਤੇ ਕੈਨੇਡਾ ਦੋਵੇਂ ਦੇਸ਼ ਇਸ ਮਾਮਲੇ 'ਤੇ ਨਿਗਰਾਨੀ ਰੱਖਣਗੇ। ਹਰ ਦਰਸ਼ਕ ਦਾ ਡਿਜ਼ੀਟਲ ਐਂਟਰੀ-ਐਗਜ਼ਿਟ ਰਿਕਾਰਡ ਬਣਦਾ ਹੈ ਅਤੇ ਵੀਜ਼ਾ ਦੀ ਮਿਆਦ ਤੋਂ ਵੱਧ ਰਹਿਣ ਵਾਲਿਆਂ 'ਤੇ ਬਾਅਦ ਵਿਚ ਕਾਰਵਾਈ ਹੋ ਸਕਦੀ ਹੈ। ਇਸ ਲਈ ਸਰਕਾਰਾਂ ਪਹਿਲਾਂ ਹੀ ਸਕ੍ਰੀਨਿੰਗ, ਬਾਇਓਮੈਟਰਿਕ ਜਾਂਚ ਅਤੇ ਟਰੈਵਲ ਡਾਟਾ ਮਾਨੀਟਰਿੰਗ ਨੂੰ ਮਜ਼ਬੂਤ ਕਰ ਰਹੀਆਂ ਹਨ।

ਇਸ ਟੂਰਨਾਮੈਂਟ ਵਿਚ ਏ.ਆਈ. ਤਕਨੀਕ ਦੀ ਵੀ ਵੱਡੀ ਭੂਮਿਕਾ ਹੋਵੇਗੀ। ਚਿਹਰਾ ਪਛਾਣ ਪ੍ਰਣਾਲੀ, ਡਿਜ਼ੀਟਲ ਟਿਕਟਿੰਗ, ਰੀਅਲ-ਟਾਈਮ ਭੀੜ ਮਾਨੀਟਰਿੰਗ ਅਤੇ ਸਮਾਰਟ ਸੁਰੱਖਿਆ ਕੈਮਰੇ ਵਰਤੇ ਜਾਣ ਦੀ ਸੰਭਾਵਨਾ ਹੈ। ਕੁਝ ਪ੍ਰਾਈਵੇਸੀ ਗਰੁੱਪਾਂ ਨੇ ਇਸ 'ਤੇ ਚਿੰਤਾ ਵੀ ਜਤਾਈ ਹੈ ਕਿ ਦਰਸ਼ਕਾਂ ਦਾ ਡਾਟਾ ਕਿੰਨੇ ਪੱਧਰ ਤੱਕ ਇਕੱਠਾ ਕੀਤਾ ਜਾਵੇਗਾ।

ਇੱਕ ਪਾਸੇ ਇਹ ਟੂਰਨਾਮੈਂਟ ਦੁਨੀਆਂ ਨੂੰ ਜੋੜਨ ਵਾਲਾ ਖੇਡ ਮੇਲਾ ਹੈ, ਪਰ ਦੂਜੇ ਪਾਸੇ ਇਹ ਅਮਰੀਕਾ ਦੀਆਂ ਇਮੀਗ੍ਰੇਸ਼ਨ ਨੀਤੀਆਂ, ਸੁਰੱਖਿਆ ਢਾਂਚੇ ਅਤੇ ਅੰਤਰਰਾਸ਼ਟਰੀ ਰਾਜਨੀਤਿਕ ਸੰਬੰਧਾਂ ਦੀ ਵੀ ਵੱਡੀ ਪਰਖ ਬਣਨ ਜਾ ਰਿਹਾ ਹੈ। ਹੁਣ ਸਭ ਦੀਆਂ ਨਜ਼ਰਾਂ ਇਸ ਗੱਲ 'ਤੇ ਹਨ ਕਿ ਕੀ ਅਮਰੀਕਾ, ਕੈਨੇਡਾ ਅਤੇ ਮੈਕਸੀਕੋ ਦੁਨੀਆਂ ਦੇ ਸਭ ਤੋਂ ਵੱਡੇ ਖੇਡ ਟੂਰਨਾਮੈਂਟ ਨੂੰ ਬਿਨਾਂ ਵਿਵਾਦ ਅਤੇ ਡਰ ਦੇ ਸਫਲਤਾਪੂਰਵਕ ਕਰਵਾ ਸਕਣਗੇ ਜਾਂ ਨਹੀਂ।

# ਸਿਆਸਤ ਵਿਚ ਜਵਾਬਦੇਹੀ, ਨੈਤਿਕਤਾ ਅਤੇ ਆਦਰਸ਼ਾਂ ਦਾ ਘਾਣ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA






ਜ਼ਮੀਨੀ ਸੱਚਾਈ ਤਾਂ ਇਹ ਹੈ ਕਿ ਜਿਹੜਾ ਮੰਤਰੀ ਆਪਣੇ ਵਿਭਾਗ ਦੇ ਕੰਮਕਾਰ ਤੋਂ ਜਿੰਨਾ ਦੂਰ ਅਤੇ ਨਿਰਲੇਪ ਰਹਿੰਦਾ ਹੈ, ਓਨਾ ਹੀ ਉਸ ਦਾ ਸਿਆਸੀ ਭਵਿੱਖ ਵਧੇਰੇ ਸੁਰੱਖਿਅਤ ਰਹਿੰਦਾ ਹੈ। ਇਸ ਦਾ ਕਾਰਨ ਇਹ ਹੈ ਕਿ ਵਿਭਾਗ ਚਲਾਉਣ ਦੀ ਅਸਲ ਜ਼ਿੰਮੇਵਾਰੀ ਸਿੱਧੀ 'ਪ੍ਰਧਾਨ ਮੰਤਰੀ ਦਫ਼ਤਰ' (ਪੀ.ਐੱਮ.ਓ.) ਦੀ ਹੈ, ਜੋ ਕਿਸੇ ਵੀ ਮੰਤਰੀ ਦੀ ਆਪਣੇ ਹੀ ਵਿਭਾਗ ਵਿਚ ਬਹੁਤੀ ਦਖ਼ਲਅੰਦਾਜ਼ੀ ਬਰਦਾਸ਼ਤ ਨਹੀਂ ਕਰਦਾ।

ਅਸਲ ਵਿਚ ਨੈਤਿਕਤਾ ਅਤੇ ਆਦਰਸ਼ ਇਹੋ ਜਿਹੇ ਸ਼ਬਦ ਹਨ, ਜਿਨ੍ਹਾਂ ਨੂੰ ਨਿਭਾਉਣ ਲਈ ਜਵਾਬਦੇਹੀ ਦਾ ਡਰ ਹੋਣਾ ਬੇਹੱਦ ਜ਼ਰੂਰੀ ਹੈ, ਪਰ ਭਾਰਤੀ ਸਿਆਸਤਦਾਨਾਂ ਨੇ ਇਸ ਨੂੰ ਬਿਲਕੁਲ ਭੁਲਾ ਦਿੱਤਾ ਹੈ। ਕੀ ਅੱਜ ਜਵਾਬਦੇਹੀ, ਨੈਤਿਕਤਾ ਅਤੇ ਆਦਰਸ਼ਾਂ ਦੀ ਗੱਲ ਕਰਨ ਦਾ ਸਮਾਂ ਨਹੀਂ ਆ ਗਿਆ? ਇਨ੍ਹਾਂ ਤਿੰਨਾਂ ਕਦਰਾਂ-ਕੀਮਤਾਂ ਦਾ ਭੰਡਾਰ ਤਾਂ ਸੱਤਾ ਪੱਖ ਵੱਲੋਂ ਖ਼ਤਮ ਹੋਇਆ ਪ੍ਰਤੀਤ ਹੁੰਦਾ ਹੈ। ਇੱਕ ਨਹੀਂ ਬੋਲਿਆ, ਦੋ ਨਹੀਂ ਬੋਲੇ, ਤਿੰਨ ਨਹੀਂ ਬੋਲੇ... ਅਤੇ ਜੇਕਰ ਕੋਈ ਵੀ ਕੁਝ ਨਹੀਂ ਬੋਲੇਗਾ, ਤਾਂ ਫਿਰ ਹਾਕਮ ਧਿਰ ਦੀ ਤਾਂ ਕੋਈ ਗ਼ਲਤੀ ਹੀ ਨਜ਼ਰ ਨਹੀਂ ਆਵੇਗੀ।

ਜੇਕਰ ਅਸੀਂ ਸਹੀ ਹੋਣ ਦੇ ਬਹੁਮਤ ਵਾਲੀ ਦਲੀਲ ਨੂੰ ਮੰਨ ਵੀ ਲਈਏ, ਤਾਂ ਵੀ 'ਨੀਟ' ਦੇ ਇਮਤਿਹਾਨ ਵਿਚ ਜੋ ਧੋਖਾਧੜੀ ਹੋਈ ਹੈ, ਉਸ ਉੱਤੇ ਆਪਣੀ ਜ਼ਿੰਮੇਵਾਰੀ ਤੋਂ ਚੁੱਪ ਵੱਟ ਕੇ ਹਾਕਮ ਧਿਰ ਨੇ ਮਾਮਲਾ ਰਫ਼ਾ-ਦਫ਼ਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਦ ਸਰਕਾਰ ਹਰ ਪਾਸੇ ਬਚਤ ਦੀ ਗੱਲ ਕਰਦੀ ਹੈ ਅਤੇ ਦੂਜੇ ਮੁਲਕਾਂ ਵਿਚ ਨੇਤਾਵਾਂ ਤੋਂ ਲੈ ਕੇ ਜੱਜਾਂ ਤੱਕ ਦੇ ਸਾਈਕਲ 'ਤੇ ਦਫ਼ਤਰ ਜਾਣ ਦੀਆਂ ਮਿਸਾਲਾਂ ਸੁਣੀਆਂ ਜਾਂਦੀਆਂ ਹਨ, ਉੱਥੇ ਸਾਡੇ ਦੇਸ਼ ਵਿਚ ਨੀਟ ਇਮਤਿਹਾਨ ਦੁਬਾਰਾ ਲਿਆ ਜਾ ਰਿਹਾ ਹੈ। ਇਸ ਦੁਬਾਰਾ ਹੋਣ ਵਾਲੇ ਇਮਤਿਹਾਨ ਵਿਚ ਲੱਗਣ ਵਾਲੇ ਅਰਬਾਂ-ਖਰਬਾਂ ਰੁਪਈਆਂ ਦਾ ਬੋਝ ਦੇਸ਼ ਦੀ ਆਮ ਜਨਤਾ ਦੀ ਜੇਬ 'ਤੇ ਪਵੇਗਾ। ਇਹ ਸਿਰੇ ਦੀ ਉਸ ਮਹਿਕਮੇ ਦੀ ਨਾਕਾਮੀ ਨਹੀਂ ਹੈ, ਜਿਹੜਾ ਇਹ ਇਮਤਿਹਾਨ ਆਯੋਜਿਤ ਕਰਦਾ ਹੈ? ਪਰ ਉਸ ਵਿਭਾਗ ਦੇ ਮੰਤਰੀ ਦੇ ਮੂੰਹੋਂ ਅਸਤੀਫ਼ੇ ਦੀ ਗੱਲ ਨਿਕਲਣੀ ਤਾਂ ਦੂਰ, ਜ਼ਿੰਮੇਵਾਰੀ ਕਬੂਲਣ ਤੱਕ ਦੀ ਕਾਰਵਾਈ ਵੀ ਦੇਖਣ ਨੂੰ ਨਹੀਂ ਮਿਲੀ। ਕੀ ਇਹ ਗ਼ੈਰ-ਜ਼ੁੰਮੇਵਾਰੀ ਦੀ ਹੱਦ ਨਹੀਂ ਹੈ?

ਇਸ ਸਮੁੱਚੇ ਘਟਨਾਕ੍ਰਮ 'ਤੇ ਗੱਲ ਕਰਦਿਆਂ ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਦੇ ਉਹ ਬੋਲ ਯਾਦ ਆਉਂਦੇ ਹਨ, ਜਿਨ੍ਹਾਂ ਕੁਝ ਸਮਾਂ ਪਹਿਲਾਂ ਆਖਿਆ ਸੀ- "ਸਾਡੀ ਸਰਕਾਰ ਵਿਚ ਅਸਤੀਫ਼ੇ ਨਹੀਂ ਹੁੰਦੇ, ਇਹ ਯੂ.ਪੀ.ਏ. ਵਿਚ ਹੁੰਦਾ ਸੀ।" ਇਨ੍ਹਾਂ ਸ਼ਬਦਾਂ ਦਾ ਸਿੱਧਾ ਤੇ ਸਪੱਸ਼ਟ ਅਰਥ ਕੀ ਹੈ? ਕੀ ਇਹੋ ਕਿ ਸਾਡੀ ਸਰਕਾਰ ਵਿਚ ਕੋਈ ਜਵਾਬਦੇਹੀ, ਕੋਈ ਨੈਤਿਕਤਾ ਨਹੀਂ ਹੈ ਅਤੇ ਇਹ ਸਭ ਕਦਰਾਂ-ਕੀਮਤਾਂ ਸਿਰਫ਼ ਯੂ.ਪੀ.ਏ. ਸਰਕਾਰ ਦੇ ਹਿੱਸੇ ਹੀ ਆਈਆਂ ਸਨ? ਜਦਕਿ ਰਾਜਗ ਸਰਕਾਰ ਇਨ੍ਹਾਂ ਸਾਰੀਆਂ ਚੀਜ਼ਾਂ ਤੋਂ ਉੱਤੇ ਅਤੇ ਮੁਕਤ ਹੈ। ਕੀ ਅਸਲ ਵਿਚ ਇਹ ਸ਼ਬਦ ਮੌਜੂਦਾ ਸਰਕਾਰ ਦੇ ਕੰਮਕਾਜ ਵਿਚ ਪੱਥਰ 'ਤੇ ਲਕੀਰ ਵਾਂਗ ਸੱਚ ਸਾਬਤ ਹੁੰਦੇ ਨਹੀਂ ਦਿਖਾਈ ਦੇ ਰਹੇ ਹਨ? ਸਰਕਾਰ ਦੇ ਮੰਤਰੀ ਭਾਵੇਂ ਕਿੱਡੀ ਵੀ ਵੱਡੀ ਨਾਕਾਮੀ ਦੀ ਸਿਖ਼ਰ 'ਤੇ ਪਹੁੰਚ ਜਾਣ, ਨਾ ਤਾਂ ਉਨ੍ਹਾਂ ਤੋਂ ਕੋਈ ਸਵਾਲ ਪੁੱਛਿਆ ਜਾਵੇਗਾ ਅਤੇ ਨਾ ਹੀ ਉਹ ਕਿਸੇ ਨੂੰ ਜਵਾਬ ਦੇਣ ਦੇ ਪਾਬੰਦ ਹੋਣਗੇ। ਕੀ ਇਹ ਠੀਕ ਹੈ?

ਜ਼ਮੀਨੀ ਸੱਚਾਈ ਤਾਂ ਇਹ ਹੈ ਕਿ ਜਿਹੜਾ ਮੰਤਰੀ ਆਪਣੇ ਵਿਭਾਗ ਦੇ ਕੰਮਕਾਰ ਤੋਂ ਜਿੰਨਾ ਦੂਰ ਅਤੇ ਨਿਰਲੇਪ ਰਹਿੰਦਾ ਹੈ, ਓਨਾ ਹੀ ਉਸ ਦਾ ਸਿਆਸੀ ਭਵਿੱਖ ਵਧੇਰੇ ਸੁਰੱਖਿਅਤ ਰਹਿੰਦਾ ਹੈ। ਇਸ ਦਾ ਕਾਰਨ ਇਹ ਹੈ ਕਿ ਵਿਭਾਗ ਚਲਾਉਣ ਦੀ ਅਸਲ ਜ਼ਿੰਮੇਵਾਰੀ ਸਿੱਧੀ 'ਪ੍ਰਧਾਨ ਮੰਤਰੀ ਦਫ਼ਤਰ' (ਪੀ.ਐੱਮ.ਓ.) ਦੀ ਹੈ, ਜੋ ਕਿਸੇ ਵੀ ਮੰਤਰੀ ਦੀ ਆਪਣੇ ਹੀ ਵਿਭਾਗ ਵਿਚ ਬਹੁਤੀ ਦਖ਼ਲਅੰਦਾਜ਼ੀ ਬਰਦਾਸ਼ਤ ਨਹੀਂ ਕਰਦਾ। ਉਂਝ ਵੀ, ਜਦੋਂ ਦੇਸ਼ ਹਰ ਵੇਲੇ 'ਚੋਣ ਮੋਡ' ਵਿਚ ਰਹਿੰਦਾ ਹੈ, ਤਾਂ ਵਿਭਾਗਾਂ ਦੇ ਮੰਤਰੀਆਂ ਨੂੰ ਚੋਣਾਂ ਜਿੱਤਣ ਲਈ ਇੱਕ ਫ਼ੌਜੀ ਅਫ਼ਸਰ ਵਾਂਗ ਉਨ੍ਹਾਂ ਸੂਬਿਆਂ ਵਿਚ ਤੈਨਾਤ ਕਰ ਦਿੱਤਾ ਜਾਂਦਾ ਹੈ, ਜਿੱਥੇ ਚੋਣਾਂ ਦਾ ਐਲਾਨ ਹੁੰਦਾ ਹੈ। ਇਹ ਮੰਤਰੀ ਉਸ ਸੂਬੇ ਦੇ ਚੋਣ ਨਤੀਜਿਆਂ ਤੱਕ ਉੱਥੇ ਹੀ ਡਟੇ ਰਹਿੰਦੇ ਹਨ। ਹਾਂ, ਕਦੇ-ਕਦੇ ਉਹ ਦਿੱਲੀ ਦਾ ਇੱਕ 'ਪਹਿਲਵਾਨੀ ਗੇੜਾ' ਜ਼ਰੂਰ ਮਾਰਦੇ ਹਨ, ਤਾਂ ਜੋ ਗ਼ੈਰ-ਚੋਣਵੇਂ ਕੰਮਕਾਜ ਵਿਚ ਹਾਜ਼ਰੀ ਲਵਾਈ ਜਾ ਸਕੇ ਜਾਂ ਫਿਰ ਮਜਬੂਰੀ ਵੱਸ ਪਾਰਲੀਮੈਂਟ ਦੇ ਇਜਲਾਸ ਵਿਚ ਕੁਝ ਸਮਾਂ ਗੁਜ਼ਾਰਿਆ ਜਾ ਸਕੇ।

ਜੇਕਰ ਅਸੀਂ ਇਤਿਹਾਸ ਦੇ ਪੰਨੇ ਫਰੋਲੀਏ, ਤਾਂ ਸਾਲ 2024 ਵਿਚ 'ਰਾਸ਼ਟਰੀ ਪ੍ਰੀਖਿਆ ਏਜੰਸੀ' (ਯੂ.ਜੀ.) ਨੇ 5 ਮਈ ਨੂੰ ਨੀਟ ਪ੍ਰੀਖਿਆ ਕਰਵਾਈ ਸੀ। ਪ੍ਰੀਖਿਆ ਖ਼ਤਮ ਹੋਣ ਦੇ ਕੁਝ ਘੰਟਿਆਂ ਅੰਦਰ ਹੀ ਪੇਪਰ ਲੀਕ ਹੋਣ ਦੀਆਂ ਖ਼ਬਰਾਂ ਸੋਸ਼ਲ ਮੀਡੀਆ 'ਤੇ ਜੰਗਲ ਦੀ ਅੱਗ ਵਾਂਗ ਫੈਲ ਗਈਆਂ। ਖ਼ੁਲਾਸਾ ਹੋਇਆ ਕਿ ਇੱਕ-ਇੱਕ ਪੇਪਰ 30 ਤੋਂ 50 ਲੱਖ ਰੁਪਏ ਵਿਚ ਵੇਚਿਆ ਗਿਆ। ਨਤੀਜਾ ਇਹ ਨਿਕਲਿਆ ਕਿ ਵਿਦਿਆਰਥੀਆਂ ਨੇ ਅਸਾਧਾਰਨ ਤੌਰ 'ਤੇ 720 ਵਿਚੋਂ 720 ਪੂਰੇ ਅੰਕ ਪ੍ਰਾਪਤ ਕਰ ਲਏ। ਜਦੋਂ ਵਿਵਾਦ ਵਧਿਆ, ਤਾਂ ਸ਼ੱਕੀ ਵਿਦਿਆਰਥੀਆਂ ਦੀ ਮੁੜ-ਪ੍ਰੀਖਿਆ ਕਰਵਾਈ ਗਈ, ਜਿੱਥੇ ਕਈਆਂ ਦੇ ਅੰਕ 718 ਜਾਂ 719 ਆਏ, ਜੋ ਕਿ ਨੀਟ ਦੀ ਮਾਰਕਿੰਗ ਸਕੀਮ ਮੁਤਾਬਕ ਪੂਰੀ ਤਰ੍ਹਾਂ ਗ਼ੈਰ-ਵਿਵਹਾਰਕ ਅਤੇ ਅਸੰਭਵ ਸਨ। ਇਸ ਤੋਂ ਬਾਅਦ ਇਹ ਇਮਤਿਹਾਨ ਸਿਆਸੀ ਦੰਗਲ ਦਾ ਮੈਦਾਨ ਬਣ ਗਿਆ। ਮਾਮਲਾ ਸੁਪਰੀਮ ਕੋਰਟ ਪਹੁੰਚਿਆ, ਪਰ ਉਸ ਸਮੇਂ ਕੋਰਟ ਨੇ ਪੇਪਰ ਲੀਕ ਨੂੰ 'ਖੇਤਰੀ' ਮੰਨਦਿਆਂ ਪੂਰੇ ਦੇਸ਼ ਵਿਚ ਮੁੜ ਪ੍ਰੀਖਿਆ ਕਰਵਾਉਣ ਤੋਂ ਇਨਕਾਰ ਕਰ ਦਿੱਤਾ।

ਪਰ ਅਫ਼ਸੋਸ! ਦੋ ਸਾਲਾਂ ਬਾਅਦ, ਜਦੋਂ ਨੀਟ ਪ੍ਰੀਖਿਆ ਦੇ ਪੇਪਰ ਲੀਕ ਹੋਣ ਦੀ ਖ਼ਬਰ ਆਉਂਦੀ ਹੈ, ਤਾਂ ਪਤਾ ਲੱਗਦਾ ਹੈ ਕਿ ਇੱਕ ਆਮ ਅਧਿਆਪਕ ਪੁਲਿਸ ਤੱਕ ਪਹੁੰਚਦਾ ਹੈ, ਪਰ ਕਿਸੇ ਨੇ ਵੀ ਉਸ ਦੀ ਆਵਾਜ਼ ਨੂੰ ਗੰਭੀਰਤਾ ਨਾਲ ਨਹੀਂ ਲਿਆ। ਜਦੋਂ ਦੇਸ਼ ਭਰ ਵਿਚ ਹੰਗਾਮਾ ਮਚਿਆ, ਤਾਂ ਪ੍ਰੀਖਿਆ ਦੁਬਾਰਾ ਕਰਵਾਉਣ ਦਾ ਐਲਾਨ ਕਰ ਦਿੱਤਾ ਗਿਆ। ਇਹ ਕਿੰਨੀ ਨਾਮੋਸ਼ੀ ਅਤੇ ਸਿਤਮ ਦੀ ਗੱਲ ਹੈ ਕਿ ਜੋ ਲੀਕ ਦੋ ਸਾਲ ਪਹਿਲਾਂ 'ਖੇਤਰੀ' ਸੀ, ਉਹ ਅੱਜ ਪੂਰੇ ਰਾਸ਼ਟਰ ਵਿਚ ਕੋੜ੍ਹ ਵਾਂਗ ਫੈਲ ਚੁੱਕੀ ਹੈ, ਪਰ ਕਿਸੇ ਵੀ ਮੰਤਰੀ ਜਾਂ ਉੱਚ ਹਾਕਮ ਨੇ ਅਸਤੀਫ਼ਾ ਦੇਣਾ ਜਾਂ ਜ਼ਿੰਮੇਵਾਰੀ ਲੈਣਾ ਮੁਨਾਸਿਬ ਨਹੀਂ ਸਮਝਿਆ। ਕੀ ਇਹ ਨੈਤਿਕਤਾ ਹੈ?

ਦੇਸ਼ ਦੇ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੇ 2024 ਵਿਚ ਬਿਆਨ ਦਿੱਤਾ ਸੀ ਕਿ 'ਪੇਪਰ ਲੀਕ ਦਾ ਕੋਈ ਸਬੂਤ ਨਹੀਂ ਮਿਲਿਆ' ਅਤੇ ਇਸ ਨੂੰ ਵਿਰੋਧੀ ਧਿਰ ਦੀ ਸਾਜ਼ਿਸ਼ ਕਰਾਰ ਦਿੰਦਿਆਂ ਕਿਹਾ ਸੀ ਕਿ ਵਿਦਿਆਰਥੀਆਂ ਨੂੰ ਭੜਕਾਇਆ ਜਾ ਰਿਹਾ ਹੈ। ਪਰ ਫਿਰ ਬਿਨਾਂ ਸਮਾਂ ਗੁਆਏ ਉਨ੍ਹਾਂ ਨੇ ਕੁਝ ਵਿਦਿਆਰਥੀਆਂ ਲਈ ਦੁਬਾਰਾ ਪ੍ਰੀਖਿਆ ਦਾ ਐਲਾਨ ਵੀ ਕਰ ਦਿੱਤਾ ਅਤੇ ਆਖਿਆ ਕਿ ਦੋਸ਼ੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਕੋਈ ਸਬੂਤ ਨਹੀਂ ਸੀ, ਤਾਂ ਪ੍ਰੀਖਿਆ ਦੁਬਾਰਾ ਕਿਉਂ ਹੋਈ? ਅਤੇ ਜੇ ਦੋਸ਼ੀ ਸਨ, ਤਾਂ ਉਨ੍ਹਾਂ ਨੂੰ ਉਦੋਂ ਕਿਉਂ ਬਖਸ਼ ਦਿੱਤਾ ਗਿਆ? ਕੀ ਗਾਰੰਟੀ ਹੈ ਕਿ ਇਸ ਦੌਰਾਨ ਪੇਪਰ ਲੀਕ ਦਾ ਇਹ ਗੋਰਖਧੰਦਾ ਬੰਦ ਰਿਹਾ ਹੋਵੇਗਾ?

ਇੰਨੇ ਵੱਡੇ ਮਸਲੇ 'ਤੇ ਹਾਕਮਾਂ ਦੀ ਇਹ ਗੂੜ੍ਹੀ ਚੁੱਪੀ ਬੇਹੱਦ ਰੜਕਦੀ ਹੈ। ਅੱਜ ਹਰ ਆਮ ਆਦਮੀ ਇੰਟਰਨੈੱਟ ਰਾਹੀਂ ਸੱਤਾ ਅਤੇ 'ਰਾਸ਼ਟਰੀ ਪ੍ਰੀਖਿਆ ਏਜੰਸੀ'(ਐੱਨ.ਟੀ.ਏ) ਦੇ ਵਜੂਦ 'ਤੇ ਸਵਾਲ ਚੁੱਕ ਰਿਹਾ ਹੈ। ਇਹ ਗੰਭੀਰ ਦੋਸ਼ ਲਾਏ ਜਾ ਰਹੇ ਹਨ ਕਿ ਇਸ ਪੂਰੇ ਖੇਡ ਵਿਚ ਵੱਡੇ-ਵੱਡੇ ਕੋਚਿੰਗ ਇੰਸਟੀਚਿਊਟਾਂ ਅਤੇ ਮਾਫ਼ੀਆ ਦਾ ਹੱਥ ਹੈ। ਕਿਸੇ ਵੀ ਦੇਸ਼ ਦੀ ਹਕੂਮਤ ਲਈ ਇਸ ਤੋਂ ਵੱਡੀ ਨਾਕਾਮੀ ਹੋਰ ਕੀ ਹੋ ਸਕਦੀ ਹੈ ਕਿ ਉਹ ਆਪਣੇ ਮੁਲਕ ਦੀਆਂ ਰਾਸ਼ਟਰੀ ਸੰਸਥਾਵਾਂ ਦੀ ਪਵਿੱਤਰਤਾ ਅਤੇ ਲੱਖਾਂ ਬੱਚਿਆਂ ਦੇ ਭਵਿੱਖ ਦੀ ਰੱਖਿਆ ਕਰਨ ਵਿਚ ਪੂਰੀ ਤਰ੍ਹਾਂ ਅਸਫ਼ਲ ਸਾਬਤ ਹੋਈ ਹੈ।

ਕਿਸੇ ਵੀ ਦੇਸ਼ ਦੀ ਸਾਖ ਅਤੇ ਮਜ਼ਬੂਤੀ ਲਈ ਉਸ ਦੀਆਂ ਰਾਸ਼ਟਰੀ ਸੰਸਥਾਵਾਂ ਦਾ ਨਿਰਪੱਖ ਹੋਣਾ ਬੇਹੱਦ ਜ਼ਰੂਰੀ ਹੈ। ਪਰ ਅਫ਼ਸੋਸ ਕਿ 2024 ਤੋਂ ਪ੍ਰੀਖਿਆ ਦੀ ਪਵਿੱਤਰਤਾ ਲਗਾਤਾਰ ਭੰਗ ਹੋਣ ਤੋਂ ਬਾਅਦ ਵੀ, ਇਸ ਪ੍ਰਣਾਲੀ ਨਾਲ ਜੁੜੇ ਮੁੱਖ ਜ਼ਿੰਮੇਵਾਰਾਂ ਨੂੰ ਹਮੇਸ਼ਾਂ 'ਪਵਿੱਤਰ' (ਪਾਕ-ਸਾਫ਼) ਹੀ ਮੰਨਿਆ ਗਿਆ। ਕਿਸੇ ਵੀ ਵੱਡੇ ਅਹੁਦੇਦਾਰ 'ਤੇ ਕੋਈ ਸਖ਼ਤ ਕਾਰਵਾਈ ਨਹੀਂ ਹੋਈ। ਇਸੇ ਨਾਕਾਮੀ ਦਾ ਨਤੀਜਾ ਹੈ ਕਿ ਅੱਜ ਲੱਖਾਂ ਹੋਣਹਾਰ ਵਿਦਿਆਰਥੀ ਰੋਂਦੇ ਹੋਏ ਇਹ ਸਵਾਲ ਕਰ ਰਹੇ ਹਨ ਕਿ ਆਖ਼ਰ ਉਨ੍ਹਾਂ ਦਾ ਕਸੂਰ ਕੀ ਹੈ? ਸ਼ਾਇਦ ਉਨ੍ਹਾਂ ਦਾ ਕਸੂਰ ਸਿਰਫ਼ ਇਹੀ ਹੈ ਕਿ ਉਨ੍ਹਾਂ ਵਿਚੋਂ ਕਿਸੇ ਇੱਕ ਨੇ ਇੰਨੇ ਵੱਡੇ ਭ੍ਰਿਸ਼ਟਾਚਾਰ ਨੂੰ ਹਿੰਮਤ ਕਰਕੇ ਲੋਕਾਂ ਸਾਹਮਣੇ ਲਿਆਂਦਾ। ਇਹੋ ਜਿਹੇ ਹਾਲਾਤ ਨੂੰ ਦੇਖ ਕੇ ਡਰ ਲੱਗਦਾ ਹੈ ਕਿ ਸਾਨੂੰ ਹਾਲੇ ਉਨੇ ਕੁ ਹੀ ਭ੍ਰਿਸ਼ਟਾਚਾਰ ਦਾ ਪਤਾ ਹੈ, ਜਿੰਨਾ ਕੁ ਸਾਹਮਣੇ ਆਇਆ ਹੈ, ਨਾ ਜਾਣੇ ਪਰਦੇ ਪਿੱਛੇ ਅਸਲੀ ਹਾਲਾਤ ਕਿੰਨੇ ਡਰਾਉਣੇ ਹੋਣਗੇ। ਸਿਤਮ ਦੇਖੋ, ਦੇਸ਼ ਦੇ 551 ਸ਼ਹਿਰਾਂ ਅਤੇ ਵਿਦੇਸ਼ਾਂ ਦੇ 14 ਕੇਂਦਰਾਂ ਵਿਚ ਹੋਈ ਇਸ ਪ੍ਰਵੇਸ਼ ਪ੍ਰੀਖਿਆ ਬਾਰੇ ਇਹ ਦੋਸ਼ ਸਹੀ ਸਾਬਤ ਹੋ ਚੁੱਕਾ ਹੈ ਕਿ ਜੋ ਪ੍ਰਸ਼ਨ-ਪੱਤਰ ਲੀਕ ਹੋਏ, ਹੂਬਹੂ ਉਹੀ ਪ੍ਰੀਖਿਆ ਵਿਚ ਪਾਏ ਗਏ।

ਨੈਤਿਕਤਾ, ਆਦਰਸ਼ ਅਤੇ ਜਵਾਬਦੇਹੀ ਦੀ ਬਾਤ ਇਕੱਲੀ 'ਨੀਟ' ਦੀ ਪ੍ਰੀਖਿਆ ਤੱਕ ਹੀ ਸੀਮਤ ਨਹੀਂ ਹੈ। ਇਹ ਨੈਤਿਕਤਾ ਅਤੇ ਜਵਾਬਦੇਹੀ ਦਾ ਸਵਾਲ ਸਿੱਧਾ ਦੇਸ਼ ਦੇ ਸਭ ਤੋਂ ਵੱਡੇ ਹਾਕਮ ਦੇ ਕਿਰਦਾਰ ਤੱਕ ਪੁੱਜਦਾ ਹੈ। ਉਹ ਹਾਕਮ, ਜਿਹੜਾ ਆਮ ਲੋਕਾਂ ਨੂੰ ਵਿਦੇਸ਼ ਯਾਤਰਾਵਾਂ ਨਾ ਕਰਨ ਦੀ ਸਲਾਹ ਦਿੰਦਾ ਹੈ ਅਤੇ ਪੈਟਰੋਲ ਦੀ ਬਚਤ ਕਰਨ ਦੇ ਉਪਦੇਸ਼ ਦਿੰਦਾ ਹੈ, ਉਹ ਖ਼ੁਦ ਪੰਜ-ਪੰਜ ਦੇਸ਼ਾਂ ਦੀਆਂ ਯਾਤਰਾਵਾਂ 'ਤੇ ਨਿਕਲ ਜਾਂਦਾ ਹੈ। ਸਰਕਾਰੀ ਖ਼ਰਚਿਆਂ ਦੀ ਹੱਦ ਵੇਖੋ ਕਿ ਕਿਸੇ ਪ੍ਰੋਜੈਕਟ ਦਾ ਉਦਘਾਟਨ ਕਰਨ ਜਾਂ ਸੌਂਹ ਚੁੱਕ ਸਮਾਗਮਾਂ ਲਈ ਲਗਭਗ ਹਰ ਦੂਜੇ ਦਿਨ ਦੇਸ਼ ਦੇ ਕਿਸੇ ਨਾ ਕਿਸੇ ਕੋਨੇ ਲਈ ਹਵਾਈ ਉਡਾਨਾਂ ਭਰੀਆਂ ਜਾਂਦੀਆਂ ਹਨ।

ਨੈਤਿਕ ਕਦਰਾਂ-ਕੀਮਤਾਂ ਨੂੰ ਲਤਾੜਨ ਦੀ ਹੱਦ ਤਾਂ ਉਦੋਂ ਹੁੰਦੀ ਹੈ, ਜਦੋਂ ਪ੍ਰਧਾਨ ਮੰਤਰੀ ਦੇਸ਼ ਦੇ ਗ਼ਰੀਬ ਕਿਸਾਨਾਂ ਨੂੰ ਵਿਦੇਸ਼ਾਂ ਤੋਂ ਆਉਣ ਵਾਲੀ ਕੀਮਤੀ ਖਾਦ ਦੀ ਵਰਤੋਂ ਛੱਡ ਕੇ, ਪੁਰਾਣੇ ਤਰੀਕਿਆਂ ਨਾਲ ਖੇਤੀ ਕਰਨ ਦਾ ਮਸ਼ਵਰਾ ਦਿੰਦੇ ਹਨ। ਸ਼ਾਇਦ ਪ੍ਰਧਾਨ ਮੰਤਰੀ ਉਹ ਦੌਰ ਭੁੱਲ ਗਏ ਹਨ, ਜਦੋਂ ਦੇਸ਼ ਵਿਚ ਅਨਾਜ ਦੀ ਭਾਰੀ ਕਮੀ ਸੀ ਅਤੇ ਸਾਨੂੰ ਪੇਟ ਭਰਨ ਲਈ ਸਮੁੰਦਰ ਦੇ ਰਸਤੇ ਵਿਦੇਸ਼ਾਂ (ਖ਼ਾਸ ਕਰਕੇ ਅਮਰੀਕਾ) ਤੋਂ ਕਣਕ ਤੇ ਚੌਲ ਮੰਗਵਾਉਣੇ ਪੈਂਦੇ ਸਨ। ਕੀ ਪ੍ਰਧਾਨ ਮੰਤਰੀ ਦੇਸ਼ ਨੂੰ ਮੁੜ ਉਸੇ ਪਰਨਿਰਭਰਤਾ ਅਤੇ ਸੰਕਟ ਦੇ ਦੌਰ ਵਿਚ ਲੈ ਕੇ ਜਾਣ ਦੇ ਚਾਹਵਾਨ ਹਨ?


ਪ੍ਰਧਾਨ ਮੰਤਰੀ ਲੋਕਾਂ ਨੂੰ ਤਾਂ ਵੱਡੇ-ਵੱਡੇ ਉਪਦੇਸ਼ ਦਿੰਦੇ ਹਨ, ਪਰ ਕੀ ਉਹ ਖ਼ੁਦ ਇਸ ਸੰਕਟ ਦੀ ਘੜੀ ਵਿਚ ਨੈਤਿਕ ਹੌਂਸਲਾ ਦਿਖਾਉਂਦੇ ਹੋਏ ਆਪਣੇ ਮੰਤਰੀਆਂ-ਸੰਤਰੀਆਂ ਨੂੰ ਵੀ ਵੀ.ਆਈ.ਪੀ. ਕਲਚਰ ਛੱਡ ਕੇ ਆਮ ਲੋਕਾਂ ਵਾਂਗ ਰਹਿਣ ਦੀ ਪ੍ਰੇਰਨਾ ਨਹੀਂ ਦੇ ਸਕਦੇ? ਕੀ ਉਹ ਨੇਤਾਵਾਂ ਨੂੰ ਲਗਜ਼ਰੀ ਕੋਠੀਆਂ ਅਤੇ ਵੱਡੀਆਂ ਗੱਡੀਆਂ ਦੇ ਕਾਫ਼ਲਿਆਂ ਦੀ ਆਦਤ ਛੱਡਣ ਲਈ ਨਹੀਂ ਕਹਿ ਸਕਦੇ? ਯਾਦ ਰੱਖਣਾ ਚਾਹੀਦਾ ਹੈ ਕਿ ਪੱਛਮੀ ਅਤੇ ਵਿਕਸਿਤ ਦੇਸ਼ਾਂ ਵਿਚ ਪ੍ਰਧਾਨ ਮੰਤਰੀ ਅਜਿਹੇ ਸ਼ਾਹੀ ਕਾਫ਼ਲਿਆਂ ਦੀ ਵਰਤੋਂ ਨਹੀਂ ਕਰਦੇ। ਉੱਥੋਂ ਦੇ ਸਿਆਸਤਦਾਨ ਅਕਸਰ ਮੈਟਰੋ ਵਿਚ ਸਫ਼ਰ ਕਰਦੇ ਹਨ, ਆਪਣਾ ਬਾਲਣ, ਗੈਸ ਅਤੇ ਬਿਜਲੀ ਖ਼ੁਦ ਬਚਾਉਂਦੇ ਹਨ ਅਤੇ ਜਨਤਾ ਦੇ ਪੈਸੇ ਦੀ ਜਵਾਬਦੇਹੀ ਤੈਅ ਕਰਦੇ ਹਨ।

ਜਦੋਂ ਤੱਕ ਦੇਸ਼ ਦੇ ਹਾਕਮ ਆਪਣੀ ਕਥਨੀ ਅਤੇ ਕਰਨੀ ਦੇ ਇਸ ਪਾੜੇ ਨੂੰ ਖ਼ਤਮ ਨਹੀਂ ਕਰਦੇ, ਉਦੋਂ ਤੱਕ ਪ੍ਰਸ਼ਾਸਨਿਕ ਸੁਧਾਰਾਂ ਦੀ ਗੱਲ ਕਰਨਾ ਬੇਮਾਅਨਾ ਹੈ। ਜੇਕਰ ਦੇਸ਼ ਦੇ ਲੱਖਾਂ ਨੌਜਵਾਨਾਂ ਦਾ ਭਵਿੱਖ ਪੇਪਰ ਲੀਕ ਮਾਫ਼ੀਆ ਦੇ ਹੱਥਾਂ ਵਿਚ ਸੁਰੱਖਿਅਤ ਨਹੀਂ ਹੈ, ਅਤੇ ਸਰਕਾਰ ਜ਼ਿੰਮੇਵਾਰੀ ਲੈਣ ਦੀ ਬਜਾਏ ਚੁੱਪੀ ਧਾਰੀ ਬੈਠੀ ਹੈ, ਤਾਂ 'ਆਦਰਸ਼' ਅਤੇ 'ਨੈਤਿਕਤਾ' ਸਿਰਫ਼ ਭਾਸ਼ਣਾਂ ਦੇ ਸ਼ਬਦ ਬਣ ਕੇ ਰਹਿ ਜਾਣਗੇ। ਜਵਾਬਦੇਹੀ ਦਾ ਡਰ ਸਿਰਫ਼ ਕਾਨੂੰਨ ਨਾਲ ਨਹੀਂ, ਬਲਕਿ ਸੱਤਾ ਦੇ ਸਿਖ਼ਰ 'ਤੇ ਬੈਠੇ ਲੋਕਾਂ ਦੇ ਆਪਣੇ ਆਚਰਣ ਤੋਂ ਸ਼ੁਰੂ ਹੋਣਾ ਚਾਹੀਦਾ ਹੈ। ਜੇਕਰ ਅੱਜ ਵੀ ਅਸੀਂ ਸਵਾਲ ਨਾ ਪੁੱਛੇ, ਤਾਂ ਇਹ ਸਿਸਟਮ ਆਉਣ ਵਾਲੀਆਂ ਕਈ ਪੀੜ੍ਹੀਆਂ ਦਾ ਭਵਿੱਖ ਇੰਝ ਹੀ ਦਾਅ 'ਤੇ ਲਾਉਂਦਾ ਰਹੇਗਾ।

# ਇਰਾਨ, ਅਮਰੀਕਾ-ਇਜ਼ਰਾਈਲ ਜੰਗ ਫ਼ੈਸਲਾਕੁਨ ਮੋੜ ਉੱਤੇ

-ਡਾ. ਸੁਰਿੰਦਰ ਮੰਡ
ਸੰਪਰਕ : 94173-24543
ਪੰਜਾਬ ਮੇਲ USA







**ਅਮਰੀਕਾ ਨੇ ਇਰਾਨੀ ਸਰਕਾਰ ਉਲਟਾਉਣ ਲਈ ਹਮਲਾ ਕੀਤਾ ਹੈ, ਉਹ ਤਾਂ ਸਗੋਂ ਹੋਰ ਮਜ਼ਬੂਤ ਹੋ ਗਈ ਹੈ। ਤੇ ਹੁਣ ਛਿੱਥਾ ਜਿਹਾ ਪੈ ਕੇ ਉਹਨੇ ਆਪਣੇ ਲਕਸ਼ ਇੰਜ ਬਦਲ ਲਏ। ਪਹਿਲਾਂ ਆਖਿਆ ਕਿ ਹੋਰਮੂਜ਼ ਦੀ ਸਮੁੰਦਰੀ ਆਵਾਜਾਈ ਨਾਲ ਸਾਡਾ ਕੋਈ ਸਬੰਧ ਨਹੀਂ, ਸਾਡੇ ਏਧਰੋਂ ਜਹਾਜ਼ ਨਹੀਂ ਗੁਜ਼ਰਦੇ, ਪਰ ਫਿਰ ਐਲਾਨ ਕਰ ਦਿੱਤਾ ਕਿ ਇਰਾਨ ਹੋਰਮੂਜ਼ ਲਾਂਘਾ ਸਭ ਲਈ ਖੋਲ੍ਹੇ, ਨਹੀਂ ਤਾਂ ਅਸੀਂ ਖ਼ੁਦ ਇਰਾਨ ਦੀ ਸਾਰੀ ਨਾਕਾਬੰਦੀ ਕਰ ਦਿਆਂਗੇ ਤੇ ਕਰ ਦਿੱਤੀ। ਇਸੇ ਤਰ੍ਹਾਂ ਪਹਿਲਾਂ ਜੂਨ 2025 ਦੇ ਹਮਲੇ ਬਾਅਦ ਆਖਿਆ ਕਿ ਇਰਾਨ ਦੀ ਪ੍ਰਮਾਣੂੰ ਸਮਰੱਥਾ ਮਲੀਆਮੇਟ ਕਰ ਦਿੱਤੀ ਹੈ।**

ਇਰਾਨ, ਅਮਰੀਕਾ-ਇਜ਼ਰਾਈਲ ਜੰਗ ਫੈਸਲਾਕੁਨ ਨਾਜ਼ੁਕ ਦੌਰ ਵਿਚ ਪੁੱਜ ਗਈ ਹੈ। ਇਰਾਨ ਨੇ ਹੋਰਮੂਜ਼ ਸਮੁੰਦਰੀ ਲਾਂਘੇ ਕੋਲ ਅਤੇ ਅਮਰੀਕਾ ਨੇ ਸਾਰੇ ਇਰਾਨੀ ਸਮੁੰਦਰੀ ਤੱਟਾਂ ਦੀ ਨਾਕੇਬੰਦੀ ਕਰ ਰੱਖੀ ਹੈ। ਪਰ ਖ਼ਬਰ ਸੀ ਕਿ ਅਮਰੀਕਾ ਨੇ 'ਅਪ੍ਰੇਸ਼ਨ ਫਰੀਡਮ' ਸ਼ੁਰੂ ਕਰ ਦਿੱਤਾ ਹੈ, ਜਿਸ ਦੇ ਤਹਿਤ ਅਮਰੀਕੀ ਫੌਜ ਦੇ ਜ਼ੋਰ ਨਾਲ ਜਹਾਜ਼ ਹੋਰਮੂਜ਼ ਤੋਂ ਇਰਾਨ ਕੋਲੋਂ ਲੰਘਣਗੇ, ਇਕ ਜਹਾਜ਼ ਲੰਘਾਉਣ ਦੀ ਕੋਸ਼ਿਸ਼ ਵੀ ਕੀਤੀ, ਜਿਸ ਨੂੰ ਇਰਾਨ ਨੇ ਹਮਲਾ ਕਰਕੇ ਵਾਪਸ ਮੋੜ ਦਿੱਤਾ। ਇਰਾਨ ਆਪਣੀ ਹੱਦ ਵਿਚ ਆਉਂਦੇ ਹੋਰਮੂਜ਼ ਸਮੁੰਦਰੀ ਲਾਂਘੇ ਨੂੰ ਆਪਣੀ ਦੇਖਰੇਖ ਅਤੇ ਕੰਟਰੋਲ ਵਿਚ ਰੱਖਣ ਨੂੰ ਆਪਣੀ ਸੁਰੱਖਿਆ ਲਈ ਜ਼ਰੂਰੀ ਸਮਝਦਾ। ਇਰਾਨ ਨਾਲ ਟਕਰਾਅ ਤੋਂ ਬਚਣ ਲਈ 24 ਘੰਟੇ ਦੇ ਅੰਦਰ ਹੀ ਟਰੰਪ ਨੇ 'ਅਪ੍ਰੇਸ਼ਨ ਫਰੀਡਮ' ਵਾਲਾ ਫੈਸਲਾ ਵਾਪਸ ਲੈ ਲਿਆ ਹੈ। ਇਰਾਨ ਕਹਿੰਦਾ ਕਿ ਜਹਾਜ਼ ਸਾਡੀ ਆਗਿਆ ਲੈ ਕੇ ਹੀ ਲੰਘਣਗੇ।

ਯੂ.ਏ.ਈ. ਦੀ ਇਕ ਤੇਲ ਰਿਫਾਇਨਰੀ, ਫਰਾਂਸ ਅਤੇ ਸਾਊਥ ਕੋਰੀਆ ਦੇ ਜਹਾਜ਼ਾਂ ਉੱਤੇ ਹਮਲੇ ਦਾ ਵੀ ਸਮਾਚਾਰ ਹੈ। ਸਾਰੇ ਖਾੜੀ ਦੇਸ਼ਾਂ ਵਿਚੋਂ ਯੂ.ਏ.ਈ. ਦਿਲੋਂ, ਮਨੋ ਇਜ਼ਰਾਈਲ ਅਮਰੀਕਾ ਦੇ ਨਾਲ ਹੈ। ਯੂ.ਏ.ਈ. ਹੀ ਇਜ਼ਰਾਈਲੀ ਹਿੱਤਾਂ ਅਨੁਕੂਲ ਕੀਤੇ ਗਏ 'ਅਬਰਾਹੀਮ ਸਮਝੌਤੇ' ਦਾ ਮੁੱਖ ਖਿਲਾੜੀ ਹੈ। ਇਸਨੇ ਇਜ਼ਰਾਈਲੀ ਪੈਰ ਧਰਾਵੇ ਲਈ ਵੀ ਕਾਰਵਾਈ ਕੀਤੀ ਸੀ, ਜਿਸਦਾ ਸਾਊਦੀ ਅਰਬ ਨੇ ਵਿਰੋਧ ਕੀਤਾ ਸੀ। ਇਸ ਅੰਦਰਲਾ ਅਮਰੀਕੀ ਫੌਜੀ ਅੱਡਾ ਹੀ ਲਗਾਤਾਰ ਇਰਾਨ ਵਿਰੁੱਧ ਹਮਲਿਆਂ ਦਾ ਮੁੱਖ ਟਿਕਾਣਾ ਹੈ। ਇਸਨੇ ਹੁਣੇ-ਹੁਣੇ ਇਜ਼ਰਾਈਲੀ ਹਵਾਈ ਰੱਖਿਆ ਪ੍ਰਣਾਲੀ ਨੂੰ ਤਾਇਨਾਤ ਕੀਤਾ ਹੈ। ਲੇਕਿਨ ਅਲ-ਜਜ਼ੀਰਾ ਅਨੁਸਾਰ ਇਰਾਨੀ ਫੌਜ ਦਾ ਬਿਆਨ ਹੈ ਕਿ ਸਾਡੀ ਯੂ.ਏ.ਈ. ਉੱਤੇ ਹਮਲਾ ਕਰਨ ਦੀ ਕੋਈ ਯੋਜਨਾ ਨਹੀਂ, ਇਹ ਸ਼ਰਾਰਤ ਹੈ। ਟਰੰਪ ਲਗਾਤਾਰ ਇਰਾਨ ਨੂੰ ਧਰਤੀ ਦੇ ਨਕਸ਼ੇ ਤੋਂ ਮਿਟਾ ਦੇਣ ਦੀ ਧਮਕੀ ਦੇਈ ਜਾਂਦਾ ਹੈ। ਅਮਰੀਕਾ ਵੱਲੋਂ ਭੇਜੀਆਂ 9 ਸ਼ਰਤਾਂ ਦੇ ਜਵਾਬ ਵਿਚ ਇਰਾਨ ਵੱਲੋਂ ਵੀ 14 ਸ਼ਰਤਾਂ ਭੇਜ ਕੇ ਇਕ ਮਹੀਨੇ ਵਿਚ ਜਵਾਬ ਦੇਣ ਦੀ ਮੋਹਲਤ ਦਿੱਤੀ ਗਈ ਹੈ। ਤੇਲ ਗੈਸ ਸੰਕਟ ਨਾਲ ਜੁੜੇ ਮੌਜੂਦਾ ਹਾਲਾਤਾਂ ਤੋਂ ਸਾਰਾ ਸੰਸਾਰ ਹਿੱਲਿਆ ਪਿਆ ਹੈ। ਦੁਨੀਆਂ ਭਰ ਦੇ ਦੇਸ਼ਾਂ ਦੇ ਸਬੰਧਾਂ ਵਿਚ ਨਵੇਂ ਜੋੜ-ਤੋੜ ਹੋ ਰਹੇ ਹਨ।

ਅਮਰੀਕਾ ਦੀਆਂ ਯੂਰਪ, ਨਾਟੋ ਨਾਲੋਂ ਦੂਰੀਆਂ ਤੋੜ-ਵਿਛੋੜਾ ਹੋਣ ਵਰਗੀਆਂ ਦਿੱਸ ਰਹੀਆਂ ਹਨ। ਅਮਰੀਕਾ ਨੇ ਸਾਰੇ ਯੂਰਪੀ ਦੇਸ਼ਾਂ ਦੀਆਂ ਕਾਰਾਂ ਟਰੱਕਾਂ ਉੱਤੇ 25% ਟੈਰਿਫ਼ ਲਾ ਦਿੱਤਾ ਹੈ। ਟਰੰਪ ਨੇ ਨਾਟੋ ਮੈਂਬਰ ਸਪੇਨ, ਇਟਲੀ, ਫਰਾਂਸ, ਜਰਮਨ ਅਤੇ ਇੰਗਲੈਂਡ ਵੱਲੋਂ ਜੰਗ ਵਿਚ ਸਾਥ ਨਾ ਦੇਣ ਕਰਕੇ ਉਨ੍ਹਾਂ ਵਿਰੁੱਧ ਤਿੱਖੇ ਬਿਆਨ ਦਿੱਤੇ ਹਨ। ਅਮਰੀਕਾ ਨੇ ਜਰਮਨ ਵਿਚੋਂ ਆਪਣੀਆਂ 5000 ਫੌਜਾਂ ਵਾਪਸ ਬੁਲਾ ਲਈਆਂ ਹਨ। ਇੰਗਲੈਂਡ ਦਾ ਰਾਜਾ ਚਾਰਲਸ ਤਾਂ ਅਮਰੀਕੀ ਸੰਸਦ ਵਿਚ ਉਚੇਚਾ ਆਣ ਕੇ ਟਰੰਪ ਨੂੰ ਬੋਲ ਕੇ ਗਿਆ ਕਿ "ਤੂੰ ਕਹਿੰਨਾ ਕਿ ਜੇ ਅਸੀਂ ਨਾ ਹੁੰਦੇ, ਤਾਂ ਸਾਰਾ ਯੂਰਪ ਜਰਮਨ ਬੋਲ ਰਿਹਾ ਹੁੰਦਾ। ਮੈਂ ਵੀ ਕਹਿੰਨਾ ਕਿ ਜੇ ਅਸੀਂ ਨਾ ਹੁੰਦੇ, ਤਾਂ ਤੁਸੀਂ ਵੀ ਸਾਰੇ ਫਰੈਂਚ ਬੋਲ ਰਹੇ ਹੁੰਦੇ"। ਉਸਦਾ ਇਸ਼ਾਰਾ ਅਮਰੀਕਾ ਵਿਚ ਹੋਈ ਇੰਗਲੈਂਡ-ਫਰਾਂਸ ਜੰਗ ਵੱਲ ਸੀ। ਟਰੰਪ ਨੇ ਆਪਣੇ ਵਤੀਰੇ ਅਤੇ ਬੜਬੋਲੇਪਨ ਕਰਕੇ ਯੂਰਪ ਦੇ ਲੀਡਰਾਂ ਨੂੰ ਕਈ ਵਾਰ ਬੇਇੱਜ਼ਤ ਵੀ ਕੀਤਾ ਹੈ, ਨੀਵਾਂ ਵਿਖਾਇਆ ਹੈ। ਗਰੀਨਲੈਂਡ ਅਤੇ ਕੈਨੇਡਾ ਉੱਤੇ ਕਬਜ਼ਾ ਕਰ ਲੈਣ ਵਰਗੇ ਬਿਆਨ ਦੇਣ, ਮਨਮਾਨੇ ਢੰਗ ਨਾਲ ਟੈਰਿਫ਼ ਥੋਪਣ, ਵੈਨਜ਼ੁਏਲਾ ਦੇ ਰਾਸ਼ਟਰਪਤੀ ਨੂੰ ਬੰਦੀ ਬਣਾਉਣ, ਮੈਕਸੀਕੋ ਕੋਲੰਬੀਆ, ਕਿਊਬਾ ਦੀਆਂ ਸਰਕਾਰਾਂ ਉਲਟਾਉਣ ਬਾਰੇ ਮਨਸ਼ਾ ਜ਼ਾਹਰ ਕਰਨ, ਇਜ਼ਰਾਈਲ ਬਾਰੇ ਨੀਤੀ, ਇਰਾਨ ਉੱਤੇ ਇਕਪਾਸੜ ਹਮਲਾ ਆਦਿ ਘਟਨਾਵਾਂ ਕਾਰਨ ਬੇਲੀ ਰਹੇ ਦੇਸ਼ ਵੀ ਸੋਚਣ ਲੱਗੇ ਹਨ ਕਿ ਅਮਰੀਕਾ ਦੀ ਧੱਕੇਸ਼ਾਹੀ ਨਾਲ ਕਦਮ ਮਿਲਾ ਕੇ ਚੱਲਣਾ ਔਖਾ ਹੈ। ਨਵੇਂ ਰਿਸ਼ਤੇ ਬਣ ਰਹੇ ਹਨ।

ਇਸ ਵੇਲੇ ਇਜ਼ਰਾਈਲ ਹਰ ਉਹ ਹਰਕਤ ਕਰ ਰਿਹਾ, ਜਿਸ ਨਾਲ ਸੀਜ਼ਫਾਇਰ ਟੁੱਟ ਜਾਵੇ ਅਤੇ ਇਰਾਨ ਨੂੰ ਤਬਾਹ ਕਰਨ ਲਈ ਅਮਰੀਕਾ ਇਜ਼ਰਾਈਲ ਦੋਵੇਂ ਇਰਾਨ ਉੱਤੇ ਫਿਰ ਟੁੱਟ ਪੈਣ। ਇਜ਼ਰਾਈਲ ਨੇ ਲਿਬਨਾਨ ਦੇ ਇਲਾਕੇ ਉੱਤੇ ਕਬਜ਼ਾ ਕਰਨ ਲਈ ਜੰਗ ਛੇੜ ਰੱਖੀ ਹੈ। ਉਸਨੂੰ 'ਗਰੇਟਰ ਇਜ਼ਰਾਈਲ' ਮਨਸੂਬੇ ਲਈ ਇਹ ਸੁਨਹਿਰੀ ਮੌਕਾ ਜਾਪਦਾ।

ਅਮਰੀਕਾ ਨੇ ਇਰਾਨੀ ਸਰਕਾਰ ਉਲਟਾਉਣ ਲਈ ਹਮਲਾ ਕੀਤਾ ਹੈ, ਉਹ ਤਾਂ ਸਗੋਂ ਹੋਰ ਮਜ਼ਬੂਤ ਹੋ ਗਈ ਹੈ। ਤੇ ਹੁਣ ਛਿੱਥਾ ਜਿਹਾ ਪੈ ਕੇ ਉਹਨੇ ਆਪਣੇ ਲਕਸ਼ ਇੰਜ ਬਦਲ ਲਏ। ਪਹਿਲਾਂ ਆਖਿਆ ਕਿ ਹੋਰਮੂਜ਼ ਦੀ ਸਮੁੰਦਰੀ ਆਵਾਜਾਈ ਨਾਲ ਸਾਡਾ ਕੋਈ ਸਬੰਧ ਨਹੀਂ, ਸਾਡੇ ਏਧਰੋਂ ਜਹਾਜ਼ ਨਹੀਂ ਗੁਜ਼ਰਦੇ, ਪਰ ਫਿਰ ਐਲਾਨ ਕਰ ਦਿੱਤਾ ਕਿ ਇਰਾਨ ਹੋਰਮੂਜ਼ ਲਾਂਘਾ ਸਭ ਲਈ ਖੋਲ੍ਹੇ, ਨਹੀਂ ਤਾਂ ਅਸੀਂ ਖ਼ੁਦ ਇਰਾਨ ਦੀ ਸਾਰੀ ਨਾਕਾਬੰਦੀ ਕਰ ਦਿਆਂਗੇ ਤੇ ਕਰ ਦਿੱਤੀ। ਇਸੇ ਤਰ੍ਹਾਂ ਪਹਿਲਾਂ ਜੂਨ 2025 ਦੇ ਹਮਲੇ ਬਾਅਦ ਆਖਿਆ ਕਿ ਇਰਾਨ ਦੀ ਪ੍ਰਮਾਣੂੰ ਸਮਰੱਥਾ ਮਲੀਆਮੇਟ ਕਰ ਦਿੱਤੀ ਹੈ। ਪਰ ਫਿਰ 28 ਫਰਵਰੀ 2026 ਨੂੰ ਇਹ ਆਖ ਕੇ ਹਮਲਾ ਕਰ ਦਿੱਤਾ ਕਿ ਇਰਾਨ ਦੀ ਨਿਊਕਲੀਅਰ ਬੰਬ ਬਣਾਉਣ ਦੀ ਸਮਰੱਥਾ ਖ਼ਤਮ ਕਰਨੀ ਹੈ। 40 ਦਿਨ ਦੀ ਤਬਾਹੀ ਕਰਕੇ ਗੋਲੀਬੰਦੀ ਕਰ ਦਿੱਤੀ। ਬਿਆਨ ਦਿੱਤੇ ਕਿ ਇਰਾਨ ਦੀ ਨੇਵੀ, ਹਵਾਈ, ਜ਼ਮੀਨੀ, ਨਿਊਕਲੀਅਰ ਤਾਕਤ ਖ਼ਤਮ ਕਰਕੇ ਅਮਰੀਕਾ ਜਿੱਤ ਗਿਆ ਹੈ।

ਤੇ ਹੁਣ ਫਿਰ ਆਖਣ ਲੱਗ ਪਏ ਕਿ ਇਰਾਨ ਪ੍ਰਮਾਣੂ ਬੰਬ ਬਣਾ ਸਕਦਾ, ਆਪਣਾ ਸਾਰਾ ਸੋਧਿਆ ਯੂਰੇਨੀਅਮ ਸਾਡੇ ਹਵਾਲੇ ਕਰੇ, ਨਹੀਂ ਤਾਂ ਮੁਕੰਮਲ ਤਬਾਹੀ ਕਰਕੇ ਪੱਥਰ ਯੁੱਗ ਵਿਚ ਪੁਚਾ ਦਿਆਂਗੇ। ਸੱਚਾਈ ਇਹ ਹੈ ਕਿ ਪ੍ਰਮਾਣੂੰ ਬੰਬ ਦਾ ਮੁੱਦਾ ਇਨ੍ਹਾਂ ਦਾ ਇਰਾਨ ਉਤੇ ਹਮਲਾ ਕਰਨ ਦਾ ਮਹਿਜ਼ ਬਹਾਨਾ ਹੈ। ਆਇਤੁਲਾ ਖ਼ੁਮੈਨੀ ਨੇ ਤਾਂ ਪ੍ਰਮਾਣੂੰ ਬੰਬ ਨੂੰ ਇਸਲਾਮ ਵਿਰੋਧੀ ਆਖ ਕੇ ਇਸ ਵਿਰੁੱਧ ਫ਼ਤਵਾ ਦਿੱਤਾ ਸੀ। ਇਰਾਨ ਨੇ 1973 ਦੇ 'ਪਮਾਣੂੰ ਬੰਬ ਰੋਕੂ ਸੰਧੀ' 'ਤੇ ਦਸਤਖ਼ਤ ਕੀਤੇ ਹੋਏ। ਉਸਦਾ ਸਾਰਾ ਪ੍ਰਮਾਣੂੰ ਵਿਕਾਸ ਕੰਮ 'ਅੰਤਰਰਾਸ਼ਟਰੀ ਅਟੌਮਿਕ ਐਨਰਜ਼ੀ ਏਜੰਸੀ' ਦੀ ਨਿਗਰਾਨੀ ਵਿਚ ਰਿਹਾ ਤੇ ਉਹ ਹੁਣ ਵੀ ਅਜਿਹੀ ਨਿਗਰਾਨੀ ਲਈ ਆਪਣੀ ਸਹਿਮਤੀ ਦਿੰਦਾ। ਤਾਜ਼ੀ ਖ਼ਬਰ ਕਿ ਇਰਾਨ ਨਿਊਕਲੀਅਰ ਵਾਧਾ ਰੋਕਣ ਵਾਲੀ ਯੂ.ਐੱਨ. ਸੰਸਥਾ ਐੱਨ.ਪੀ.ਟੀ. ਦਾ ਮੀਤ ਪ੍ਰਧਾਨ ਚੁਣਿਆ ਗਿਆ ਹੈ। ਵੈਸੇ ਵੀ ਹਰ ਮੁਲਕ ਦਾ ਅਧਿਕਾਰ ਕਿ ਉਹ ਸ਼ਾਂਤਮਈ ਮਨੋਰਥ ਲਈ ਇਕ ਹੱਦ ਤਕ ਪ੍ਰਮਾਣੂੰ ਵਿਕਾਸ ਕਰ ਸਕਦਾ।

ਇਸ ਹਿਸਾਬ ਨਾਲ ਇਹ ਮੁੱਦਾ ਇਰਾਨ ਦੀ ਹੋਂਦ, ਆਜ਼ਾਦ ਮੁਲਕ ਵਾਲੀ ਹਸਤੀ ਅਤੇ ਅਣਖ਼ ਨਾਲ ਜਿਊਣ ਨਾਲ ਜੁੜਿਆ ਹੋਇਆ। ਇਰਾਨ ਦਾ ਐਲਾਨ ਕਿ ਉਹ ਕਿਸੇ ਵੀ ਕੀਮਤ ਉੱਤੇ ਆਪਣਾ ਸੋਧਿਆ ਯੂਰੇਨੀਅਮ ਅਮਰੀਕਾ ਦੇ ਹਵਾਲੇ ਕਰਕੇ ਆਪਣਾ ਪ੍ਰਮਾਣੂੰ ਵਿਕਾਸ ਪ੍ਰੋਗਰਾਮ ਠੱਪ ਨਹੀਂ ਕਰੇਗਾ। ਪ੍ਰਮਾਣੂੰ ਬੰਬ ਨਾ ਬਣਾਉਣ ਬਾਰੇ ਸਹਿਮਤੀ ਇਰਾਨ ਜ਼ਰੂਰ ਦੇ ਸਕਦਾ, ਪਹਿਲੋਂ ਵੀ ਹੈ। ਇਸ ਸਹਿਮਤੀ ਨੂੰ ਆਪਣੀ ਵੱਡੀ ਜਿੱਤ ਵਜੋਂ ਪ੍ਰਚਾਰ ਕੇ ਅਮਰੀਕਾ ਸਮਝੌਤਾ ਕਰਨ ਵੱਲ ਵਧ ਸਕਦਾ।

ਹੋਰਮੂਜ਼ ਲਾਂਘਾ ਵੀ ਇਰਾਨ ਖੋਲ੍ਹ ਦਏਗਾ, ਹਮਲੇ ਕਾਰਨ ਬੰਦ ਕੀਤਾ, ਲੇਕਿਨ ਉਸਦਾ ਲਾਂਘੇ ਵਾਲਾ ਕੰਟਰੋਲ ਆਪਣੇ ਕੋਲ ਰੱਖੇਗਾ ਕਿਉਂਕਿ ਇਹ ਸਮੁੰਦਰੀ ਲਾਂਘਾ ਉਸਦੀ ਹੱਦ ਵਿਚ ਹੈ। ਇਸ ਯੁੱਧ ਵਾਲੇ ਮਾਹੌਲ ਵਿਚ ਉਹ ਆਪਣੀ ਹੱਦ ਵਿਚ ਕਿਸੇ ਦੁਸ਼ਮਣ ਦੀ ਫੌਜ ਨੂੰ ਘੁੰਮਣ ਜਾਂ ਟਿਕਣ ਨਹੀਂ ਦੇ ਸਕਦੇ। ਅਗਰ ਏਥੇ ਕੁ ਸਮਝੌਤਾ ਹੋ ਜੇ, ਤਾਂ ਸਭ ਦੇ ਹਿੱਤ ਵਿਚ ਹੋਵੇਗਾ। ਜੇ ਅਮਰੀਕਾ ਨੇ ਅੜੀ ਕਰਕੇ ਜਾਂ ਇਜ਼ਰਾਈਲ ਦੀ ਚੁੱਕ ਵਿਚ ਆ ਕੇ ਇਰਾਨ ਦਾ ਲੱਕ ਤੋੜਨ ਦਾ ਮਕਸਦ ਲੈ ਕੇ, ਹਮਲੇ ਦਾ ਕੋਈ ਵੀ ਬਹਾਨਾ ਬਣਾਇਆ, ਤਾਂ ਫਿਰ ਜੰਗ ਹੋਵੇਗੀ। ਇਰਾਨ ਦੀ ਤਬਾਹੀ ਤਾਂ ਹੋਵੇਗੀ ਹੀ ਪਰ ਅਮਰੀਕਾ ਅਤੇ ਇਜ਼ਰਾਈਲ ਲਈ ਵੀ ਇਹ ਜੰਗ ਇਕ ਬਹੁਤ ਕੌੜਾ ਸਬਕ ਹੋਵੇਗੀ। ਇਹ ਭਵਿੱਖ ਵਿਚ ਇਰਾਨ ਨੂੰ ਪ੍ਰਮਾਣੂੰ ਤਾਕਤ ਬਣ ਕੇ ਆਪਣਾ ਬਚਾਅ ਕਰਨ ਲਈ ਮਜਬੂਰ ਕਰਨ ਵਾਲੇ ਰਾਹੇ ਤੋਰਨ ਵਰਗੀ ਗੱਲ ਹੋਵੇਗੀ।

ਮੱਧ ਪੂਰਬ ਦੇ ਖਾੜੀ ਦੇਸ਼ (ਕਤਰ, ਯੂ.ਏ.ਈ., ਬਹਿਰੀਨ, ਇਰਾਕ, ਸਾਊਦੀ ਅਰਬ, ਜੌਰਡਨ, ਕੁਵੈਤ, ਓਮਾਨ) ਦਾ ਤਾਂ ਸਿੱਧਾ ਇਰਾਨ ਨਾਲ ਕੋਈ ਝਗੜਾ ਨਹੀਂ। ਪਰ ਇਨ੍ਹਾਂ ਦੀਆਂ ਧਰਤੀਆਂ ਉੱਤੇ ਅਮਰੀਕਾ ਦੇ ਫੌਜੀ ਅੱਡੇ ਹਨ। ਇਨ੍ਹਾਂ ਅੱਡਿਆਂ ਉੱਤੋਂ ਇਰਾਨ ਉੱਤੇ ਹਮਲੇ ਹੁੰਦੇ। ਇਹ ਵਿਚਕਾਰ ਫਸ ਗਏ ਹਨ। ਜੇ ਜੰਗ ਲਮਕਦੀ ਭੜਕਦੀ ਹੈ, ਤਾਂ ਇਨ੍ਹਾਂ ਲਈ ਸਭ ਤੋਂ ਵੱਧ ਘਾਤਕ ਹੋਵੇਗੀ, ਖਾਸ ਕਰਕੇ ਕਤਰ, ਯੂ.ਏ.ਈ., ਬਹਿਰੀਨ, ਕੁਵੈਤ ਲਈ। ਭਾਰਤ ਉੱਤੇ ਵੀ ਵੱਡਾ ਨਾਂਹ ਪੱਖੀ ਅਸਰ ਪਵੇਗਾ, ਕੁਛ ਤਾਂ ਪਹਿਲੋਂ ਪੈ ਈ ਚੁੱਕਾ।

ਸਾਡਾ ਭਾਰਤ 'ਬਰਿਕਸ' ਦੇਸ਼ਾਂ ਦਾ ਇਸ ਵੇਲੇ ਪ੍ਰਧਾਨ ਹੈ ਤੇ ਇਰਾਨ ਵੀ ਮੈਂਬਰ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਹਮਲੇ ਤੋਂ 2 ਦਿਨ ਪਹਿਲਾਂ ਇਜ਼ਰਾਈਲ ਜਾ ਕੇ ਨੇਤਨਯਾਹੂ ਦਾ ਗੁਣਗਾਨ ਨਹੀਂ ਸੀ ਕਰਨਾ ਚਾਹੀਦਾ। ਇਰਾਨੀ ਲੀਡਰਾਂ ਤੇ 168 ਬੱਚੀਆਂ ਨੂੰ ਮਾਰਨ, ਭਾਰਤ ਦੇ ਸੱਦੇ ਉੱਤੇ ਆਏ 80 ਇਰਾਨੀ ਪ੍ਰਾਹੁਣਿਆਂ ਨੂੰ ਵਾਪਸ ਜਾਂਦਿਆਂ ਡੁਬੋ ਕੇ ਮਾਰਨ ਦੀ ਵੀ ਮੋਦੀ ਨਿੰਦਾ ਕਰਦੇ, ਤਾਂ ਭਾਰਤ ਦਾ ਪਰਖੇ ਮਿੱਤਰ ਦੇਸ਼ ਇਰਾਨ ਨਾਲ ਵਿਸ਼ਵਾਸ ਬਣਿਆਂ ਰਹਿੰਦਾ। ਅਮਰੀਕਾ ਤਾਂ ਕਿਸੇ ਦਾ ਮਿੱਤ ਨਹੀਂ, ਨਾਟੋ ਦਾ ਵੀ ਨਹੀਂ। ਟਰੰਪ ਨੇ ਸਾਡੇ ਪ੍ਰਧਾਨ ਮੰਤਰੀ ਦੇ ਮੂੰਹ 'ਤੇ ਆਖਿਆ ਕਿ 'ਬਰਿਕਸ' ਗਠਜੋੜ ਮਰ ਚੁੱਕਾ, ਤੇ ਹੁਣ ਭਾਰਤ, ਚੀਨ ਨੂੰ 'ਨਰਕ' ਆਖਿਆ। ਸਾਡੇ 'ਤੇ 18% ਟੈਰਿਫ਼ ਲਾ ਕੇ ਸਾਨੂੰ ਅਮਰੀਕਾ ਉੱਤੇ ਜ਼ੀਰੋ % ਟੈਰਿਫ਼ ਲਾਉਣ ਲਈ ਮਜਬੂਰ ਕੀਤਾ। ਅਸੀਂ ਅੱਗੋਂ "ਮਾਈ ਬੈਸਟ ਫਰੈਂਡ" ਪਤਾ ਨੀਂ ਕਿਹੜੇ ਡਰੋਂ ਕਹੀ ਜਾਨੇ! ਤੇ ਭਾਰਤ ਦੀ ਏਸੇ ਕਮਜ਼ੋਰੀ ਦਾ ਨਤੀਜਾ ਜਾਪਦਾ ਕਿ ਅਮਰੀਕਾ ਇਰਾਨ ਦਰਮਿਆਨ ਗੱਲਬਾਤ ਕਰਾਉਣ ਲਈ ਸਭ ਵੱਲੋਂ ਪਾਕਿਸਤਾਨ ਨੂੰ ਵੱਧ ਭਰੋਸੇਯੋਗ ਸਮਝਿਆ ਗਿਆ। ਭਾਰਤ ਨੂੰ ਆਪਣੀ ਵਿਦੇਸ਼ ਨੀਤੀ ਬਾਰੇ ਅੰਤਰਝਾਤ ਦੀ ਲੋੜ ਹੈ। ਏਡੇ ਵੱਡੇ ਭਾਰਤ ਨੂੰ ਅਮਰੀਕਾ ਤੋਂ ਯਰਕਣ ਦੀ ਕੀ ਮਜਬੂਰੀ ਹੈ?

ਅਮਰੀਕਾ ਤਾਂ ਇਰਾਨ ਨੂੰ ਪੱਥਰ ਯੁੱਗ ਵਿਚ ਪੁਚਾ ਦੇਣ ਦੀਆਂ ਫੜ੍ਹਾਂ ਮਾਰਨ ਬਾਅਦ ਹੁਣ ਫਿਰ ਸਮਝੌਤੇ ਲਈ ਝੁਕ ਰਿਹਾ ਲੱਗਦਾ। ਖ਼ਬਰ ਹੈ ਕਿ ਇਰਾਨ ਵੱਲੋਂ ਰੱਖੀਆਂ 14 ਸ਼ਰਤਾਂ ਦੇ ਆਧਾਰ ਉੱਤੇ ਹੀ ਗੱਲ ਹੋ ਰਹੀ ਹੈ। ਇਰਾਨ ਕਹਿ ਰਿਹਾ ਕਿ ਸਮਝੌਤੇ ਵਿਚ ਅਸੀਂ ਦੇਸ਼ ਹਿੱਤ ਲਈ ਖੜ੍ਹਾਂਗੇ, ਚਾਹੇ ਜੰਗ ਹੀ ਕਰਨੀ ਪਵੇ। ਇਹ ਜੰਗ ਹੌਂਸਲੇ ਅਤੇ ਹਵਸ/ਹਉਮੈਂ ਦਰਮਿਆਨ ਹੈ।

ਭਾਵੇਂ ਵਾਰਤਾ ਹੋਣ ਦੀਆਂ ਖ਼ਬਰਾਂ ਹਨ ਪਰ ਮੁੜ ਜੰਗ ਭੜਕਣ ਦੀ ਸੰਭਾਵਨਾ ਤਾਂ ਅਜੇ ਬਰਕਰਾਰ ਹੈ। ਇਸ ਜੰਗ ਵਿਚ ਇਰਾਨ ਆਪਣੀ ਅਣਖ ਦੀ ਭਾਰੀ ਕੀਮਤ ਤਾਰੇਗਾ, ਅਮਰੀਕਾ ਆਪਣੀ ਹਉਮੈਂ ਅਤੇ ਸਵਾਰਥੀ ਮਨਸੂਬਿਆਂ ਲਈ ਇਨਸਾਨਾਂ ਦੀ ਬਲੀ ਲਵੇਗਾ, ਪਰ ਇਜ਼ਰਾਈਲ ਹਰ ਹਾਲਤ ਵਿਚ ਸਾਰੇ ਸੰਸਾਰ ਨੂੰ ਆਪਣਾ ਨਾਸੂਰ ਵਰਗਾ ਅਹਿਸਾਸ ਕਰਾਵੇਗਾ। ਕਾਸ਼! ਐਸਾ ਨਾ ਹੋਵੇ।

ਡਾਕਟਰ ਅਜੀਤ ਸਿੰਘ ਕੋਟਕਪੂਰਾ
ਮੋਬਾਈਲ : +1-657-464-4066
ਪੰਜਾਬ ਮੇਲ USA



# ਤੂੰ ਕੀ ਜਾਣੇ ਸੱਜਣਾ ....

ਵੀਰੂ ਦੇ ਮਨ ਵਿਚ ਵੀ ਖਿਆਲਾਂ ਦੀ ਹਨੇਰੀ ਝੁੱਲ ਰਹੀ ਜਾਪਦੀ ਸੀ। ਉਹ ਹੌਲੀ-ਹੌਲੀ ਅੱਗੇ ਵੱਲ ਨੂੰ ਵੱਧ ਰਿਹਾ ਸੀ ਅਤੇ ਹੁਣ ਉਹ ਕੰਧੋਲੀ ਕੋਲ ਹੀ ਆ ਕੇ ਖੜੋ ਗਿਆ। ਉਸ ਨੂੰ ਤਾਂ ਗੌਲਣ ਦੀ ਕਿਸ ਨੂੰ ਵੇਹਲ ਸੀ, ਉਹ ਦੋਵੇਂ ਤਾਂ ਆਪਣੀਆਂ ਹੀ ਕਥਾਵਾਂ ਵਿਚ ਰੁਝੇ ਹੋਏ ਸਨ। ਹਾਲੇ ਚਾਹ ਤਿਆਰ ਨਹੀਂ ਹੋਈ ਸੀ। ਵੀਰੂ ਕੰਧੋਲੀ ਕੋਲ ਖੜੋਤਾ ਰਿਹਾ, ਉਸ ਨੂੰ ਗੱਲਾਂ ਸੁਣ ਰਹੀਆਂ ਸਨ ਪਰ ਉਸ ਦੀ ਸਮਝ ਤੋਂ ਬਾਹਰ ਸਨ। ਉਹ ਵਿਚਾਰਾ ਕੀ ਜਾਣੇ ਕਿ ਇਨ੍ਹਾਂ ਦੀਆਂ ਗੱਲਾਂ ਵਿਚ ਉਸ ਦਾ ਭਵਿੱਖ ਵੀ ਮੂੰਹ ਛਿਪਾਈ ਘੁੰਮ ਰਿਹਾ ਸੀ।

ਭਜਨ ਸਿੰਘ ਆਇਆ, ਉਸ ਨੇ ਸੁਰਜੀਤ ਤੋਂ ਆਪਣੇ ਸਵਾਲ ਦਾ ਜਵਾਬ ਮੰਗਿਆ। ਉਸ ਨੇ ਉੱਤਰ ਵਿਚ ਆਖਿਆ ਕਿ ਤੇਰੇ ਤੇ ਮੇਰੇ ਵਿਚਕਾਰ ਰਿਸ਼ਤਿਆਂ ਦੀ ਕੰਧ ਉਸਰੀ ਹੋਈ ਹੈ। ਮੈਨੂੰ ਉਸ ਨੂੰ ਲੰਘਣ ਲਈ ਹੌਂਸਲੇ ਦੀ ਲੋੜ ਹੈ, ਜਿਸ ਨੂੰ ਕੁਝ ਸਮਾਂ ਲੱਗੇਗਾ। ਤੂੰ ਕਾਹਲੀ ਨਾ ਕਰ, ਸਭ ਕੁਝ ਠੀਕ ਹੋ ਜਾਵੇਗਾ। ਮੈਂ ਚਾਹ ਧਰਦੀ ਹਾਂ। ਚਾਹ ਪੀਵਾਂਗੇ ਅਤੇ ਥੋੜੀ ਦੇਰ ਗੱਲਾਂ ਕਰਾਂਗੇ। ਸ਼ਾਇਦ ਗੱਲਾਂ ਨਾਲ ਅਸੀਂ ਕਿਸੇ ਹੱਲ ’ਤੇ ਪਹੁੰਚ ਸਕੀਏ। ਤੂੰ ਕਾਹਲੀ ਬਹੁਤ ਕਰਦਾ ਹੈਂ। ਕਾਹਲੀ ਨਾਲ ਅਜਿਹੇ ਫੈਸਲੇ ਨਹੀਂ ਕੀਤੇ ਜਾਂਦੇ। ਕੰਧੋਲੀ ਓਹਲੇ ਬੈਠੀ ਸੁਰਜੀਤ ਨੇ ਚੁੱਲ੍ਹੇ ਉਤੇ ਚਾਹ ਧਰ ਦਿੱਤੀ ਅਤੇ ਭਜਨ ਸਿੰਘ ਨਾਲ ਗਲੀਂ ਲੱਗ ਗਈ। ਭਜਨ ਸਿੰਘ ਨੇੜੇ ਪਿਆ ਮੂੜ੍ਹਾ ਚੁੱਕ ਕੇ ਕੰਧੋਲੀ ਦੇ ਨਾਲ ਹੀ ਬੈਠ ਗਿਆ। ਸੁਰਜੀਤ ਨੇ ਦੱਸਿਆ ਕਿ ਉਹ ਤਾਂ ਇਸ ਵਕਤ ਰਿਸ਼ਤਿਆਂ ਦੇ ਜੰਗਲ ਵਿਚ ਘਿਰੀ ਹੋਈ ਹੈ। ਰੁੱਖਾਂ ਦੇ ਪਰਛਾਵੇਂ ਬਹੁਤ ਸੰਘਣੇ ਹਨ। ਉਹ ਫੁੱਲ ਉਗਾਉਣ ਦਾ ਯਤਨ ਕਰਨਾ ਚਾਹੁੰਦੀ ਸੀ ਪ੍ਰੰਤੂ ਫੁੱਲ ਤਾਂ ਉਗਣ ਦਾ ਨਾਂ ਹੀ ਨਹੀਂ ਲੈ ਰਹੇ ਸਨ।

ਵੀਰੂ ਦੇ ਮਨ ਵਿਚ ਵੀ ਖਿਆਲਾਂ ਦੀ ਹਨੇਰੀ ਝੁੱਲ ਰਹੀ ਜਾਪਦੀ ਸੀ। ਉਹ ਹੌਲੀ-ਹੌਲੀ ਅੱਗੇ ਵੱਲ ਨੂੰ ਵੱਧ ਰਿਹਾ ਸੀ ਅਤੇ ਹੁਣ ਉਹ ਕੰਧੋਲੀ ਕੋਲ ਹੀ ਆ ਕੇ ਖੜੋ ਗਿਆ। ਉਸ ਨੂੰ ਤਾਂ ਗੌਲਣ ਦੀ ਕਿਸ ਨੂੰ ਵੇਹਲ ਸੀ, ਉਹ ਦੋਵੇਂ ਤਾਂ ਆਪਣੀਆਂ ਹੀ ਕਥਾਵਾਂ ਵਿਚ ਰੁਝੇ ਹੋਏ ਸਨ। ਹਾਲੇ ਚਾਹ ਤਿਆਰ ਨਹੀਂ ਹੋਈ ਸੀ। ਵੀਰੂ ਕੰਧੋਲੀ ਕੋਲ ਖੜੋਤਾ ਰਿਹਾ, ਉਸ ਨੂੰ ਗੱਲਾਂ ਸੁਣ ਰਹੀਆਂ ਸਨ ਪਰ ਉਸ ਦੀ ਸਮਝ ਤੋਂ ਬਾਹਰ ਸਨ। ਉਹ ਵਿਚਾਰਾ ਕੀ ਜਾਣੇ ਕਿ ਇਨ੍ਹਾਂ ਦੀਆਂ ਗੱਲਾਂ ਵਿਚ ਉਸ ਦਾ ਭਵਿੱਖ ਵੀ ਮੂੰਹ ਛਿਪਾਈ ਘੁੰਮ ਰਿਹਾ ਸੀ।

ਛਿੱਟੀਆਂ ਦੀ ਅੱਗ ਚੁੱਲ੍ਹੇ ਦੇ ਵਿਚ ਬਲ ਰਹੀ ਸੀ, ਉਸ ਅੱਗ ਵਿਚ ਉੱਛਲ ਕੇ ਨਿਕਲ ਰਿਹਾ ਧੂੰਆਂ ਸੁਰਜੀਤ ਦੀਆਂ ਅੱਖਾਂ ਵਿਚ ਪੈ ਰਿਹਾ ਸੀ ਅਤੇ ਉਸ ਨੂੰ ਆਪਣਾ ਭਵਿੱਖ ਵੀ ਧੁੰਦਲਾ ਹੀ ਜਾਪ ਰਿਹਾ ਸੀ। ਉਹ ਵਿਚਾਰੀ ਵਿਧਵਾ ਸੋਚਾਂ ਵਿਚ ਗੁਆਚੀ ਹੋਈ ਸੀ। ਹੁਣ ਚਾਹ ਬਣ ਗਈ ਅਤੇ ਉਸ ਨੇ ਦੋ ਗਲਾਸਾਂ ਵਿਚ ਪਾ ਦਿੱਤੀ ਅਤੇ ਇਕ ਗਲਾਸ ਕੰਧੋਲੀ ਉਤੇ ਰੱਖ ਦਿੱਤਾ, ਜਿਹੜਾ ਭਜਨੇ ਨੇ ਚੁੱਕ ਲਿਆ। ਭਜਨਾ ਚਾਹ ਪੀਂਦਾ ਹੋਇਆ ਗੱਲਾਂ ਕਰਦਾ ਹੋਇਆ ਆਪਣੇ ਸਵਾਲ ਦਾ ਜਵਾਬ ਹੀ ਪੁੱਛਣ ਦੀ ਕੋਸ਼ਿਸ਼ ਵਿਚ ਸੀ। ਉਹ ਗੱਲ ਨੂੰ ਘੁੰਮਾ ਫਿਰਾ ਕੇ ਅੰਤ ਆਪਣੇ ਸਵਾਲ ਦੇ ਜੁਆਬ ’ਤੇ ਹੀ ਲੈ ਆਉਂਦਾ ਸੀ। ਉਸ ਨੂੰ ਨਾ ਸੁਰਜੀਤ ਦੇ ਵੀਰੂ ਦਾ ਫਿਕਰ ਸੀ ਅਤੇ ਨਾ ਹੀ ਸੁਰਜੀਤ ਦੇ ਰਿਸ਼ਤਿਆਂ ਦੇ ਜੰਗਲ ਬਾਰੇ ਕੋਈ ਅਹਿਸਾਸ ਸੀ। ਉਸ ਨੂੰ ਤਾਂ ਆਪਣੇ ਹੱਕ ਵਿਚ ਉੱਤਰ ਦੀ ਉਮੀਦ ਸੀ। ਸੁਰਜੀਤ ਆਖ ਰਹੀ ਸੀ ----ਤੂੰ ਕੀ ਜਾਣੇ ਸੱਜਣਾ ਮੈਂ ਕਿੱਡੀ ਮਜਬੂਰ।

ਭਜਨਾ ਤਾਂ ਇਹੋ ਹੀ ਚਾਹੁੰਦਾ ਸੀ ਕਿ ਸੁਰਜੀਤ ਸਾਰੀਆਂ ਪੁਰਾਣੀਆਂ ਗੱਲਾਂ ਭੁੱਲ ਕੇ ਉਸ ਦੇ ਨਾਲ ਜਾਣ ਲਈ ਰਾਜ਼ੀ ਹੋ ਜਾਵੇ। ਮੇਰਾ ਘਰ ਵੱਸ ਜਾਵੇ। ਉਸ ਦੀ ਆਪਣੀ ਪਤਨੀ ਨੂੰ ਮਰੀ ਨੂੰ ਲਗਭਗ 6 ਮਹੀਨੇ ਹੋ ਚੁੱਕੇ ਸਨ। ਉਹ ਵੀਰੂ ਨੂੰ ਨਾਲ ਲੈ ਕੇ ਜਾਣ ਲਈ ਤਿਆਰ ਸੀ।

ਸੁਰਜੀਤ ਤੇ ਭਜਨਾ ਚਾਹ ਪੀ ਚੁੱਕੇ ਸਨ। ਭਜਨਾ ਜਾਣ ਲਈ ਉਠਿਆ, ਤਾਂ ਸੁਰਜੀਤ ਨੇ ਫੇਰ ਮਿਲਣ ਲਈ ਆਖਿਆ ਕਿ ਦੋ ਦਿਨ ਠਹਿਰ ਜਾ ਫੇਰ ਮੈਂ ਕੋਈ ਫੈਸਲਾ ਕਰ ਲਵਾਂਗੀ। ਜ਼ਿਆਦਾ ਦੇਰ ਨਹੀਂ ਪੈਣ ਦਿੰਦੀ, ਤੈਨੂੰ ਮੈਂ ਆਪਣਾ ਫੈਸਲਾ ਸੁਣਾ ਦੇਵਾਂਗੀ। ਭਜਨਾ ਅੱਛਾ ਜੀ, ਆਖ ਉਥੋਂ ਚਲਾ ਗਿਆ। ਵੀਰੂ ਉਸ ਨੂੰ ਜਾਂਦੇ ਹੋਏ ਨੂੰ ਦੇਖ ਰਿਹਾ ਸੀ। ਭਜਨ ਨੇ ਵੀਰੂ ਵੱਲ ਬਿਲਕੁਲ ਹੀ ਧਿਆਨ ਨਹੀਂ ਦਿੱਤਾ ਸੀ। ਸੁਰਜੀਤ ਨੇ ਵੀ ਦੇਖਿਆ ਕਿ ਵੀਰੂ ਆਪਣੀ ਖੇਡ ਵਿਚ ਮਸਤ ਹੋ ਗਿਆ ਸੀ।

ਸੁਰਜੀਤ ਚੌਂਕੇ ਵਿਚ ਉੱਠ ਮੰਜੀ ਉਤੇ ਢੇਰੀ ਹੋ ਗਈ। ਉਹ ਸੌਣ ਦੀ ਕੋਸ਼ਿਸ਼ ਕਰਨ ਲੱਗੀ। ਪਰ ਨੀਂਦ ਤਾਂ ਉਸ ਦੇ ਦੀਦਿਆਂ ਦੇ ਨੇੜੇ ਤੇੜੇ ਵੀ ਨਹੀਂ ਸੀ। ਉਹ ਸੋਚਾਂ ਵਿਚ ਆਪਣੇ ਅਤੀਤ ਵੱਲ ਦੇਖਣ ਲੱਗੀ। ਉਸ ਨੂੰ ਯਾਦ ਸੀ ਕਿ ਜਦੋਂ ਉਹ ਇਸ ਘਰ ਵਿਚ ਵਿਆਹੀ ਆਈ ਸੀ, ਉਸ ਦੀ ਸੱਸ ਨੇ ਕਿਤਨੀ ਖੁਸ਼ੀ ਮਨਾਈ ਸੀ। ਉਸ ਨੂੰ ਪੂਰਾ ਮਹੀਨਾ ਹੀ ਰਸੋਈ ਦਾ ਕੋਈ ਕੰਮ ਨਹੀਂ ਕਰਨ ਦਿੱਤਾ ਸੀ। ਮੋਹਨ ਸਿੰਘ ਨੇ ਉਸ ਨੂੰ ਸੈਰਾਂ ਕਰਵਾਈਆਂ ਸਨ। ਜਦੋਂ ਉਸ ਦਾ ਪੈਰ ਭਾਰੀ ਹੋ ਗਿਆ ਸੀ, ਤਾਂ ਉਸ ਦੀ ਸੱਸ ਨੂੰ ਉਸ ਨੂੰ ਪੂਰੀ ਤਰ੍ਹਾਂ ਆਰਾਮ ਕਰਨ ਲਈ ਆਖਿਆ ਸੀ ਅਤੇ ਮੋਹਨ ਉਸ ਦੇ ਲਈ ਵੱਖਰੀ-ਵੱਖਰੀ ਕਿਸਮ ਦੇ ਫਲ ਖਾਣ ਲਈ ਲੈ ਆਇਆ ਕਰਦਾ ਸੀ। ਘਰ ਵਿਚ ਦੁੱਧ ਦੀ ਕੋਈ ਘਾਟ ਨਹੀਂ ਸੀ। ਸਮੇਂ-ਸਮੇਂ ’ਤੇ ਡਾਕਟਰ ਨੂੰ ਵਿਖਾਇਆ ਜਾਂਦਾ ਸੀ। ਸਮਾਂ ਪੂਰਾ ਹੋਣ ’ਤੇ ਹਸਪਤਾਲ ਵਿਚ ਦਾਖਲ ਕਰਵਾ ਦਿੱਤਾ ਸੀ। ਡਲਿਵਰੀ ਨਾਰਮਲ ਹੋਈ ਸੀ। ਵੀਰੂ ਵਾਹਿਗੁਰੂ ਦੀ ਕਿਰਪਾ ਨਾਲ ਠੀਕ-ਠਾਕ ਸੀ। ਘਰ ਖੁਸ਼ੀਆਂ ਨਾਲ ਭਰ ਗਿਆ ਸੀ। ਲੱਡੂ ਵੰਡੇ ਗਏ। ਘਰ ਦੇ ਸਾਰੇ ਹੀ ਜੀਅ ਖੁਸ਼ੀਆਂ ਮਨਾ ਰਹੇ ਸੀ। ਸੁਰਜੀਤ ਅਤੇ ਮੋਹਨ ਸਿੰਘ ਆਪਣੇ ਬੱਚੇ ਨਾਲ ਖੁਸ਼ ਸਨ। ਵੀਰੂ ਦੇ ਦਾਦਾ ਦਾਦੀ ਵੀ ਮੋਹਨ ਸਿੰਘ ਨਾਲ ਹੀ ਰਹਿ ਰਹੇ ਸਨ, ਜਦੋਂਕਿ ਮੋਹਨ ਸਿੰਘ ਦਾ ਵੱਡਾ ਭਾਈ ਅੱਡ ਹੋ ਗਿਆ ਸੀ ਅਤੇ ਵੱਖਰੇ ਤੌਰ ’ਤੇ ਖੇਤੀ ਕਰ ਰਿਹਾ ਸੀ। ਵੀਰੂ ਦੇ ਪਰਿਵਾਰ ਦੀਆਂ ਖੁਸ਼ੀਆਂ ਨੂੰ ਉਸ ਵਕਤ ਲਾਂਬੂ ਲੱਗ ਗਏ, ਜਦੋਂ ਇਕ ਦਿਨ ਮੋਹਨ ਸਿੰਘ ਆਪਣੇ ਬਿਸਤਰੇ ਉਪਰ ਸੁੱਤਾ ਹੀ ਰਹਿ ਗਿਆ ਸੀ। ਉਸ ਨੂੰ ਪਤਾ ਹੀ ਨਾ ਲੱਗਾ ਕਿ ਹੋਇਆ ਕੀ ਹੈ। ਜਦੋਂ ਰੋਜ਼ਾਨਾ ਦੀ ਤਰ੍ਹਾਂ ਸੁਰਜੀਤ ਚਾਹ ਲੈ ਕੇ ਮੋਹਨ ਸਿੰਘ ਕੋਲ ਗਈ ਅਤੇ ਆਵਾਜ਼ ਲਗਾਈ ਪ੍ਰੰਤੂ ਅੱਗੋਂ ਕੋਈ ਜਵਾਬ ਨਾ ਮਿਲਿਆ, ਤਾਂ ਉਹ ਘਬਰਾ ਗਈ। ਉਸ ਨੇ ਮੋਹਨ ਸਿੰਘ ਨੂੰ ਜਗਾਉਣ ਦੀ ਕੋਸ਼ਿਸ਼ ਕੀਤੀ, ਤਾਂ ਉਹ ਅਸਫਲ ਹੋ ਗਈ। ਉਸ ਨੇ ਉੱਚੀ-ਉੱਚੀ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਉਸ ਦੇ ਸੱਸ ਸਹੁਰਾ ਭੱਜੇ-ਭੱਜੇ ਆਏ, ਜਦੋਂ ਉਨ੍ਹਾਂ ਨੇ ਦੇਖਿਆ ਤਾਂ ਉਨ੍ਹਾਂ ਦੀ ਵੀ ਲੇਰ ਨਿਕਲ ਗਈ। ਨੇੜੇ ਦੇ ਡਾਕਟਰ ਨੂੰ ਬੁਲਾਇਆ ਗਿਆ, ਉਸ ਨੇ ਦੇਖਿਆ ਤਾਂ ਨਾਂਹ ਵਿਚ ਸਿਰ ਫੇਰ ਦਿੱਤਾ ਅਤੇ ਵਾਪਸ ਚਲਾ ਗਿਆ। ਘਰ ਵਿਚ ਚੀਕ-ਚਿਹਾੜਾ ਪੈਣ ’ਤੇ ਆਂਢ-ਗੁਆਂਢ ਇਕੱਠਾ ਹੋ ਗਿਆ। ਸਰਜੀਤ ਦੀ ਦੁਨੀਆਂ ਉਜੜ ਚੁੱਕੀ ਸੀ। ਵੀਰੂ ਨੂੰ ਕੁਝ ਸਮਝ ਨਹੀਂ ਆ ਰਹੀ ਸੀ। ਸਾਰੀਆਂ ਅੰਤਮ ਰਸਮਾਂ ਪੂਰੀਆਂ ਕਰ ਦਿੱਤੀਆਂ ਗਈਆਂ ਸਨ।

ਸੁਰਜੀਤ ਇਕਦਮ ਤ੍ਰਭਕ ਕੇ ਉਠੀ। ਉਸ ਨੇ ਆਪਣੇ ਵੀਰੂ ਵੱਲ ਦੇਖਿਆ। ਉਹ ਮਿੱਟੀ ਨਾਲ ਖੇਡ ਰਿਹਾ ਸੀ। ਉਸ ਨੇ ਲਿਬੜੇ ਹੋਏ ਨੂੰ ਆਪਣੇ ਗੱਲ ਨਾਲ ਲਾਇਆ ਅਤੇ ਪਿਆਰ ਕੀਤਾ। ਆਪਣੇ ਮੱਥੇ ਤੋਂ ਪਸੀਨਾ ਪੂੰਝਿਆ। ਉਹ ਹੈਰਾਨ ਸੀ ਕਿ ਹੁਣ ਤਾਂ ਉਹ ਭਵਿੱਖ ਬਾਰੇ ਸੋਚਦੀ ਹੋਈ ਇਕ ਦਮ ਅਤੀਤ ਦਾ ਗੇੜਾ ਕਿਵੇਂ ਲਾ ਆਈ ਸੀ।

ਉਸ ਨੂੰ ਯਾਦ ਆਇਆ ਕਿ ਭਜਨਾ ਆਪਣੇ ਸਵਾਲ ਦਾ ਜੁਆਬ ਲੈਣ ਆਇਆ ਸੀ। ਭਜਨੇ ਨੂੰ ਉਹ ਕੀ ਜਵਾਬ ਦੇਵੇ। ਉਹ ਫਿਰ ਸੋਚਣ ਲੱਗ ਪਈ। ਉਸ ਨੇ ਵੀਰੂ ਤੇ ਆਪਣੇ ਦੁਆਲੇ ਉਗੇ ਹੋਏ ਰਿਸ਼ਤਿਆਂ ਦੇ ਰੁੱਖਾਂ ਬਾਰੇ ਸੋਚਣਾ ਸ਼ੁਰੂ ਕੀਤਾ। ਰੁੱਖਾਂ ਦੀਆਂ ਜੜ੍ਹਾਂ ਖੂਬ ਫੈਲੀਆਂ ਹੋਈਆਂ ਸਨ, ਮਿਟੀ ਨੇ ਉਨ੍ਹਾਂ ਰੁੱਖਾਂ ਨੂੰ ਪੂਰੀ ਤਰ੍ਹਾਂ ਘੁੱਟ ਕੇ ਜਕੜਿਆ ਹੋਇਆ ਸੀ। ਰੁੱਖ ਕਦੇ ਵੀ ਹੁੱਬ ਕੇ ਸੁਰਜੀਤ ਵੱਲ ਕਦੇ ਵੀ ਨਹੀਂ ਆਏ ਸਨ। ਜਦੋਂ ਤੇਜ਼ ਹਵਾ ਚੱਲਦੀ ਸੀ, ਤਾਂ ਹਵਾ ਦੇ ਰੁਖ ਨਾਲ ਉਸ ਦੇ ਵੇਹੜੇ ਵੱਲ ਆ ਜਾਇਆ ਕਰਦੇ ਸਨ। ਉਨ੍ਹਾਂ ਰੁੱਖਾਂ ਦੇ ਪੀਲੇ ਹੋਏ ਪੱਤੇ ਮੇਹਣਿਆਂ ਵਾਂਗ ਉਸ ਦੇ ਘਰ ਅੰਦਰ ਖਿੱਲਰ ਜਾਂਦੇ ਸਨ। ਸੁਰਜੀਤ ਉਨ੍ਹਾਂ ਨੂੰ ਬੋਕਰ ਬੁਹਾਰੀ ਦੀ ਮਦਦ ਨਾਲ ਸਾਫ ਕਰਨ ਦਾ ਯਤਨ ਕਰਦੀ ਸੀ। ਪ੍ਰੰਤੂ ਉਹ ਪੂਰੀ ਤਰ੍ਹਾਂ ਸਾਫ ਕਰਨ ’ਚ ਸਫਲ ਨਹੀਂ ਹੋਈ ਸੀ। ਉਸ ਦੇ ਸਹੁਰਾ ਸਾਹਿਬ ਅਤੇ ਸੱਸ ਰੁੱਖ ਤਾਂ ਰਹਿ ਹੀ ਨਹੀਂ ਸਨ, ਉਹ ਤਾਂ ਅਮਰ ਵੇਲਾਂ ਬਣ ਚੁੱਕੇ ਸਨ। ਉਹ ਸੁਰਜੀਤ ਨੂੰ ਇਸ ਹਾਲਤ ਵਿਚ ਛੱਡ ਆਪਣੇ ਵੱਡੇ ਪੁੱਤਰ ਕੋਲ ਚਲੇ ਗਏ ਸਨ। ਅਸੀਂ ਜਾਣਦੇ ਹਾਂ ਕਿ ਅਮਰ ਵੇਲਾਂ ਨੂੰ ਵਧਣ ਲਈ, ਤਾਂ ਰਸਦਾਰ ਰੁੱਖ ਦੀ ਜ਼ਰੂਰਤ ਹੁੰਦੀ ਹੈ। ਹੁਣ ਉਹ ਉਧਰੋਂ ਰਸ ਚੂਸਣ ਲਈ ਨਵੇਂ ਰੁੱਖ ਉਪਰ ਸਵਾਰ ਹੋ ਚੁੱਕੇ ਸਨ।

ਸੁਰਜੀਤ ਨੇ ਆਪਣੀਆਂ ਫੌਕੀਆਂ ਜਿਹੀਆਂ ਨਜ਼ਰਾਂ ਨੂੰ ਘੁੰਮਾ ਕੇ ਦੇਖਿਆਂ, ਤਾਂ ਉਸ ਨੂੰ ਮਹਿਸੂਸ ਹੋਇਆ ਕਿ ਕੰਧ ਪਾਰਦਰਸ਼ੀ ਬਿਲਕੁਲ ਵੀ ਨਹੀਂ ਸੀ ਪਰ ਉਹ ਇਹ ਤਾਂ ਜਾਣਦੀ ਸੀ ਕਿ ਉਸ ਤਰਫ ਤਾਂ ਹਵਾ ਵਿਚ ਲਹਿ-ਲਹਾਉਂਦੇ ਖੇਤ ਸਨ ਅਤੇ ਪੌਣ ਰੁਮਕ ਰਹੀ ਸੀ। ਪਰ ਇਹ ਪੌਣ ਤਾਂ ਹਾਲੇ ਉਸ ਦੀ ਪਹੁੰਚ ਤੋਂ ਬਾਹਰ ਸੀ। ਉਸ ਦੇ ਖਿਆਲਾਂ ਨੇ ਪਾਸਾ ਪਰਤਿਆ, ਤਾਂ ਉਸ ਨੂੰ ਲੱਗ ਰਿਹਾ ਸੀ ਕਿ ਉਹ ਵੀ ਤਾਂ ਇਕ ਪੌਦਾ ਹੀ ਸੀ, ਜਿਹੜਾ ਜਿਸ ਜੰਗਲ ਦੀ ਮਿੱਟੀ ਵਿਚ ਗੱਡਿਆ, ਉਥੇ ਹੀ ਉਸ ਨੇ ਜੜ੍ਹਾਂ ਫੜ ਲਈਆਂ ਸਨ। ਜਦੋਂ ਜੜ੍ਹਾਂ ਨੂੰ ਉਖਾੜਨ ਦੀ ਕੋਸ਼ਿਸ਼ ਹੋ ਰਹੀ ਸੀ, ਤਾਂ ਦਰਦ ਤਾਂ ਹੋਣਾ ਹੀ ਸੀ। ਹੁਣ ਉਸ ਨੇ ਭਜਨੇ ਨੂੰ ਸੰਦੇਸ਼ ਭੇਜ ਦਿੱਤਾ ਸੀ। ਪਰ ਉਹ ਅੰਦਰੋਂ ਬਹੁਤ ਹੀ ਦੁਖੀ ਸੀ। ਸੰਦੇਸ਼ ਭੇਜਣ ਸਮੇਂ ਉਸ ਦੇ ਸਾਰੇ ਸਵਾਲਾਂ ਦਾ ਅੰਤ ਹੋ ਚੁੱਕਾ ਸੀ। ਕੇਵਲ ਰਿਸ਼ਤਿਆਂ ਦੀਆਂ ਮੇਖਾਂ ਜੋ ਸੁਰਜੀਤ ਨੂੰ ਚੁੱਭ ਰਹੀਆਂ ਸਨ, ਅਤੇ ਉਹ ਪੀੜ ਨਾਲ ਕੁਰਲਾ ਰਹੀ ਸੀ।

ਸੁਰਜੀਤ ਚੁੱਲ੍ਹੇ ਵਿਚ ਬਾਲਣ ਡਾਹ ਰਹੀ ਸੀ। ਸੇਕ ਨਾਲ ਉਸ ਦਾ ਚੇਹਰਾ ਲਾਲ ਹੋਇਆ ਹੋਇਆ ਸੀ। ਉਹ ਵੀਰੂ ਤੋਂ ਤੰਗ ਆਈ ਹੋਈ ਸੀ, ਕਿਉਂ ਜੋ ਉਹ ਪੁੱਠੇ-ਸਿੱਧੇ ਸਵਾਲ ਪੁੱਛ ਰਿਹਾ ਸੀ। ਉਸ ਦੇ ਅੰਦਰ ਅਜੀਬ ਹਲਚਲ ਹੋ ਰਹੀ ਸੀ, ਜਿਸ ਦੀ ਉਸ ਨੂੰ ਬਾਲ ਹੋਣ ਕਾਰਨ ਸਮਝ ਨਹੀਂ ਪੈ ਰਹੀ ਸੀ। ਵੀਰੂ ਜਦੋਂ ਪੇਟ ਦੀ ਅੱਗ ਠੰਡੀ ਕਰ ਬੈਠਾ, ਤਾਂ ਸੁਰਜੀਤ ਉਸ ਨੂੰ ਅੰਦਰ ਮੰਜੇ ’ਤੇ ਪਾ ਆਈ, ਤਾਂ ਜੋ ਉਹ ਸੌਂ ਜਾਵੇ। ਚੁੱਲ੍ਹਾ-ਚੌਕਾ ਸਾਂਭ ਲੈਣ ਮਗਰੋਂ ਵੀ ਸੁਰਜੀਤ ਉਥੇ ਹੀ ਬੈਠੀ ਸੀ। ਉਸ ਦੇ ਅੰਦਰ ਤੂਫ਼ਾਨ ਉਠਿਆ ਹੋਇਆ ਸੀ, ਜਿਹੜਾ ਸ਼ਾਂਤ ਨਹੀਂ ਹੋ ਰਿਹਾ ਸੀ। ਵੀਰੂ ਦੀਆਂ ਨੀਂਦ ਭਰੀਆਂ ਅੱਖਾਂ ਥੱਕ ਗਈਆਂ, ਤਾਂ ਰੁਮਕਦੀ ਪੌਣ ਦੇ ਆਸਰੇ ਅੱਜ ਵੀਰੂ ਬਿਨਾ ਲੋਰੀਆਂ ਦੇ ਹੀ ਨੀਂਦ ਦੇ ਆਘੋਸ਼ ਵਿਚ ਚਲਾ ਗਿਆ।

ਅਗਲੇ ਦਿਨ ਦੁਪਹਿਰ ਤੱਕ ਗੂਹੜੇ ਬੱਦਲ ਸਨ ਅਤੇ ਦਿਨ ਢਲੇ ਮੀਂਹ ਲਹਿ ਪਿਆ। ਵੀਰੂ ਕੁਝ ਦੇਰ ਤਾਂ ਵਰ੍ਹਦੇ ਮੀਂਹ ਨੂੰ ਤਕਦਾ ਰਿਹਾ। ਉਧਰ ਸੁਰਜੀਤ ਆਪਣਾ ਸਮਾਨ ਸੰਭਾਲ ਰਹੀ ਸੀ ਅਤੇ ਦੂਜੇ ਘਰ ਜਾਣ ਲਈ ਉਸ ਦੇ ਅੰਦਰ ਕੋਈ ਉਤਸਕਤਾ ਨਹੀਂ ਸੀ। ਉਸ ਨੇ ਆਪਣੇ ਵੀਰੂ ਦਾ ਉਦਾਸ ਚੇਹਰਾ ਦੇਖਿਆ, ਤਾਂ ਉਹ ਭੱਜ ਕੇ ਉਸ ਕੋਲ ਆਈ ਤੇ ਉਸ ਨੂੰ ਆਪਣੀ ਬੁੱਕਲ ਵਿਚ ਲੈ ਕੇ ਉਸ ਨੂੰ ਪਿਆਰ ਕਰਨ ਲੱਗ ਪਈ। ਵਰ੍ਹਦੇ ਮੀਂਹ ਵਿਚ ਵੀਰੂ ਨੇ ਆਪਣੀ ਮਾਂ ਨੂੰ ਪੁੱਛਿਆ, ‘ਆਪਾਂ ਅੱਜ ਕਿਤੇ ਜਾਣਾ ਹੈ।’ ਉਸ ਦੀ ਮਾਂ ਨੇ ‘ਹਾਂ’ ਕਿਹਾ ਅਤੇ ਦੱਸਿਆ ਕਿ ਹੁਣ ਸ਼ਹਿਰ ਚਲੇ ਜਾਵਾਂਗੇ ਅਤੇ ਉਥੇ ਹੀ ਰਹਾਂਗੇ।

ਆਥਣ ਸਮੇਂ ਜਦੋਂ ਭਜਨਾ ਕਾਰ ਲੈ ਕੇ ਆਇਆ, ਤਾਂ ਮੀਂਹ ਰੁਕੇ ਵਰਗਾ ਹੀ ਸੀ, ਕਿਣਮਿਣ ਹੋ ਰਹੀ ਸੀ। ਸੁਰਜੀਤ ਨੇ ਆਪਣੇ ਘਰ ਵੱਲ ਉਦਾਸੀ ਨਾਲ ਤੱਕਿਆ, ਵੀਰੂ ਦੀ ਬਾਂਹ ਫੜੀ ਉਸ ਨੂੰ ਕਾਰ ਵਿਚ ਬਿਠਾ ਕੇ ਘਰ ਨੂੰ ਜਿੰਦਰਾ ਲਾਉਣ ਲੱਗੀ। ਆਖਰੀ ਵਾਰ ਤੰਗ ਗਲੀ ਵੱਲ ਨਿਗਾਹ ਸੁੱਟੀ ਤੇ ਚਾਬੀ ਨੂੰ ਜੇਬ ਵਿਚ ਪਾ ਕਾਰ ਅੰਦਰ ਬੈਠ ਗਈ। ਇਹ ਸਾਰਾ ਕੁਝ ਇੰਨੀ ਕਾਹਲੀ ਨਾਲ ਹੋਇਆ ਕਿ ਗੁਆਂਢੀ ਕਾਰ ਦੇ ਟੁਰਨ ਤੱਕ ਅਚੰਭੇ ਵਿਚ ਹੀ ਰਹੇ। ਉਹ ਰਿਸ਼ਤੇ ਪਹਿਲਾਂ ਝੀਤਾਂ ਵਿਚ ਤਕਦੇ ਰਹੇ, ਫੇਰ ਦਰਵਾਜ਼ੇ ਖੋਲ੍ਹ ਬਾਹਰ ਆ ਕੇ ਤੱਕਣ ਲੱਗੇ ਅਤੇ ਆਪੋ ਵਿਚ ਕੰਨ੍ਹ ਜੋੜ ਕੇ ਗੱਲਾਂ ਕਰਨ ਲਗੇ। ਉਹ ਓਨਾ ਚਿਰ ਗਲੀ ਵਿਚ ਖੜ੍ਹੇ ਰਹੇ, ਜਿੰਨਾ ਚਿਰ ਕਾਰ ਦੇ ਪਹੀਆਂ ਨੇ ਉਨ੍ਹਾਂ ਉਪਰ ਚਿੱਕੜ ਨੂੰ ਨਾ ਸੁੱਟਿਆ। ਉਹ ਬੁੜਬੁੜ ਕਰਦੇ ਆਪਣੇ ਘਰੀਂ ਵੜ ਗਏ। ਵੀਰੂ ਕਾਰ ਦੇ ਵਿਚੋਂ ਸ਼ੀਸ਼ਿਆਂ ਰਾਹੀਂ ਪਿੱਛੇ ਵੱਲ ਦੇਖ ਰਿਹਾ ਸੀ। ਘਰ ਪੁੱਜ ਕੇ ਵੀਰੂ ਥੱਕਿਆ ਹੋਇਆ ਸੀ, ਉਹ ਕਾਰ ਵਿਚ ਹੀ ਸੌਂ ਗਿਆ ਸੀ। ਉਸ ਨੂੰ ਸੁਰਜੀਤ ਨੇ ਚੁੱਕਿਆ ਅਤੇ ਅੰਦਰ ਬਿਸਤਰੇ ਉਪਰ ਪਾ ਦਿੱਤਾ। ਰਾਤ ਹੋ ਚੁੱਕੀ ਸੀ। ਹਵਾ ਜੋ ਰੁਮਕ ਰਹੀ ਸੀ, ਜੋ ਬਹੁਤ ਹੀ ਤੇਜ਼ ਹੋ ਗਈ ਸੀ। ਲੱਗਦਾ ਸੀ ਰੁੱਖਾਂ ਤੇ ਪੱਤਿਆਂ ਦੀ ਖੈਰ ਨਹੀਂ। ਪੱਤੇ ਝੜਦੇ ਪ੍ਰਤੀਤ ਹੋ ਰਹੇ ਸਨ, ਰੁੱਖਾਂ ਨੂੰ ਛੱਡ ਕੀਤੇ ਲੰਮੇ ਸਫ਼ਰ ਵੱਲ ਚੱਲ ਪਏ ਸਨ। ਬਿਜਲੀ ਗਰਜ ਰਹੀ ਸੀ ਅਤੇ ਅਸਮਾਨੀ ਬਿਜਲੀ ਦੀ ਚਮਕ ਨਾਲ ਸਾਰਾ ਕਮਰਾ ਰੁਸ਼ਨਾਇਆ ਗਿਆ। ਵੀਰੂ ਦੀ ਜਾਗ ਖੁੱਲ੍ਹ ਗਈ। ਉਸ ਨੇ ਆਪਣੇ ਬਿਸਤਰੇ ’ਤੇ ਨਿਗਾਹ ਘੁੰਮਾਈ। ਮਾਂ ਨੂੰ ਉਥੇ ਨਾ ਦੇਖ ਉਹ ਡਰ ਗਿਆ। ਉਸ ਨੇ ਆਪਣੇ ਕਮਰੇ ਨੂੰ ਚੰਗੀ ਤਰ੍ਹਾਂ ਵੇਖਿਆ। ਮਾਂ ਤਾਂ ਕਮਰੇ ਵਿਚ ਵੀ ਨਹੀਂ ਸੀ। ਉਹ ਦਰਵਾਜ਼ਾ ਖੋਲ੍ਹ ਬਾਹਰ ਵੇਹੜੇ ਵੱਲ ਹੋ ਗਿਆ। ਬਾਹਰ ਮੀਂਹ ਪੈਣ ਲੱਗ ਪਿਆ ਸੀ। ਉਹ ਡਰਦਾ ਹੋਇਆ ਵਾਪਿਸ ਨਾਲ ਦੇ ਕਮਰੇ ਵਿਚ ਪੁੱਜ ਗਿਆ। ਚਾਰ ਚੁਫੇਰੇ ਵੇਖਿਆ, ਸਾਫ-ਸੁਥਰੇ ਕਮਰੇ ਅੰਦਰ ਸੋਫੇ ਲੱਗੇ ਹੋਏ ਸਨ, ਕੁਰਸੀਆਂ ਰੱਖੀਆਂ ਹੋਈਆਂ ਸਨ। ਇਕ ਬਿਸਤਰਾ ਲੱਗਾ ਹੋਇਆ ਸੀ, ਜਿਸ ਉਤੇ ਸੁੰਦਰ ਚਾਦਰ ਵਿਛੀ ਹੋਈ ਸੀ, ਜਿਸ ਵਿਚ ਇਕ ਵੀ ਸਿਲਵਟ ਨਹੀਂ ਸੀ। ਇੰਜ ਜਾਪ ਰਿਹਾ ਸੀ ਕਿ ਇਸ ਕਮਰੇ ਅੰਦਰ ਕੋਈ ਲੰਬੇ ਸਮੇਂ ਤੋਂ ਬੈਠਿਆ ਜਾਂ ਸੁੱਤਾ ਹੀ ਨਹੀਂ ਸੀ।

ਉਸ ਨੇ ਦੇਖਿਆ ਕਿ ਅਗਲੇ ਕਮਰੇ ਦੇ ਢੋਏ ਹੋਏ ਬੂਹੇ ਵਿਚੋਂ ਹਰੀ ਰੋਸ਼ਨੀ ਬਾਹਰ ਵੱਲ ਝਾਤੀ ਮਾਰ ਰਹੀ ਸੀ। ਉਹ ਉਸ ਕਮਰੇ ਵਲ ਅਹੁਲਿਆ। ਉਸ ਨੂੰ ਅੰਦਰੋਂ ਗੱਲਾਂ ਦੀ ਆਵਾਜ਼ ਆਉਂਦੀ ਸੁਣਨ ਲੱਗੀ। ਉਸ ਨੇ ਸੋਚਿਆਂ, ਮਾਂ ਇਥੇ ਹੋ ਸਕਦੀ ਹੈ। ਇਸ ਆਸ ਨਾਲ ਉਸ ਨੇ ਕਮਰੇ ਦੇ ਢੋਏ ਹੋਏ ਦਰਵਾਜ਼ੇ ਨੂੰ ਖੋਲਿਆ ਤੇ ਅੰਦਰ ਵੜ ਗਿਆ। ਜਦੋਂ ਉਸ ਨੇ ਦੇਖਿਆ ਕਿ ਉਸ ਦੀ ਮਾਂ ਅਤੇ ਭਜਨਾ ਇਕੋ ਬਿਸਤਰੇ ’ਤੇ ਸਨ ਅਤੇ ਕੁਝ ਅਜਿਹੀ ਹਾਲਤ ਵਿਚ ਸਨ, ਜਿਸ ਵਿਚ ਉਸ ਨੇ ਕਦੇ ਕਿਸੇ ਨੂੰ ਵੀ ਨਹੀਂ ਡਿੱਠਾ ਸੀ। ਉਧਰ ਜਦੋਂ ਸੁਰਜੀਤ ਨੂੰ ਬਿੜਕ ਹੋਈ ਕਿ ਵੀਰੂ ਅੰਦਰ ਆ ਚੁੱਕਾ ਹੈ, ਝੱਟ ਹੀ ਉਸ ਨੇ ਆਪਣੇ ਉਤੇ ਕੱਪੜਾ ਲੈ ਲਿਆ ਅਤੇ ਇਸ ਤਰ੍ਹਾਂ ਸੌਂ ਗਈ, ਜਿਵੇਂ ਉਸ ਨੂੰ ਕੁਝ ਪਤਾ ਹੀ ਨਾ ਲੱਗਾ ਹੋਵੇ ਅਤੇ ਭਜਨਾ ਵੀ ਸੌਣ ਦਾ ਨਾਟਕ ਕਰਨ ਲੱਗਾ। ਵੀਰੂ ਨੇ ਵੀ ਮੂੰਹੋਂ ਆਵਾਜ਼ ਨਾ ਕੱਢੀ ਤੇ ਉਸ ਕਮਰੇ ਵਿਚੋਂ ਬਾਹਰ ਨਿਕਲ ਗਿਆ। ਉਸ ਦੇ ਜਾਂਦੇ ਹੀ ਸੁਰਜੀਤ ਉੱਠੀ ਆਪਣੇ ਕੱਪੜੇ ਪਾਏ ਤੇ ਵੀਰੂ ਦੇ ਕਮਰੇ ਵਿਚ ਚਲੀ ਗਈ। ਉਸ ਨਾਲ ਗੱਲਾਂ ਕਰਨ ਲੱਗੀ। ਵੀਰੂ ਨੇ ਆਪਣੀ ਮਾਂ ਨੂੰ ਪੁੱਛਿਆ ਕਿ ਇਹ ਆਦਮੀ ਕੌਣ ਹੈ। ਸੁਰਜੀਤ ਨੇ ਕਿਹਾ ਕਿ ਪੁੱਤ ਇਹਦਾ ਨਾਂ ਭਜਨ ਸਿੰਘ ਹੈ ਤੇ ਤੂੰ ਇਨ੍ਹਾਂ ਨੂੰ ਡੈਡੀ ਆਖਿਆ ਕਰ। ਵੀਰੂ ਨੇ ਪੁੱਛਿਆ ਕਿ ਆਪਣੇ ਘਰੇ ਜਿਸ ਫੋਟੋ ਨੂੰ ਹਾਰ ਪਾਇਆ ਹੋਇਆ ਸੀ, ਤੂੰ ਮੈਨੂੰ ਦੱਸਿਆ ਸੀ ਕਿ ਉਹ ਮੇਰਾ ਡੈਡੀ ਹੈ। ਇਹ ਸੁਣ ਕੇ ਸੁਰਜੀਤ ਨੂੰ ਕੋਈ ਜਵਾਬ ਨਾ ਅਹੁੜਿਆ। ਉਸ ਨੂੰ ਜਾਪਿਆ ਕਿ ਹੁਣ ਵੀਰੂ ਵੱਡਾ ਹੋ ਚੁੱਕਾ ਹੈ।

ਸੁਰਜੀਤ ਅਤੇ ਭਜਨ ਨੇ ਫੈਸਲਾ ਕਰਕੇ ਵੀਰੂ ਨੂੰ ਹੋਸਟਲ ਵਿਚ ਰੱਖ ਕੇ ਪੜ੍ਹਾਉਣ ਦਾ ਵਿਚਾਰ ਬਣਾਇਆ ਅਤੇ ਉਸ ਨੂੰ ਹੋਸਟਲ ਛੱਡਣ ਚਲੇ ਗਏ। ਸੁਰਜੀਤ ਨੂੰ ਲੱਗਦਾ ਸੀ, ਵੀਰੂ ਇਸ ਦਾ ਵਿਰੋਧ ਕਰੇਗਾ ਅਤੇ ਮਾਂ ਕੋਲ ਰਹਿ ਪੜ੍ਹਨ ਦੀ ਜ਼ਿੱਦ ਕਰੇਗਾ। ਪਰ ਅਜਿਹਾ ਕੁਝ ਨਾ ਹੋਇਆ। ਉਹ ਚੁੱਪਚਾਪ ਆਪਣੇ ਕੱਪੜੇ ਅਤੇ ਕਿਤਾਬਾਂ ਲੈ ਕੇ ਜਾਣ ਲਈ ਤਿਆਰ ਹੋ ਗਿਆ। ਸੁਰਜੀਤ ਨੂੰ ਲੱਗਦਾ ਸੀ, ਜਦੋਂ ਹੋਸਟਲ ਵਿਚ ਉਸ ਨੂੰ ਛੱਡ ਕੇ ਵਾਪਸ ਤੁਰਨ ਲੱਗਾਂਗੇ, ਤਾਂ ਵੀਰੂ ਵਾਪਸ ਆਉਣ ਲਈ ਜ਼ਿਦ ਕਰੇਗਾ। ਪਰ ਉਸ ਨੇ ਉਨ੍ਹਾਂ ਦੋਵਾਂ ਵੱਲ ਮੁੜ ਕੇ ਵੀ ਨਾ ਦੇਖਿਆ ਤੇ ਆਪਣੇ ਕਮਰੇ ਵੱਲ ਤੁਰ ਪਿਆ ਸੀ।

ਕਮਰੇ ਵਿਚ ਪਹੁੰਚ ਉਸ ਨੇ ਆਪਣਾ ਸਮਾਨ ਰੱਖਿਆ ਤੇ ਸ਼ੀਸ਼ੇ ਵਾਲੀ ਖਿੜਕੀ ਵਿਚੋਂ ਬਾਹਰ ਦੇਖਿਆ। ਅਸਮਾਨ ਬਿਲਕੁਲ ਸਾਫ ਹੋ ਚੁੱਕਾ ਸੀ। ਪੰਛੀ ਅਸਮਾਨ ਵਿਚ ਆਜ਼ਾਦ ਘੁੰਮ ਰਹੇ ਸੀ। ਉਸ ਨੂੰ ਜਾਪਿਆ ਕਿ ਪੰਛੀ ਤਾਂ ਵੱਡੇ ਹੋ ਕੇ ਆਜ਼ਾਦ ਘੁੰਮ ਸਕਦੇ ਹਨ ਪਰ ਉਹ ਤਾਂ ਵੱਡਾ ਹੋ ਪਿੰਜਰੇ ਵਿਚ ਕੈਦ ਹੋ ਚੁੱਕਾ ਸੀ। ਪਹਿਲਾਂ ਘੱਟੋ-ਘੱਟ ਉਸ ਦੀ ਮਾਂ ਕੋਲ ਹੁੰਦੀ ਸੀ, ਹੁਣ ਤਾਂ ਮਾਂ ਵੀ ਪਰਾਈ ਹੋ ਉਸ ਨੂੰ ਗੁਲਾਮ ਬਣਾ ਕੇ ਤੁਰ ਗਈ ਸੀ। ਉਸ ਨੂੰ ਸਮਝ ਨਹੀਂ ਆ ਰਹੀ ਸੀ, ਉਸ ਦੀ ਮਾਂ ਹੁਣ ਆਜ਼ਾਦ ਸੀ ਜਾਂ --! ਇਨ੍ਹਾਂ ਸੋਚਾਂ ਵਿਚ ਉਸ ਨੂੰ ਰੋਣਾ ਆ ਗਿਆ। ਭਾਵੇਂ ਉਸ ਨੂੰ ਪਤਾ ਸੀ ਕਿ ਹੁਣ ਉਸ ਨੂੰ ਚੁੱਪ ਕਰਾਉਣ ਲਈ ਉਥੇ ਕੋਈ ਵੀ ਨਹੀਂ ਸੀ ਪਰ ਉਸ ਦਾ ਰੋਣਾ ਥੰਮ ਨਹੀਂ ਰਿਹਾ ਸੀ। ਉਸ ਨੂੰ ਕੁਝ ਇਲਮ ਨਹੀਂ ਸੀ ਕਦੋਂ ਉਸ ਨੂੰ ਨੀਂਦ ਨੇ ਘੇਰ ਲਿਆ ਸੀ।

ਸੁਪਨੇ ਵਿਚ ਉਸ ਨੂੰ ਆਪਣਾ ਘਰ ਯਾਦ ਆਇਆ ਤੇ ਆਪਣੇ ਬਾਪ ਦੀ ਹਾਰ ਵਾਲੀ ਤਸਵੀਰ ਜਿਸ ਵਿਚੋਂ ਨਿਕਲ ਕੇ ਉਸ ਦਾ ਡੈਡੀ ਉਸ ਨਾਲ ਆ ਕੇ ਪੈ ਗਿਆ ਸੀ ਅਤੇ ਉਸ ਨੂੰ ਨਿੱਕੀਆਂ-ਨਿੱਕੀਆਂ ਗੱਲਾਂ ਸੁਣਾਉਣ ਲੱਗ ਪਿਆ ਸੀ। ਉਸ ਨੂੰ ਯਾਦ ਆਇਆ ਕਿ ਜਦੋਂ ਉਸ ਦੀ ਮਾਂ ਰੋਟੀ ਪਕਾਉਂਦੀ ਸੀ ਤੇ ਉਸ ਨੂੰ ਆਟੇ ਦੀ ਚਿੜੀ ਬਣਾ ਕੇ ਦੇ ਦਿਆ ਕਰਦੀ ਸੀ, ਜਦੋਂ ਉਹ ਚਿੜੀ ਟੁੱਟ ਜਾਂਦੀ, ਤਾਂ ਮਾਂ ਉਸ ਤੋਂ ਆਟਾ ਵਾਪਸ ਲੈ ਕੇ ਫਿਰ ਚਿੜੀ ਬਣਾ ਤਵੇ ਉਤੇ ਹੀ ਪਕਾ ਦਿਆ ਕਰਦੀ ਸੀ। ਉਹ ਚਿੜੀ ਨੂੰ ਮਾਂ ਤੋਂ ਫੜ ਚੁੱਲ੍ਹੇ ਤੋਂ ਦੂਰ ਖੇਡਣ ਲੱਗ ਜਾਂਦਾ ਸੀ। ਭੁੱਖ ਕਾਰਨ ਜਦ ਉਸ ਦੀ ਜਾਗ ਖੁੱਲ੍ਹੀ, ਤਾਂ ਉਸ ਦੀ ਚਿੜੀ ਤਾਂ ਫੁਰਰ ਕਰ ਕੇ ਉਡ ਚੁੱਕੀ ਸੀ ਤੇ ਉਹ ਅਲਾਣੀ ਮੰਜੀ ’ਤੇ ਲੇਟਿਆ ਹੋਇਆ ਸੀ। ਸਮਾਂ ਅੱਗੇ ਵਲ ਵੱਧ ਰਿਹਾ ਸੀ। ਵੀਰੂ ਅਗਲੇਰੀਆਂ ਜਮਾਤਾਂ ਵਿਚ ਹੋ ਰਿਹਾ ਸੀ। ਉਸ ਨੂੰ ਹੁਣ ਦੁਨੀਆਂ ਦੀ ਸਮਝ ਆਉਣ ਲੱਗੀ ਸੀ।

ਐਤਵਾਰ ਦਾ ਦਿਨ ਸੀ, ਵੀਰੂ ਆਪਣੀ ਪੜ੍ਹਾਈ ਵਿਚ ਰੁੱਝਿਆ ਹੋਇਆ ਸੀ। ਉਸ ਦੇ ਕਮਰੇ ’ਤੇ ਦਸਤਕ ਹੋਈ। ਉਸ ਨੇ ਦਰਵਾਜ਼ਾ ਖੋਲ੍ਹਿਆ। ਉਸ ਨੇ ਹੋਸਟਲ ਦੀ ਵਾਰਡਨ ਨੂੰ ਦੇਖਿਆ ਤੇ ਇਕਦਮ ਕਿਤਾਬਾਂ ਛੱਡ ਖੜ੍ਹਾ ਹੋ ਗਿਆ ਤੇ ਸਵਾਲੀਆ ਨਜ਼ਰਾਂ ਨਾਲ ਵਾਰਡਨ ਵਲ ਦੇਖਿਆ।

ਵਾਰਡਨ ਬੋਲੀ, “ਵੀਰੂ ਤੇਰੇ ਲਈ ਇਕ ਮਾੜੀ ਖਬਰ ਹੈ।”

ਵੀਰੂ ਵਾਰਡਨ ਵਲ ਹੀ ਦੇਖ ਰਿਹਾ ਸੀ ਅਤੇ ਬੋਲਿਆ, “ਕੀ ਹੋਇਆ?”

ਵਾਰਡਨ ਬੋਲੀ, “ਤੇਰੀ ਮਾਂ ------।”

ਵੀਰੂ ਬੋਲਿਆ, “ਮਾਂ ਆਈ ਹੈ। ਕਿਥੇ ਹੈ?”

ਹੋਸਟਲ ਦੀ ਵਾਰਡਨ ਨੇ ਉਸ ਦੇ ਮੋਢੇ ਉਤੇ ਹੱਥ ਰੱਖਿਆ ਤੇ ਬੋਲੀ, “ਨਹੀਂ! ਤੇਰੀ ਮਾਂ ਸਾਨੂੰ ਸਾਰਿਆਂ ਨੂੰ ਛੱਡ ਕੇ ਚਲੀ ਗਈ ਹੈ।”

ਜਦੋਂ ਵੀਰੂ ਨੇ ਪੁੱਛਿਆ, “ਕਿਥੇ ਗਈ ਹੈ ਮੇਰੀ ਮਾਂ?”

ਵਾਰਡਨ ਨੇ ਅੱਖਾਂ ਭਰ ਲਈਆਂ ਤੇ ਬਿਨਾ ਕੁਝ ਬੋਲੇ ਉਪਰ ਵੱਲ ਇਸ਼ਾਰਾ ਕਰਦੇ ਹੋਏ ਬੋਲੀ, “ਵਾਹਿਗੁਰੂ ਕੋਲ!”

ਵੀਰੂ ਹੁਣ ਆਪਣੇ ਹੱਥ ਮੱਲ ਰਿਹਾ ਸੀ ਅਤੇ ਉਸ ਦੇ ਸਾਰੇ ਸਵਾਲ ਮੁੱਕ ਗਏ ਸਨ। ਵਾਰਡਨ ਨੇ ਕਿਹਾ ਕਿ ਤੂੰ ਤਿਆਰ ਹੋ ਜਾ। ਤੈਨੂੰ ਲੈਣ ਲਈ ਡਰਾਈਵਰ ਕਾਰ ਲੈ ਕੇ ਆਇਆ ਹੈ ਤੇ ਤੇਰਾ ਇੰਤਜ਼ਾਰ ਕਰ ਰਿਹਾ ਹੈ। ਵਾਰਡਨ ਸੰਦੇਸ਼ ਦੇ ਕੇ ਚਲੀ ਗਈ।

ਵੀਰੂ ਕੁਝ ਦੇਰ ਡੌਰ-ਭੌਰ ਹੋਇਆ ਖੜ੍ਹਾ ਰਿਹਾ। ਫਿਰ ਉਸ ਨੇ ਆਪਣਾ ਸੰਦੂਕ ਖੋਲ੍ਹਿਆ ਅਤੇ ਉਸ ਵਿਚੋਂ ਫਰੇਮ ਵਿਚ ਜੜ੍ਹੀ ਹੋਈ ਆਪਣੀ ਮਾਂ ਦੀ ਤਸਵੀਰ ਕੱਢੀ, ਉਸ ਤਸਵੀਰ ਨੂੰ ਘੁੱਟ ਕੇ ਆਪਣੇ ਨਾਲ ਲਾਇਆ। ਅਜਿਹਾ ਕਰਨ ਸਾਰ ਹੀ ਉਸ ਦੀਆਂ ਅੱਖਾਂ ਗੰਗਾ ਯਮਨੀ ਹੋ ਗਈਆਂ। ਫੇਰ ਉਸ ਨੂੰ ਬਾਹਰ ਖੜੋਤੇ ਡਰਾਈਵਰ ਦੀ ਯਾਦ ਆਈ, ਤਾਂ ਉਸ ਨੇ ਆਪਣੀਆਂ ਅੱਖਾਂ ਸਾਫ ਕੀਤੀਆਂ ਅਤੇ ਕਮਰੇ ਵਿਚੋਂ ਬਾਹਰ ਨਿਕਲ ਤੁਰਿਆ। ਬਾਹਰ ਆ ਕੇ ਕਾਰ ਵਿਚ ਬੈਠਾ ਤੇ ਡਰਾਈਵਰ ਨੇ ਕਾਰ ਨੂੰ ਤੋਰਿਆ ਅਤੇ ਆਪਣੇ ਰਾਹ ਵੱਲ ਪਾ ਦਿੱਤੀ। ਰਸਤੇ ਵਿਚ ਵੀਰੂ ਨੂੰ ਡਰਾਈਵਰ ਨੇ ਦੱਸਿਆ ਕਿ ਸੁਰਜੀਤ ਕੌਰ ਤਾਂ ਕੁਝ ਦਿਨ ਪਹਿਲਾਂ ਸਭ ਨੂੰ ਛੱਡ ਕੇ ਚਲੀ ਗਈ ਸੀ ਅਤੇ ਤੈਨੂੰ ਇਸ ਲਈ ਨਹੀਂ ਦੱਸਿਆ ਕਿ ਤੇਰੇ ਆਖਰੀ ਇਮਤਿਹਾਨ ਚੱਲ ਰਹੇ ਸਨ। ਕਾਰ ਸੜਕਾਂ ਨੂੰ ਪਾਰ ਕਰਦੀ ਹੋਈ ਉਸ ਘਰ ਦੇ ਅੰਦਰ ਆ ਗਈ। ਵੀਰੂ ਨੇ ਦੇਖਿਆ ਕਿ ਭਜਨਾ ਵੇਹੜੇ ਵਿਚ ਮੰਜੇ ਉਪਰ ਬੈਠਾ ਹੋਇਆ ਸੀ। ਓਹਦੀਆਂ ਅੱਖਾਂ ਉਦਾਸ ਸਨ। ਵਾਲ ਖਿਲਰੇ ਹੋਏ ਸਨ ਅਤੇ ਇੰਜ ਲੱਗਦਾ ਸੀ ਕਿ ਉਹ ਦੋ-ਤਿੰਨ ਦਿਨ ਤੋਂ ਨਹਾਤਾ ਹੀ ਨਹੀਂ ਸੀ। ਵੀਰੂ ਕਾਰ ਵਿਚੋਂ ਉਤਰਿਆ ਅਤੇ ਸਿੱਧਾ ਭਜਨ ਕੋਲ ਪਹੁੰਚਿਆ। ਵੀਰੂ ਨੇ ਭਜਨੇ ਨੂੰ ਪਹਿਲਾਂ ਸਵਾਲ ਹੀ ਇਹ ਕੀਤਾ ਕਿ ਮੇਰੀ ਮਾਂ ਕਿੱਥੇ ਹੈ। ਭਜਨੇ ਦੇ ਰੁਕੇ ਹੋਏ ਅੱਥਰੂ ਆਪ ਮੁਹਾਰੇ ਵੱਗ ਤੁਰੇ ਤੇ ਉਸ ਨੇ ਕਿਹਾ ਕਿ ਸੁਰਜੀਤ ਤਾਂ ਸਾਨੂੰ ਸਾਰਿਆਂ ਨੂੰ ਛੱਡ ਅਣਦੱਸੀ ਜਗਾਹ ਚਲੀ ਗਈ ਹੈ, ਜਿਥੋਂ ਕੋਈ ਵੀ ਵਾਪਸ ਨਹੀਂ ਆਉਂਦਾ। ਹੁਣ ਇਹ ਘਰ ਸੁੰਨਾ ਹੋ ਗਿਆ ਹੈ। ਤੂੰ ਹੁਣ ਮੇਰੇ ਕੋਲ ਰਹਿ। ਮੈਨੂੰ ਛੱਡ ਕੇ ਕਿਤੇ ਨਾ ਜਾਈਂ। ਪ੍ਰੰਤੂ ਵੀਰੂ ਨੇ ਕਿਹਾ ਕਿ ਮੈਂ ਤਾਂ ਇਥੇ ਨਹੀਂ ਰਹਿ ਸਕਦਾ। ਜਿਥੇ ਮੇਰੀ ਮਾਂ ਨਹੀਂ ਰਹਿ ਸਕੀ ਅਤੇ ਤੂੰ ਮੇਰੀ ਮਾਂ ਨੂੰ ਮੇਰੇ ਕੋਲੋਂ ਵੱਖ ਕਰ ਦਿੱਤਾ ਸੀ। ਤੂੰ ਮੇਰਾ ਕੁਝ ਨਹੀਂ ਲੱਗਦਾ, ਮੈਂ ਹੁਣ ਆਪਣੇ ਪਿੰਡ ਜਾਵਾਂਗਾ, ਜਿਥੇ ਮੇਰੇ ਡੈਡੀ ਦੀ ਹਾਰ ਵਾਲੀ ਫੋਟੋ ਲੱਗੀ ਹੋਈ ਹੈ। ਉਸ ਦੇ ਬਰਾਬਰ ਮੈਂ ਆਪਣੀ ਮਾਂ ਦੀ ਤਸਵੀਰ ਦੇ ਹਾਰ ਪਾ ਕੇ ਲਗਾਵਾਂਗਾ ਅਤੇ ਉਥੇ ਹੀ ਰਹਾਂਗਾ।

## 22 ਮਈ 'ਤੇ ਵਿਸ਼ੇਸ਼ ਲੇਖ:

# ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਦਾ ਸ਼ਹੀਦੀ ਸਾਕਾ

ਸੁਖਵਿੰਦਰ ਸਿੰਘ ਮੁੱਲਾਂਪੁਰ
ਮੋ : +91-84274-54104
ਪੰਜਾਬ ਮੇਲ USA





ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਦੀ ਸਿੱਖ ਇਤਿਹਾਸ ਵਿਚ ਇੱਕ ਵਿਲੱਖਣ ਮਹੱਤਤਾ ਹੈ। ਨਾਹਨ ਦੇ ਰਾਜਾ ਮੇਦਨੀ ਪ੍ਰਕਾਸ਼ ਦੀ ਬੇਨਤੀ ਨੂੰ ਮੰਨ ਕੇ ਸ੍ਰੀ ਗੁਰੂ ਗੋਬਿੰਦ ਸਾਹਿਬ ਜੀ 1685 ਈ. ਨੂੰ ਸ੍ਰੀ ਅਨੰਦਪੁਰ ਸਾਹਿਬ ਤੋਂ ਨਾਹਨ ਪਹੁੰਚੇ। ਇਹ ਸ਼ਹਿਰ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਸਿਰਮੌਰ ਦੀ ਤਹਿਸੀਲ ਹੈ। ਰਾਜਾ ਮੇਦਨੀ ਪ੍ਰਕਾਸ਼ ਚਾਹੁੰਦਾ ਸੀ ਗੁਰੂ ਸਾਹਿਬ ਜੀ ਪੱਕਾ ਟਿਕਾਣਾ ਮੇਰੀ ਰਿਆਸਤ ਵਿਚ ਕਰ ਲੈਣ।

ਜਮਨਾ ਨਦੀ ਕਿਨਾਰੇ ਦੀ ਜਗ੍ਹਾ ਗੁਰੂ ਜੀ ਨੂੰ ਠੀਕ ਲੱਗੀ। 1685 ਈ. ਨੂੰ ਗੁਰੂ ਸਾਹਿਬ ਜੀ ਨੇ ਪਾਊਂਟਾ ਸਾਹਿਬ ਦੀ ਨੀਂਹ ਰੱਖੀ। ਗੁਰੂ ਸਾਹਿਬ ਜੀ ਲਗਭਗ ਚਾਰ ਸਾਲ 1689 ਈ. ਤੱਕ ਇਸ ਜਗ੍ਹਾ 'ਤੇ ਰਹੇ। ਉਨ੍ਹਾਂ ਨੇ ਜਾਪੁ ਸਾਹਿਬ ਅਤੇ ਹੋਰ ਬਹੁਤ ਸਾਰੀ ਬਾਣੀ ਇੱਥੇ ਹੀ ਉਚਾਰੀ। ਇਸ ਅਸਥਾਨ 'ਤੇ ਗੁਰੂ ਜੀ ਨੂੰ ਭਗਾਣੀ ਦਾ ਯੁੱਧ ਵੀ ਲੜਨਾ ਪਿਆ ਅਤੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਦਾ ਜਨਮ ਵੀ ਇਸ ਅਸਥਾਨ 'ਤੇ ਹੀ ਹੋਇਆ।

ਸਿੱਖ ਰਾਜ ਜਾਣ ਤੋਂ ਬਾਅਦ ਗੁਰਦੁਆਰਿਆਂ ਦੀ ਮਾਣ-ਮਰਿਯਾਦਾ ਅਤੇ ਸੇਵਾ-ਸੰਭਾਲ ਦਾ ਕੰਮ ਵੀ ਸਿੱਖਾਂ ਹੱਥੋਂ ਜਾਣਾ ਸ਼ੁਰੂ ਹੋ ਗਿਆ ਸੀ। ਗੁਰਦੁਆਰਿਆਂ ਉਪਰ ਸਰਕਾਰ ਦੇ ਪਿੱਠੂ ਬਣੇ ਮਹੰਤ ਕਾਬਜ਼ ਹੋ ਰਹੇ ਸਨ, ਜੋ ਸਰਕਾਰ ਦੀ ਸ਼ਹਿ ਉੱਤੇ ਗੁਰਦੁਆਰਿਆਂ ਵਿਚ ਆਪਣੀ ਐਸ਼-ਅੱਯਾਸ਼ੀ ਕਰ ਰਹੇ ਸਨ। ਸਿੱਖਾਂ ਨੇ ਗੁਰਦੁਆਰਿਆਂ ਦੀ ਮਾਣ-ਮਰਿਯਾਦਾ ਕਾਇਮ ਰੱਖਣ ਲਈ ਮਹੰਤਾਂ ਤੋਂ ਕਬਜ਼ੇ ਲੈਣੇ ਸ਼ੁਰੂ ਕਰ ਦਿੱਤੇ, ਜਿਵੇਂ ਤਰਨ ਤਾਰਨ ਸਾਹਿਬ ਦਾ ਕਬਜ਼ਾ, ਨਨਕਾਣਾ ਸਾਹਿਬ ਅਤੇ ਬੇਰ ਸਾਹਿਬ ਆਦਿ ਗੁਰਦੁਆਰਿਆਂ ਦੇ ਕਬਜ਼ੇ ਲਏ। ਸਿੱਖਾਂ ਦੇ ਵਧਦੇ ਰੋਹ ਨੂੰ ਵੇਖ ਕੇ ਸਰਕਾਰ ਨੂੰ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ 1920 ਵਿਚ ਸ਼੍ਰੋਮਣੀ ਗੁਰਦੁਵਾਰਾ ਕਮੇਟੀ ਬਣਾਉਣੀ ਪਈ।

ਮਹੰਤ ਗੁਰਦਿਆਲ ਸਿੰਘ ਗੁਰਦੁਆਰਾ ਪਾਉਂਟਾ ਸਾਹਿਬ ਉਪਰ ਕਾਬਜ਼ ਸੀ। ਉਸਨੇ ਆਪਣੇ ਇੱਕ ਰਿਸ਼ਤੇਦਾਰ ਮੂਲਾ ਸਿੰਘ ਰਾਹੀਂ ਲੀਡਰਾਂ ਤੱਕ ਪਹੁੰਚ ਬਣਾ ਰੱਖੀ ਸੀ, ਜਿਸ ਕਰਕੇ ਉਹ ਸਰਕਾਰੀ ਸ਼ਹਿ 'ਤੇ ਮਨਮੱਤੀਆਂ ਤੇ ਕੁਰੀਤੀਆਂ ਕਰਦਾ ਸੀ। ਗੁਰਦੁਆਰਾ ਸਾਹਿਬ ਦਾ ਪ੍ਰਬੰਧ ਚੰਗੀ ਤਰ੍ਹਾਂ ਨਾ ਚਲਾਉਣ ਕਰਕੇ ਸੰਗਤਾਂ ਵਿਚ ਭਾਰੀ ਰੋਸ ਸੀ। ਸੰਗਤਾਂ ਨੇ ਮਿਲ ਕੇ ਪੰਥਕ ਲੀਡਰ ਮਾ. ਤਾਰਾ ਸਿੰਘ ਹੋਰਾਂ ਕੋਲ ਮਹੰਤ ਦੀਆਂ ਕਮਜ਼ੋਰੀਆਂ ਦੱਸੀਆਂ। ਉਨ੍ਹਾਂ ਮਹੰਤ ਵਿਰੁੱਧ ਕੋਈ ਐਕਸ਼ਨ ਨਾ ਲਿਆ। ਮਹੰਤ ਗੁਰਦਿਆਲ ਸਿੰਘ ਨੇ ਬੁੱਢਾ ਦਲ ਦੇ ਮੁੱਖੀ ਚੇਤ ਸਿੰਘ ਕੋਲੋਂ ਮੁਆਫ਼ੀ ਮੰਗਕੇ ਅੰਮ੍ਰਿਤ ਛੱਕ ਲਿਆ। ਥੋੜ੍ਹੇ ਚਿਰ ਬਾਅਦ ਮਹੰਤ ਫਿਰ ਪਹਿਲੀਆਂ ਚਾਲਾਂ 'ਤੇ ਆ ਗਿਆ।

ਪਾਉਂਟਾ ਸਾਹਿਬ ਦੇ ਆਸ-ਪਾਸ ਦੀਆਂ ਸੰਗਤਾਂ ਇੱਕ ਵਿਸ਼ੇਸ਼ ਜੱਥਾ ਲੈ ਕੇ ਦੁਆਬੇ ਦੇ ਇਤਿਹਾਸਕ ਪਿੰਡ ਗੁਰਦੁਆਰਾ ਹਰੀਆਂ ਬੇਲਾਂ (ਹੁਸ਼ਿਆਰਪੁਰ) ਵਿਖੇ ਪਹੁੰਚ ਕੇ ਤਰਨਾ ਦਲ ਦੇ ਮੁਖੀ ਨਿਹੰਗ ਸਿੰਘ ਜੱਥੇਦਾਰ ਹਰਭਜਨ ਸਿੰਘ ਨੂੰ ਮਿਲ ਕੇ ਸਾਰੀ ਗੱਲਬਾਤ ਦੱਸੀ। ਉਨ੍ਹਾਂ ਨੇ ਗੁਰਦੁਆਰਾ ਸਾਹਿਬ ਦੀ ਮਾਣ-ਮਰਿਯਾਦਾ ਨੂੰ ਮੁੱਖ ਰੱਖਦਿਆਂ ਸੰਗਤਾਂ ਦੀ ਬੇਨਤੀ ਪ੍ਰਵਾਨ ਕਰ ਲਈ।

ਜੱਥੇਦਾਰ ਹਰਭਜਨ ਸਿੰਘ ਜੀ ਦੀ ਅਗਵਾਈ ਹੇਠ 10 ਮਾਰਚ, 1964 ਨੂੰ ਜੈਕਾਰਿਆਂ ਦੀ ਗੂੰਜ ਵਿਚ ਸ਼ਸਤਰਧਾਰੀ ਨਿਹੰਗ ਸਿੰਘਾਂ ਦਾ ਜੱਥਾ ਪਾਉਂਟਾ ਸਾਹਿਬ ਪਹੁੰਚ ਗਿਆ। ਜਿਸ ਨੂੰ ਵੇਖਕੇ ਮਹੰਤ ਘਬਰਾ ਗਿਆ ਅਤੇ ਉਸ ਨੇ ਭਾੜੇ ਦੇ ਬਦਮਾਸ਼ ਆਪਣੇ ਪਾਸ ਬੁਲਾ ਲਏ ਅਤੇ ਪੁਲਿਸ ਦਾ ਪ੍ਰਬੰਧ ਵੀ ਆਪਣੀ ਪਹੁੰਚ ਨਾਲ ਕਰ ਲਿਆ।

ਜੱਥੇ ਨੇ ਪਾਉਂਟਾ ਸਾਹਿਬ ਗੁਰੂ ਘਰ ਜਾ ਕੇ ਲੰਗਰ ਚਲਾ ਦਿੱਤੇ ਅਤੇ ਸ੍ਰੀ ਅਖੰਡ ਪਾਠਾਂ ਦੀ ਲੜੀ ਚਲਾ ਦਿੱਤੀ। ਹਿਮਾਚਲ ਪ੍ਰਸ਼ਾਸਨ ਨੇ ਸਮਝੌਤੇ ਦੇ ਬਹਾਨੇ ਬਾਬਾ ਜੀ ਨੂੰ ਗੈਸਟ ਹਾਊਸ ਵਿਚ ਬੁਲਾਕੇ ਗ੍ਰਿਫ਼ਤਾਰ ਕਰ ਲਿਆ ਸੀ। ਪੁਲਿਸ ਕਮਿਸ਼ਨਰ ਆਰ.ਕੇ. ਚੰਡੋਲ ਦੀ ਅਗਵਾਈ ਹੇਠ ਗੁਰਦੁਆਰਾ ਸਾਹਿਬ ਦੇ ਦੁਆਲੇ ਭਾਰੀ ਪੁਲਿਸ ਫੋਰਸ ਲਾ ਦਿੱਤੀ। ਪੁਲਿਸ ਨੇ ਸਪੀਕਰਾਂ ਰਾਹੀ ਅਖੰਡ ਪਾਠ ਸਾਹਿਬ ਬੰਦ ਕਰਕੇ ਬਾਹਰ ਆਉਣ ਦੀ ਚਿਤਾਵਨੀ ਦਿੱਤੀ ਪਰ ਕੋਈ ਵੀ ਬਾਹਰ ਨਾ ਆਇਆ। ਪੁਲਿਸ ਪੌੜੀ ਲਾ ਕੇ ਗੁਰਦੁਆਰਾ ਸਾਹਿਬ ਦੇ ਅੰਦਰ ਦਾਖ਼ਲ ਹੋ ਗਈ। ਪੁਲਿਸ ਅਤੇ ਮਹੰਤ ਗੁਰਦਿਆਲ ਸਿੰਘ ਦੇ ਹਥਿਆਰਬੰਦ ਬਦਮਾਸ਼ਾਂ ਨੇ ਸਿੰਘਾਂ 'ਤੇ ਇਕਦਮ ਗੋਲੀਆਂ ਦੀ ਬੁਛਾੜ ਕਰ ਦਿੱਤੀ। 22 ਮਈ, 1964 ਨੂੰ ਜ਼ਾਲਮ ਸਰਕਾਰ ਨੇ ਅਖੰਡ ਪਾਠ ਸਾਹਿਬ ਅਖੰਡਤ ਕਰ ਦਿੱਤਾ ਅਤੇ ਗਿਆਰਾਂ ਸਿੰਘ ਸ਼ਹੀਦ ਕਰ ਦਿੱਤੇ, ਜਿਨ੍ਹਾਂ ਵਿਚੋਂ ਗੁਰਦੁਆਰਾ ਸਾਹਿਬ ਅੰਦਰ ਪੰਦਰਾਂ ਕੁ ਸਿੰਘ ਸਨ, ਉਨ੍ਹਾਂ ਵਿਚੋਂ ਅੱਠ ਸਿੰਘ ਸ਼ਹੀਦ ਕਰ ਦਿੱਤੇ। ਤਿੰਨ ਸਿੰਘ ਬਾਹਰ ਸ਼ਹੀਦ ਕਰ ਦਿੱਤੇ।

ਸ਼ਹੀਦੀ ਸਾਕਾ ਵਰਤਣ ਤੋਂ ਬਾਅਦ ਸਰਕਾਰ ਨੇ ਕੰਧਾਂ ਤੋਂ ਗੋਲੀਆਂ ਦੇ ਨਿਸ਼ਾਨ ਮਿਟਾ ਦਿੱਤੇ ਪਰ ਫਿਰ ਵੀ 47 ਨਿਸ਼ਾਨ ਕੰਧਾਂ ਉਪਰ ਦਿਸ ਰਹੇ ਸਨ। ਇਸ ਮੌਕੇ ਸ਼ਹੀਦੀ ਪ੍ਰਾਪਤ ਕਰਨ ਵਾਲੇ ਗਿਆਰਾਂ ਸਿੰਘ ਹਰੀਆਂ ਬੇਲਾ ਤਰਨਾ ਦਲ ਦੇ ਸਨ। ਹੁਣ ਮੌਜੂਦਾ ਜੱਥੇਦਾਰ ਬਾਬਾ ਨਿਹਾਲ ਸਿੰਘ ਜੀ ਹਨ, ਜੋ ਪਾਉਂਟਾ ਸਾਹਿਬ ਦੇ ਸਾਕੇ ਸਮੇਂ ਉੱਥੇ ਮੌਕੇ 'ਤੇ ਮੌਜੂਦ ਸਨ ਅਤੇ ਜ਼ਖਮੀ ਹੋ ਗਏ ਸਨ। ਹਰ ਸਾਲ ਪਾਉਂਟਾ ਸਾਹਿਬ ਵਿਖੇ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਬੇਲਾ ਵਾਲੇ ਮੁੱਖ ਜੱਥੇਦਾਰ ਬਾਬਾ ਨਿਹਾਲ ਸਿੰਘ ਜੀ ਦੀ ਅਗਵਾਈ ਹੇਠ 22 ਮਈ ਨੂੰ ਸ਼ਹੀਦਾਂ ਦੀ ਯਾਦ ਵਿਚ ਸਮਾਗਮ ਕਰਵਾਏ ਜਾਂਦੇ ਹਨ।

# ਡੀ.ਡੀ. ਪੰਜਾਬੀ ਦੇ ਸਾਹਿਤਕ ਪ੍ਰੋਗਰਾਮ

ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA



ਬੀ.ਬੀ.ਸੀ. ਦੀ ਨਾਟਕ ਸ਼ਾਖਾ ਦੀ ਸਾਬਕਾ ਮੁਖੀ ਮਾਰਟਿਨ ਐਸਲਿਨ ਨੇ ਆਪਣੀ ਪੁਸਤਕ 'ਐਨਾਟਮੀ ਆਫ਼ ਡਰਾਮਾ' ਵਿਚ ਪ੍ਰਗਟਾਵਾ ਕੀਤਾ ਕਿ ਸਾਹਿਤ ਦੀ ਟੈਲੀਵਿਜ਼ਨ ਨੂੰ ਵੱਡੀ ਦੇਣ ਹੈ ਪਰੰਤੂ ਬਦਲੇ ਵਿਚ ਟੈਲੀਵਿਜ਼ਨ ਨੇ ਸਾਹਿਤ ਨੂੰ ਪ੍ਰਫੁੱਲਤ ਕਰਨ ਵਿਚ ਵੱਡਾ ਯੋਗਦਾਨ ਨਹੀਂ ਪਾਇਆ। ਇਹ ਗੱਲ ਪੰਜਾਬੀ ਸਾਹਿਤ ਅਤੇ ਪੰਜਾਬੀ ਟੈਲੀਵਿਜ਼ਨ 'ਤੇ ਵੀ ਇੰਨ-ਬਿੰਨ ਢੁੱਕਦੀ ਹੈ।

ਪਰੰਤੂ ਇਸ ਸਿਲਸਿਲੇ ਵਿਚ ਦੂਰਦਰਸ਼ਨ ਦੇ ਯੋਗਦਾਨ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਦੂਰਦਰਸ਼ਨ ਦੇ ਸਾਹਿਤਕ ਪ੍ਰੋਗਰਾਮਾਂ ਅਤੇ ਲੜੀਵਾਰ ਨਾਟਕਾਂ ਨੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਲੋਕਾਂ ਤੱਕ ਲੈ ਕੇ ਜਾਣ ਵਿਚ ਅਹਿਮ ਭੂਮਿਕਾ ਅਦਾ ਕੀਤੀ ਹੈ। ਪੰਜਾਬੀ ਦੀਆਂ ਚੋਣਵੀਆਂ ਸਾਹਿਤਕ ਰਚਨਾਵਾਂ ਨੂੰ ਨਾਟਕੀ ਰੂਪ ਵਿਚ ਜਨ-ਸਮੂਹ ਤੱਕ ਪਹੁੰਚਾ ਕੇ ਲੋਕਾਂ ਨੂੰ ਸਾਹਿਤਕ ਚੇਟਕ ਲਾਉਣ ਵਿਚ ਮੋਹਰੀ ਭੂਮਿਕਾ ਨਿਭਾਈ ਹੈ।

ਦੂਰਦਰਸ਼ਨ ਜਲੰਧਰ ਹਰੇਕ ਸਾਲ 50 ਦੇ ਕਰੀਬ ਪੰਜਾਬੀ ਨਾਟਕ ਪ੍ਰਸਾਰਿਤ ਕਰਦਾ ਰਿਹਾ ਹੈ। ਹਰੇਕ ਹਫ਼ਤੇ ਦੇ ਨਾਟਕ ਵਿਖਾਏ ਜਾਂਦੇ ਸਨ। ਕਈ ਵਾਰ ਇਹ ਗਿਣਤੀ ਚਾਰ ਤੱਕ ਪਹੁੰਚ ਜਾਂਦੀ ਸੀ। ਇਹ ਉਹ ਸਮਾਂ ਸੀ, ਜਦ ਸਾਹਿਤਕ ਪ੍ਰੋਗਰਾਮਾਂ ਦਾ ਬੋਲਬਾਲਾ ਸੀ ਅਤੇ ਦਰਸ਼ਕ ਹਰੇਕ ਹਫ਼ਤੇ ਸਾਹਿਤਕ ਪ੍ਰੋਗਰਾਮਾਂ ਅਤੇ ਲੜੀਵਾਰ ਨਾਟਕਾਂ ਦੀ ਬੇਸਬਰੀ ਨਾਲ ਉਡੀਕ ਕਰਿਆ ਕਰਦੇ ਸਨ।

ਸਮਾਂ ਬਦਲ ਗਿਆ ਹੈ। ਟੈਲੀਵਿਜ਼ਨ ਪ੍ਰੋਗਰਾਮਾਂ ਦੀ ਰੂਪ-ਰੇਖਾ ਅਤੇ ਮੂੰਹ-ਮੁਹਾਂਦਰਾ ਤਬਦੀਲ ਹੋ ਗਿਆ ਹੈ। ਸਮਾਰਟ ਫ਼ੋਨ ਅਤੇ ਸੋਸ਼ਲ ਮੀਡੀਆ ਨੇ ਲੋਕਾਂ ਦੇ ਸੁਹਜ-ਸੁਆਦ ਅਤੇ ਸਮੇਂ ਨੂੰ ਵੱਡੀ ਢਾਹ ਲਾਈ ਹੈ। ਬੀਤੇ ਇਕ-ਦੋ ਦਹਾਕਿਆਂ ਦੌਰਾਨ ਭਾਰਤੀ ਟੈਲੀਵਿਜ਼ਨ ਨੇ ਕਈ ਰੰਗ ਵੇਖੇ ਹਨ। ਅਜਿਹੀ ਉਥਲ-ਪੁਥਲ ਦੇ ਬਾਵਜੂਦ ਡੀ.ਡੀ. ਪੰਜਾਬੀ ਨੇ ਸਾਹਿਤਕ ਪ੍ਰੋਗਰਾਮਾਂ ਦੇ ਵਜੂਦ ਨੂੰ ਬਚਾ ਕੇ ਰੱਖਿਆ ਹੈ।

ਨਿਰਮਾਤਾ ਨਿਰਦੇਸ਼ਕ ਸ਼੍ਰੀ ਪੰਕਜ ਦੀ ਦੇਖ-ਰੇਖ ਅਧੀਨ ਪੰਜਾਬੀ, ਹਿੰਦੀ ਅਤੇ ਉਰਦੂ ਦੇ ਸਾਹਿਤਕ ਪ੍ਰੋਗਰਾਮ ਨਿਰੰਤਰ ਜਾਰੀ ਹਨ। ਸ਼ਬਦ ਲੋਕ (ਪੰਜਾਬੀ) ਮਹੀਨੇ ਵਿਚ ਤਿੰਨ ਵਾਰ ਪੇਸ਼ ਕੀਤਾ ਜਾਂਦਾ ਹੈ। ਰਚਨਾ (ਹਿੰਦੀ) ਅਤੇ ਅਦਬ (ਉਰਦੂ) ਮਹੀਨੇ ਵਿਚ ਦੋ ਵਾਰ ਪ੍ਰਸਾਰਿਤ ਹੁੰਦੇ ਹਨ। ਕਵੀ ਦਰਬਾਰ (ਪੰਜਾਬੀ) ਮਹੀਨੇ ਵਿਚ ਇਕ ਵਾਰ, ਕਵੀ ਗੋਸ਼ਟੀ (ਹਿੰਦੀ) ਅਤੇ ਉਰਦੂ ਮੁਸ਼ਾਇਰਾ ਤਿੰਨ ਮਹੀਨੇ ਵਿਚ ਇਕ ਵਾਰ ਪੇਸ਼ ਕੀਤੇ ਜਾਂਦੇ ਹਨ। ਗੱਲਾਂ ਤੇ ਗੀਤ ਅਤੇ ਉਮਰਾਂ ਦੇ ਪੈਂਡੇ ਜਿਹੇ ਪ੍ਰੋਗਰਾਮਾਂ ਵਿਚ ਵੀ ਕਦੇ ਕਦਾਈਂ ਸਾਹਿਤਕਾਰਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ।

ਸਾਹਿਤ ਅਤੇ ਮੀਡੀਆ ਦਾ ਮਨੋਰਥ ਇਕੋ ਜਿਹਾ ਹੈ। ਦੋਵੇਂ ਸੰਚਾਰ, ਸੂਚਨਾ, ਸਿੱਖਿਆ, ਸੁਹਜ ਅਤੇ ਮਨੋਰੰਜਨ ਦੇ ਮਾਧਿਅਮ ਰਾਹੀਂ ਲੋਕਾਂ ਨੂੰ ਜਾਗ੍ਰਿਤ ਕਰਦੇ ਹਨ। ਅਖਬਾਰਾਂ, ਰੇਡੀਓ, ਟੈਲੀਵਿਜ਼ਨ ਅਤੇ ਸੋਸ਼ਲ ਮੀਡੀਆ ਜਿੱਥੇ ਖ਼ਬਰਾਂ ਅਤੇ ਵਿਚਾਰਾਂ ਨੂੰ ਜਨ-ਸਮੂਹ ਤੱਕ ਪਹੁੰਚਾਉਂਦੇ ਹਨ, ਉੱਥੇ ਸਾਹਿਤ ਮਨੁੱਖੀ ਭਾਵਨਾਵਾਂ ਅਤੇ ਅਨੁਭਵਾਂ ਨੂੰ ਅਭਿਵਿਅਕਤ ਕਰਦਾ ਹੈ। ਮੀਡੀਆ ਅਤੇ ਸਾਹਿਤ ਇਕ ਦੂਜੇ ਦੇ ਪੂਰਕ ਹਨ। ਜੇਕਰ ਦੋਵੇਂ ਪ੍ਰਸਾਰ ਆਦਾਨ-ਪ੍ਰਦਾਨ ਦੀ ਨੀਤੀ 'ਤੇ ਚੱਲਣ ਤਾਂ ਨਤੀਜੇ ਹੋਰ ਬਿਹਤਰ, ਹੋਰ ਸੁਖਾਵੇਂ ਹੋ ਸਕਦੇ ਹਨ।

ਦੂਰਦਰਸ਼ਨ ਜਲੰਧਰ ਨੇ ਇਸ ਦਿਸ਼ਾ ਵਿਚ ਬਹੁਤ ਕੰਮ ਕੀਤਾ ਹੈ। ਅੰਮ੍ਰਿਤਸਰ ਵਿਖੇ 1973 ਵਿਚ ਆਰੰਭ ਹੋਏ ਦੂਰਦਰਸ਼ਨ ਨੂੰ ਜਦ 1979 'ਚ ਜਲੰਧਰ ਪ੍ਰਸਥਾਨ ਕਰ ਦਿੱਤਾ ਗਿਆ, ਤਾਂ ਸਮੇਂ-ਸਮੇਂ ਰਹੇ ਕੇਂਦਰ ਨਿਰਦੇਸ਼ਕਾਂ ਅਤੇ ਪ੍ਰੋਡਿਊਸਰਾਂ ਦੀ ਟੀਮ ਨੇ ਸਖ਼ਤ ਮਿਹਨਤ ਅਤੇ ਲਗਨ ਨਾਲ ਵੱਖ-ਵੱਖ ਭਾਂਤ ਦੇ ਸਾਹਿਤਕ ਪ੍ਰੋਗਰਾਮਾਂ ਨੂੰ ਬੁਲੰਦੀਆਂ 'ਤੇ ਪਹੁੰਚਾ ਦਿੱਤਾ। ਦਰਸ਼ਕਾਂ ਦੇ ਜ਼ਿਹਨਾਂ ਵਿਚ ਅੱਜ ਵੀ ਉਨ੍ਹਾਂ ਪ੍ਰੋਗਰਾਮਾਂ ਨੂੰ ਯਾਦ ਤਾਜ਼ਾ ਹੈ।

ਉਸੇ ਮਾਹੌਲ, ਉਸੇ ਕੋਸ਼ਿਸ਼ ਨੂੰ ਜਾਰੀ ਰੱਖਦਿਆਂ ਨਿਰਮਾਤਾ ਨਿਰਦੇਸ਼ਕ ਅਤੇ ਕਾਰਜਕਾਰੀ ਅਧਿਕਾਰੀ ਸ਼੍ਰੀ ਪੰਕਜ ਪਿਛਲੇ ਕਈ ਸਾਲਾਂ ਤੋਂ ਵੱਖ-ਵੱਖ ਤਰ੍ਹਾਂ ਦੇ ਸਾਹਿਤਕ ਪ੍ਰੋਗਰਾਮ ਪੇਸ਼ ਕਰ ਰਹੇ ਹਨ, ਜਿਨ੍ਹਾਂ ਦਾ ਜ਼ਿਕਰ ਉੱਪਰ ਕੀਤਾ ਗਿਆ ਹੈ।

ਪੰਜਾਬੀ, ਹਿੰਦੀ, ਉਰਦੂ ਦੇ ਸ਼ਾਇਰ, ਨਾਵਲਕਾਰ, ਨਾਟਕਕਾਰ, ਕਹਾਣੀਕਾਰ ਸਭ ਸ਼ਬਦ ਲੋਕ, ਰਚਨਾ, ਅਦਬ, ਕਵੀ ਦਰਬਾਰ, ਕਵੀ ਗੋਸ਼ਟੀ ਅਤੇ ਮੁਸ਼ਾਇਰਾ ਪ੍ਰੋਗਰਾਮਾਂ ਵਿਚ ਸ਼ਾਮਲ ਹੋਣਾ ਚਾਹੁੰਦੇ ਹਨ। ਜਦ ਮੈਂ ਸ਼੍ਰੀ ਪੰਕਜ ਨੂੰ ਪੁੱਛਿਆ ਕਿ ਉਰਦੂ ਪ੍ਰੋਗਰਾਮਾਂ ਲਈ ਮਾਹਿਰਾਂ ਅਤੇ ਸਾਹਿਤਕਾਰਾਂ ਦੀ ਮੁਸ਼ਕਲ ਨਹੀਂ ਆਉਂਦੀ, ਤਾਂ ਉਨ੍ਹਾਂ ਦਾ ਜਵਾਬ ਸੀ - ਬਿਲਕੁਲ ਨਹੀਂ। ਉਹ ਬੜੇ ਉਤਸ਼ਾਹ ਅਤੇ ਦਿਲਚਸਪੀ ਨਾਲ ਪ੍ਰੋਗਰਾਮਾਂ ਵਿਚ ਸ਼ਮੂਲੀਅਤ ਲਈ ਪੁੱਜਦੇ ਹਨ।

ਉਪਰੋਕਤ ਸਾਰੇ ਪ੍ਰੋਗਰਾਮਾਂ ਦੇ ਪਿਛੋਕੜ ਦ੍ਰਿਸ਼ ਬੜੇ ਸੁਹਜ-ਭਰੇ, ਬੜੇ ਅਰਥ-ਭਰਪੂਰ ਅਤੇ ਆਕਰਸ਼ਕ ਹੁੰਦੇ ਹਨ, ਜਿਹੜੇ ਪ੍ਰੋਗਰਾਮ ਦਾ ਮਿਆਰ ਸਿਖਰ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਆਰੰਭ ਤੋਂ ਅੰਤ ਤੱਕ ਸੰਬੰਧਤ ਭਾਸ਼ਾ ਦੇ ਸਿਰਕੱਢ ਸਾਹਿਤਕਾਰਾਂ ਦੀਆਂ ਤਸਵੀਰਾਂ ਦਿਖਾਉਣੀਆਂ ਸੋਨੇ 'ਤੇ ਸੁਹਾਗੇ ਦਾ ਕੰਮ ਕਰਦੀਆਂ ਹਨ। ਆਰੰਭਕ ਸੰਗੀਤ-ਧੁਨ ਪ੍ਰੋਗਰਾਮ ਲਈ ਲੋੜੀਂਦਾ ਮਾਹੌਲ ਤਿਆਰ ਕਰ ਦਿੰਦੀ ਹੈ।

ਭਾਸ਼ਾ 'ਤੇ ਮਜ਼ਬੂਤ ਪਕੜ ਰੱਖਣ ਵਾਲੇ ਤਜ਼ਰਬੇਕਾਰ ਐਂਕਰ ਪ੍ਰੋਗਰਾਮਾਂ ਨੂੰ ਸਹਿਜ ਰੱਖਣ, ਗਹਿਰਾਈ ਪ੍ਰਦਾਨ ਕਰਨ ਅਤੇ ਮਿਆਰੀ ਬਣਾਉਣ ਵਿਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਬਤੌਰ ਨਿਰਮਾਤਾ ਨਿਰਦੇਸ਼ਕ ਅਤੇ ਕਾਰਜਕਾਰੀ ਅਧਿਕਾਰੀ ਸ਼੍ਰੀ ਪੰਕਜ ਸ਼ਬਦ ਲੋਕ, ਰਚਨਾ ਅਤੇ ਅਦਬ ਪ੍ਰੋਗਰਾਮਾਂ ਨੂੰ ਸੁਹਜ, ਸਹਿਜ ਅਤੇ ਮਿਆਰ ਪ੍ਰਦਾਨ ਕਰਨ ਲਈ ਲਗਾਤਾਰ ਯਤਨਸ਼ੀਲ ਹਨ।

# ਚੁੱਪ ਦੀਆਂ ਚੀਕਾਂ



-ਅਮਰਬੀਰ ਸਿੰਘ ਚੀਮਾ
ਸਰਹਿੰਦ ਸ਼ਹਿਰ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ : 98889-40211
ਪੰਜਾਬ ਮੇਲUSA



ਦੈਸੇ ਤਾਂ ਅਸੀਂ ਤਿੰਨੇ ਭੈਣ-ਭਰਾ ਉਨ੍ਹਾਂ ਨੂੰ ਪਾਪਾ ਜੀ ਕਹਿੰਦੇ ਸੀ, ਪਰ ਅੱਜ ਅਪਣੱਤ ਨਾਲ ਬਾਪੂ ਹੀ ਕਹਾਂਗਾ।

ਕਿਸੇ ਸ਼ਾਇਰ ਦੇ ਬੋਲ ਨੇ :-

"ਉਮਰਾਂ ਲਈ ਹੰਝੂਆਂ ਦੇ ਆਹਰੇ ਲਾ ਕੇ ਗਿਆ ਏਂ,
ਜਾਣ ਲੱਗਾ ਰੂਹ ਦੇ ਖਿਲਾਰੇ ਪਾ ਕੇ ਗਿਆ ਏਂ।"

ਮੈਂ ਅਕਸਰ ਸੋਚਦਾ ਹੁੰਦਾ ਕਿ ਯਾਰ ਬਾਪੂ ਕਿਹੜੀ ਮਿੱਟੀ ਦਾ ਬਣਿਆ ਹੋਇਆ ਸੀ। ਨਾ ਮੈਂ ਕਦੇ ਉਹਨੂੰ ਅੱਜ ਤੱਕ ਰੋਂਦਾ ਦੇਖਿਆ ਤੇ ਨਾ ਕਦੇ ਜਜ਼ਬਾਤੀ ਹੋਇਆ। ਉਹ ਪੂਰੀ ਜ਼ਿੰਦਗੀ ਗੜਕ ਨਾਲ ਜੀਵਿਆ ਤੇ ਮੜ੍ਹਕ ਨਾਲ ਇੰਸਪੈਕਟਰੀ ਕੀਤੀ। ਚਾਪਲੂਸੀ ਉਨ੍ਹਾਂ ਦੀ ਫ਼ਿਤਰਤ 'ਚ ਹੀ ਨਹੀਂ ਸੀ, ਜਿਸਨੂੰ ਜਿਹੜੀ ਗੱਲ ਕਹਿਣੀ, ਸਿੱਧਾ ਮੂੰਹ 'ਤੇ ਹੀ ਕਹਿਣੀ।

ਕਿਤਾਬਾਂ ਦਾ ਸ਼ੁਦਾਈ ਸੀ ਪਰ ਸ਼ਰਾਬ ਵੀ ਪੀਂਦਾ ਸੀ। ਸੈਂਕੜੇ ਨਹੀਂ, ਹਜ਼ਾਰਾਂ ਦੀ ਗਿਣਤੀ 'ਚ ਨਾਵਲ ਕਈ-ਕਈ ਵਾਰੀ ਪੜ੍ਹ ਸੁੱਟੇ ਸੀ ਉਨ੍ਹਾਂ ਨੇ। ਸ਼ਰਾਬ ਬਿਨ ਵੀ ਕਈ-ਕਈ ਵਾਰ ਮਹੀਨਾ ਲੰਘ ਜਾਂਦਾ ਸੀ। ਪਰ ਜਦੋਂ ਪੀਣੀ ਤਾਂ ਦਿਨ-ਰਾਤ ਦਾ ਪਤਾ ਨਹੀਂ ਸੀ ਰਹਿੰਦਾ। ਮਾਰਕਫ਼ੈਡ ਦੇ ਸਾਰੇ ਸੰਗੇ ਸਾਥੀ ਹੀ ਖਾਣ-ਪੀਣ ਵਾਲੇ ਜੋ ਸਨ। ਦੂਜੇ ਪਾਸੇ ਨਿੱਤਨੇਮ ਦਾ ਵੀ ਪੱਕਾ ਸੀ, ਰੋਜ਼ਾਨਾ ਸਵੇਰੇ ਸ਼ਾਮ ਮੂੰਹ-ਜ਼ੁਬਾਨੀ ਪਾਠ ਕਰਦੇ ਸਨ।

ਜਵਾਨੀ ਵੇਲੇ ਬਾਪੂ ਦੇ ਲਲਕਾਰੇ ਤੋਂ ਸਾਰਾ ਪਿੰਡ ਭੈਅ ਖਾਂਦਾ ਸੀ। ਪਰ ਉਹਨੇ ਕਦੇ ਕਿਸੇ ਨਾਲ ਜ਼ਿੰਦਗੀ 'ਚ ਨਾਜਾਇਜ਼ ਨਹੀਂ ਕੀਤੀ, ਨਾਜਾਇਜ਼ ਝੱਲਣੀ ਤਾਂ ਕਿੱਥੋਂ ਸੀ। ਤਪਾ, ਬਠਿੰਡਾ, ਬਰੇਟਾ, ਬੁਢਲਾਡਾ, ਬਰਨਾਲਾ, ਮੋਗਾ, ਹੁਸ਼ਿਆਰਪੁਰ, ਢਿੱਲਵਾਂ ਤੇ ਹੋਰ ਪਤਾ ਨਹੀਂ ਕਿਹੜੇ-ਕਿਹੜੇ ਸ਼ਹਿਰਾਂ ਤੇ ਜ਼ਿਲ੍ਹਿਆਂ 'ਚ ਸਕੂਟਰ ਜਾਂ ਮੋਟਰਸਾਈਕਲ 'ਤੇ ਹੀ ਸਫ਼ਰ ਕਰਦੇ ਸੀ। ਕੁੱਲੂ ਮਨਾਲੀ ਵਗੈਰਾ ਤੇ ਯੂ.ਪੀ. ਤੱਕ ਸਕੂਟਰ 'ਤੇ ਹੀ ਗਾਹ ਮਾਰਿਆ ਸੀ। ਜ਼ੁਬਾਨ ਦਾ ਕੁਰੱਖਤ ਤੇ ਪੱਕਾ, ਪਰ ਦਿਲ ਦਾ ਸੱਚਾ ਸੀ। ਇੱਕ ਉਹ ਵੀ ਸਮਾਂ ਸੀ, ਜਦੋਂ ਸਰਪੰਚ ਹਰ ਗੱਲ 'ਚ ਬਾਪੂ ਦੀ ਸਲਾਹ ਲੈਂਦੇ ਸੀ। ਉਦੋਂ ਸਰਪੰਚ ਹੋਣੀ ਪੰਜ ਭਰਾ ਤੇ ਛੇਵਾਂ ਮੇਰਾ ਬਾਪੂ, ਪਰ ਸਿਰਫ ਕਹਿਣ ਨੂੰ ਨਹੀਂ, ਉਹ ਪੰਜੇ ਵੀ ਤੇ ਬਾਪੂ ਵੀ, ਆਖਰੀ ਦਮ ਤੀਕਰ ਉਨ੍ਹਾਂ ਨਾਲ ਨਿਭਿਆ। ਸੱਚੀ, ਯਾਰਾਂ ਦਾ ਯਾਰ ਸੀ ਬਾਪੂ। ਉਹਦਾ ਕੋਈ ਬਦਲ ਹੋ ਹੀ ਨਹੀਂ ਸਕਦਾ।

ਇੱਕ ਵਾਰੀ ਕਿਸੇ ਗੱਲੋਂ ਰੁੱਸ ਕੇ ਸਵੇਰ ਦੀ ਟਰੇਨ ਚੜ੍ਹ ਕੇ ਮਣੀਕਰਨ ਚਲਾ ਗਿਆ। ਅਸੀਂ ਉਨ੍ਹਾਂ ਦੇ ਦਫ਼ਤਰੀ ਸਾਥੀਆਂ ਤੇ ਇਧਰੋਂ-ਉਧਰੋਂ ਪੁੱਛ-ਪੜਤਾਲ ਕਰਦੇ ਰਹੇ। ਦੁਪਹਿਰੇ ਜਾ ਕੇ ਇੱਕ ਪੁਰਾਣੇ ਦਫ਼ਤਰੀ ਸਾਥੀ ਨੇ ਫੋਨ ਉੱਤੇ ਦੱਸਿਆ ਕਿ ਚੀਮਾ ਤਾਂ ਮੰਡੀ ਬੈਠਾ। ਮੈਂ ਉਨ੍ਹਾਂ ਨੂੰ ਕਿਹਾ ਕਿ ਸਰਹਿੰਦ ਮੰਡੀ ਕਿੱਥੇ ਕੁ ਬੈਠੇ ਨੇ, ਤਾਂ ਕਿ ਅਸੀਂ ਉਨ੍ਹਾਂ ਨੂੰ ਘਰ ਲੈ ਆਈਏ, ਕਿਉਂਕਿ ਸਰਹਿੰਦ ਸ਼ਹਿਰ ਵੀ ਹੈ ਤੇ ਸਰਹਿੰਦ ਮੰਡੀ ਵੀ। ਉਹ ਭੱਦਰਪੁਰਸ਼ ਕਹਿੰਦੇ ਕਿ ਇਹ ਸਰਹਿੰਦ ਮੰਡੀ ਨਹੀਂ, ਹਿਮਾਚਲ ਦੀ ਮੰਡੀ ਵਾਲੇ ਗੁਰਦੁਆਰੇ ਬੈਠਾ ਚੀਮਾ। ਫਿਰ ਜਦੋਂ ਉਨ੍ਹਾਂ ਨੇ ਫੋਨ ਸਵਿੱਚ ਆਨ ਕੀਤਾ, ਤਾਂ ਕਿਤੇ ਜਾ ਕੇ ਗੱਲ ਹੋਈ ਤੇ ਦੂਜੇ ਦਿਨ ਉਹ ਘਰ ਵਾਪਸ ਆਏ।

ਇੱਕ ਲੋਕਲ ਡਾਕਟਰ ਪਾਪਾ ਜੀ ਦੇ ਤਾਕਤ ਦੇ ਟੀਕੇ ਲਾਉਣ ਆਉਂਦਾ ਹੁੰਦਾ ਸੀ। ਇੱਕ ਦਿਨ ਟੀਕਾ ਲਾਉਣ ਲੱਗਾ ਉਹ ਸਤਿਕਾਰ ਵਜੋਂ ਕਹਿੰਦਾ ਬਾਪੂ ਜੀ ਕਰਿਓ ਜ਼ਰਾ ਪਾਸਾ, ਉਹਨੂੰ ਕਹਿੰਦੇ ਕਿ ਮੈਂ ਤੇਰਾ ਬਾਪੂ ਆਂ, ਜੋ ਤੂੰ ਮੈਨੂੰ ਬਾਪੂ ਕਹਿੰਦਾ। ਹਾਲੇ ਮੈਂ ਇੰਨਾ ਵੀ ਨਹੀਂ ਬੁੱਢਾ ਹੋਇਆ।

ਜ਼ਿੰਦਗੀ ਦੇ ਸਫ਼ਰ 'ਚ ਬਹੁਤ ਸੱਟਾਂ ਖਾਦੀਆਂ। ਕਦੇ ਲੱਤ ਟੁੱਟ ਜਾਣੀ, ਵਾਰੋ-ਵਾਰੀ ਦੋਵੇਂ ਹੰਸ ਵੀ ਟੁੱਟੇ, ਇੱਕ ਵਾਰੀ ਸਿਰ 'ਤੇ ਵੀ ਸੱਟ ਲੱਗੀ, ਜਬਾੜੇ ਦੀ ਵੀ ਪਲਾਸਟਿਕ ਸਰਜਰੀ ਹੋਈ। ਐਡੀ ਕੈੜੀ ਹੱਡੀ ਸੀ ਬਾਪੂ ਦੀ। ਮੇਰੇ ਕਈ ਦੋਸਤ ਵੀ ਉਨ੍ਹਾਂ ਨਾਲ ਪੈੱਗ ਲਾ ਲੈਂਦੇ ਸਨ। ਇੱਕ ਵਾਰ ਉਹੀ ਦੋਸਤ ਘਰੇ ਪਤਾ ਲੈਣ ਆਏ, ਜਦੋਂ ਬਾਪੂ ਦਾ ਸਕੂਟਰ ਇੱਕ ਖੰਭੇ 'ਚ ਜਾ ਵੱਜਿਆ ਸੀ। ਹੱਸਦਿਆਂ ਕਹਿਣ ਲੱਗੇ, ਅੰਕਲ ਜੀ, ਬਿਜਲੀ ਬੋਰਡ 'ਤੇ ਕੇਸ ਕਰਨਾ ਆਪਾਂ, ਕਿ ਉਨ੍ਹਾਂ ਨੂੰ ਪਤਾ ਨਹੀਂ ਕਿ ਇੱਥੋਂ ਚੀਮਾ ਸਾਹਿਬ ਨੇ ਲੰਘਣਾ ਹੁੰਦਾ, ਇਸ ਲਈ ਖੰਭਾ ਸਾਈਡ 'ਤੇ ਕਿਉਂ ਨਹੀਂ ਲਗਾਇਆ?

ਸੱਟਾਂ ਤੋਂ ਇਲਾਵਾ ਸ਼ੂਗਰ ਦੀ ਬਿਮਾਰੀ ਆ ਪਈ ਤੇ ਉਪਰੋਂ ਕਰੋਨਾ ਦੇ ਦਿਨਾਂ ਵਿਚ ਹਾਰਟ ਅਟੈਕ ਆਉਣ 'ਤੇ ਸਟੰਟ ਵੀ ਪਵਾਉਣੇ ਪਏ। ਇੰਨਾ ਕੁਝ ਝੱਲ ਗਿਆ, ਪਰ ਆਹ ਇਕ ਪੌੜੀ ਦੇ ਸਟੈਪ ਤੋਂ ਡਿੱਗ ਕੇ ਸੱਟ ਲੱਗਣ 'ਤੇ ਅਜਿਹਾ ਮੰਜੇ 'ਤੇ ਪਏ ਕਿ ਮੁੜ ਉੱਠ ਨਾ ਸਕੇ। ਇਹ ਪੂਰੇ ਪੰਜ ਮਹੀਨੇ ਸਾਡੇ ਪਰਿਵਾਰ ਲਈ ਇੱਕ ਇਮਤਿਹਾਨ ਸੀ। ਉਨ੍ਹਾਂ ਦਾ ਸਭ ਤੋਂ ਛੋਟਾ ਦੋਸਤ ਤੇ ਲਾਡਲਾ ਪੋਤਾ ਦੀਪਕੰਵਲ ਅਤੇ ਮੈਂ ਤੇ ਮੇਰਾ ਭਰਾ ਰਾਜਦੀਪ ਸਾਰਾ ਦਿਨ ਉਦਾਸ ਰਹਿੰਦੇ। ਹੋਰ ਤਾਂ ਹੋਰ, ਸਾਡਾ ਛੋਟਾ ਜਿਹਾ ਸਿਟਜ਼ੂ (ਕੌਫੀ) ਵੀ ਏਦਾਂ ਲੱਗਦੈ, ਜਿਵੇਂ ਇਧਰ-ਉਧਰ ਉਨ੍ਹਾਂ ਨੂੰ ਭਾਲਦਾ ਫਿਰਦੈ ਸਾਰਾ ਦਿਨ। ਐੱਮ.ਆਰ.ਆਈ. ਕਰਵਾਈ, ਤਾਂ ਦੋ ਮਣਕੇ ਡੈਮੇਜ ਸੀ, ਲੱਤਾਂ 'ਤੇ ਭਾਰ ਆਉਣੋਂ ਹਟ ਗਿਆ। ਫਰਵਰੀ ਮਹੀਨੇ ਦੀ ਇੱਕ ਸ਼ਾਮ ਨੂੰ ਡਾਕਟਰ ਨੇ ਵੀ ਘੰਟਾ ਦੋ ਘੰਟੇ ਦੀ ਖੇਡ ਕਹਿ ਕੇ ਘਰੇ ਸੇਵਾ ਕਰਨ ਲਈ ਡਿਸਚਾਰਜ ਕਰ ਦਿੱਤਾ ਸੀ। ਪਰ ਉਹੀ ਇਲਾਜ ਘਰੇ ਕਰਵਾਉਂਦੇ ਰਹੇ।

ਸਪੇਨ ਤੋਂ ਭੈਣ ਤੇ ਆਸਟ੍ਰੇਲੀਆ ਤੋਂ ਆਪਣੀ ਭੂਆ ਨੂੰ ਵੀ ਬੁਲਾ ਲਿਆ। ਭੈਣ ਕਿਰਨਦੀਪ 20-25 ਦਿਨ ਉਨ੍ਹਾਂ ਕੋਲ ਰਹੀ, ਪਰ ਉਨੇ ਹੀ ਦਿਨ ਉਨ੍ਹਾਂ ਦੇ ਸਰਾਹਣੇ ਹੀ ਬੈਠੀ ਰਹੀ। ਫਿਰ ਹੌਲੀ-ਹੌਲੀ 10-12 ਦਿਨਾਂ ਦੇ ਇਲਾਜ ਤੋਂ ਬਾਅਦ ਸਾਰਿਆਂ ਨੂੰ ਪਛਾਨਣ ਲੱਗ ਗਏ, ਭਾਵ ਰਿਕਵਰੀ ਹੋਣ ਲੱਗ ਪਈ। ਖ਼ੁਰਾਕ ਵੀ ਖਾਣ ਲੱਗ ਗਏ ਤੇ ਗੱਲਬਾਤ ਵੀ, ਪਰ ਤੁਰਨ ਤੋਂ ਅਸਮਰਥ ਸਨ। ਉਨ੍ਹਾਂ ਦੇ ਠੀਕ ਹੋਣ ਦੀ ਉਮੀਦ ਕਰਦਿਆਂ ਭੈਣ ਵਾਪਸ ਸਪੇਨ ਪਰਤ ਗਈ। ਉਸ ਤੋਂ ਬਾਅਦ ਸਾਡਾ ਪ੍ਰਾਹੁਣਾ ਸਤਬੀਰ ਵੀ ਉਨ੍ਹਾਂ ਨੂੰ ਮਿਲ ਗਿਆ। ਪਰ ਸਾਡੀ ਬੇਟੀ ਰਸ਼ਮੀਤ ਕੈਨੇਡਾ ਤੋਂ ਕਾਗਜ਼ੀ ਕਾਰਵਾਈ ਕਾਰਨ ਅਤੇ ਭਾਣਜੀ ਜਪਮਨ ਪੜ੍ਹਾਈ ਕਾਰਨ ਸਪੇਨ ਤੋਂ ਉਨ੍ਹਾਂ ਨੂੰ ਮਿਲਣ ਨਾ ਆ ਸਕੀਆਂ।

ਠੰਢ ਦੇ ਚੱਲਦਿਆਂ ਬਾਪੂ ਨੂੰ ਥੱਲੇ ਤੋਂ ਉੱਪਰਲੀ ਮੰਜ਼ਿਲ 'ਤੇ ਲੈ ਆਂਦਾ ਕਿ ਧੁੱਪ 'ਚ ਹੱਡ-ਪੈਰ ਖੁੱਲ੍ਹਣਗੇ ਤੇ ਬਲੋਕੇਜ ਘੱਟ ਜਾਵੇਗੀ। ਸਾਡੀ ਮਾਂ ਪਰਮਿੰਦਰ ਕੌਰ ਰੋਜ਼ ਦੋ-ਤਿੰਨ ਵਾਰੀ ਡੈਪਰ ਬਦਲਦੀ ਰਹੀ। ਦੋਹਾਂ ਨੂੰਹਾਂ ਹਰਜੀਤ ਕੌਰ ਤੇ ਕੁਲਦੀਪ ਕੌਰ ਨੇ ਦਿਲੋਂ ਸੇਵਾ ਕੀਤੀ। ਪਰ ਫੇਰ ਇਕਦਮ ਪਹਿਲਾਂ ਵਾਲੀ ਸਟੇਜ 'ਤੇ ਪਹੁੰਚ ਗਏ। ਉਹੀ ਇਲਾਜ ਦੁਬਾਰਾ ਸ਼ੁਰੂ ਕਰਵਾਇਆ, ਪਰ ਰਿਸਪਾਂਸ ਨਾ ਮਾਤਰ ਰਹਿ ਗਿਆ। ਅਖੀਰਲੇ ਦਿਨ 25 ਅਪ੍ਰੈਲ ਨੂੰ ਮੇਰੀ ਪਤਨੀ ਕਹਿੰਦੀ, ਤੁਸੀਂ ਵੀ ਡੈਡੀ ਦੇ ਮੂੰਹ 'ਚ ਪਾਣੀ ਦੇ ਚਮਚ ਪਾ ਦਿਓ। ਮੈਂ ਰੂਟੀਨ 'ਚ ਕਿਹਾ ਕਿ ਤੁਸੀਂ ਪਾ ਤਾਂ ਰਹੀਆਂ ਓ ਦੋਵੇਂ ਜਣੀਆਂ। ਪਰ ਉਹਨੇ ਫਿਰ ਟੋਕ ਕੇ ਕਿਹਾ ਕਿ ਚਲੋ ਤੁਸੀਂ ਵੀ ਪਾ ਦੋ। ਮੈਂ ਦੋ-ਤਿੰਨ ਚਮਚ ਪਾਣੀ ਦੇ ਉਨ੍ਹਾਂ ਦੇ ਮੂੰਹ 'ਚ ਪਾਏ ਤੇ ਬਾਹਰੋਂ ਡੋਰਬੈਲ ਵੱਜੀ। ਮੈਂ ਬਾਹਰ ਦਰਵਾਜ਼ੇ 'ਤੇ ਵੇਖਣ ਚਲੇ ਗਿਆ ਤੇ ਮਿੰਟਾਂ ਸੈਕਿੰਡਾਂ 'ਚ ਹੀ ਉਹ ਸਾਹ ਛੱਡ ਗਏ। ਸਾਨੂੰ ਪੱਕਾ ਲੱਗਦਾ ਸੀ ਕਿ ਠੀਕ ਹੋ ਜਾਣੈ ਪਰ ਉਨ੍ਹਾਂ ਦੀ ਜੱਗ 'ਤੇ ਇੰਨੀ ਕੁ ਹੀ ਸਾਂਝ ਸੀ।

ਐਡੀਆਂ ਵੱਡੀਆਂ-ਵੱਡੀਆਂ ਸੱਟਾਂ ਤਾਂ ਝੱਲ ਗਏ, ਪਰ ਇਹ ਛੋਟੀ ਜਿਹੀ ਸੱਟ ਅਖੀਰਲੀ ਸੱਟ ਹੋ ਨਿਬੜੀ ਤੇ ਉਹ ਸਾਨੂੰ ਸਾਰਿਆਂ ਨੂੰ ਛੱਡ ਕੇ ਕਦੇ ਵੀ ਮੁੜ ਕੇ ਨਾ ਆਉਣ ਵਾਲੀ ਥਾਂ 'ਤੇ ਚਲੇ ਗਏ।

ਅਲਵਿਦਾ ਬਾਪੂ,

ਇਹ ਚੀਕਾਂ ਚੁੱਪ ਦੀਆਂ, ਇਹ ਬੜਾ ਸ਼ੋਰ ਮਚਾਉਂਦੀਆਂ ਨੇ,
ਵੇਖਣ ਨੂੰ ਸਾਬਤ ਲੱਗਦੇ ਆਂ, ਧੁਰ ਅੰਦਰੋਂ ਹਿਲਾਉਂਦੀਆਂ ਨੇ।

ਬਸ ਇੰਨੀ ਕੁ ਕਹਾਣੀ ਐ।

# ਸਾਰਥਿਕ ਪੰਜਾਬੀ ਸਿਨੇਮੇ ਦੀ ਖ਼ੂਬਸੂਰਤ ਪੇਸ਼ਕਾਰੀ ਪੰਜਾਬੀ ਫ਼ਿਲਮ ਬੁੱਧ ਸਿੰਘ




ਅੰਗਰੇਜ ਸਿੰਘ ਵਿਰਦੀ
94646-28857
(Punjab Mail USA)



ਪੰਜਾਬੀ ਫ਼ਿਲਮ ਬੁੱਧ ਸਿੰਘ ਇੱਕ ਐਸੀ ਫ਼ਿਲਮ ਹੈ, ਜਿਸ ਵਿਚ ਨੈਤਿਕ ਚੁਣੌਤੀਆਂ, ਸਮਾਜਿਕ ਯਥਾਰਥਵਾਦ ਦੀ ਭਾਵਨਾ, ਲੋਕਾਂ ਦੇ ਵਿਚਾਰਾਂ, ਉਨ੍ਹਾਂ ਦੇ ਸੁਪਨਿਆਂ, ਪ੍ਰੇਰਨਾਵਾਂ ਅਤੇ ਜੀਵਨ ਸੰਘਰਸ਼ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ।

ਇਸ ਮਨੋਵਿਗਿਆਨਕ ਥ੍ਰਿਲਰ ਫ਼ਿਲਮ ਵਿਚ ਇੱਕ ਐਸੇ ਇਨਸਾਨ ਦੀ ਜ਼ਿੰਦਗੀ ਨੂੰ ਦਿਖਾਇਆ ਗਿਆ ਹੈ, ਜੋ ਇਮਾਨਦਾਰੀ ਅਤੇ ਸੱਚ 'ਤੇ ਚੱਲਣ ਦੀ ਕੋਸ਼ਿਸ਼ ਕਰਦਾ ਹੈ ਪਰ ਉਸ ਦੇ ਘਰੇਲੂ ਹਾਲਾਤ, ਪਰਿਵਾਰਕ ਜ਼ਿੰਮੇਵਾਰੀਆਂ ਅਤੇ ਉਨ੍ਹਾਂ ਦੀਆਂ ਆਰਥਿਕ ਲੋੜਾਂ ਉਸ ਨੂੰ ਆਪਣੇ ਵਿਚਾਰਾਂ, ਆਪਣੀ ਜੀਵਨ ਜਾਂਚ ਅਤੇ ਆਪਣੇ ਸੁਭਾਅ ਤੋਂ ਉਲਟ ਉਹ ਸਭ ਕੁੱਝ ਕਰਨ ਲਈ ਮਜਬੂਰ ਕਰਦੇ ਹਨ, ਜਿਸ ਲਈ ਉਸ ਦੀ ਅੰਤਰ ਆਤਮਾ ਬਿਲਕੁਲ ਵੀ ਤਿਆਰ ਨਹੀਂ। ਥੋੜ੍ਹੇ ਸਮੇਂ ਲਈ ਉਹ ਉਨ੍ਹਾਂ ਲੋਕਾਂ ਵਿਚ ਸ਼ਾਮਲ ਹੋ ਜਾਂਦਾ ਹੈ, ਜਿਨ੍ਹਾਂ ਲਈ ਪੈਸਾ ਹੀ ਸਭ ਕੁੱਝ ਹੈ, ਜੋ ਗਰੀਬ ਲੋਕਾਂ ਦਾ ਹੱਕ ਮਾਰ ਕੇ ਬੇਈਮਾਨੀ ਨਾਲ ਕਮਾਏ ਪੈਸੇ 'ਤੇ ਐਸ਼ ਦੀ ਜ਼ਿੰਦਗੀ ਗੁਜ਼ਾਰਦੇ ਹਨ। ਪਰ ਉਹ ਇਹ ਸਭ ਕਰਕੇ ਮਾਨਸਿਕ ਤਨਾਅ ਵਿਚੋਂ ਗੁਜ਼ਰਨ ਲੱਗਦਾ ਹੈ। ਪਰਿਵਾਰਿਕ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਉਸ ਵੱਲੋਂ ਮਜਬੂਰੀ ਵੱਸ ਕੀਤੀ ਬੇਇਮਾਨੀ ਅਤੇ ਕਮਾਇਆ ਧੰਨ ਉਸ ਨੂੰ ਮਾਨਸਿਕ ਰੋਗੀ ਬਣਾ ਦਿੰਦਾ ਹੈ। ਫ਼ਿਲਮ ਵਿਚ ਦੇਸ਼ ਵਿਚ ਫੈਲੇ ਭ੍ਰਿਸ਼ਟਾਚਾਰ ਅਤੇ ਇਸ ਵਿਚ ਲਿਪਤ ਵੱਖ-ਵੱਖ ਵਿਭਾਗਾਂ ਦੇ ਸਰਕਾਰੀ ਅਫਸਰਾਂ, ਮੰਤਰੀਆਂ ਅਤੇ ਨਿੱਜੀ ਮੁਫਾਦ ਲਈ ਇਨ੍ਹਾਂ ਨਾਲ ਜੁੜੇ ਸਰਕਾਰੀ ਅਦਾਰਿਆ ਦੇ ਛੋਟੇ-ਛੋਟੇ ਕਰਿੰਦਿਆਂ ਦੇ ਕਰੂਪ ਚਿਹਰਿਆਂ ਨੂੰ ਨੰਗਾ ਕੀਤਾ ਗਿਆ ਹੈ।

ਓ.ਟੀ.ਟੀ. ਪਲੇਟਫਾਰਮ ਕੇਬਲ ਵੰਨ 'ਤੇ ਮਿਤੀ 26 ਮਾਰਚ 2026 ਨੂੰ ਰਿਲੀਜ਼ ਹੋਈ ਇਸ ਫ਼ਿਲਮ ਦਾ ਨਿਰਮਾਣ ਆਰ ਸ਼ੀਨ ਟਿਊਨਜ਼ ਕੰਪਨੀ ਅਤੇ ਸਹਿਜ ਪ੍ਰੋਡਕਸ਼ਨ ਦੇ ਸਹਿਯੋਗ ਨਾਲ ਕੀਤਾ ਗਿਆ ਹੈ। ਹਰਿਆਣਵੀ ਫ਼ਿਲਮ ਦੁਸ਼ਮਨ, ਸਾਵੀ, 47 ਟੂ 84, ਰਾਸ਼ਟਰੀ ਪੁਰਸਕਾਰ ਜੇਤੂ ਫ਼ਿਲਮ ਨਾਬਰ, ਚੰਮ, ਸੀਰੀ ਅਤੇ ਲਘੂ ਫ਼ਿਲਮ ਆਤੂ ਖੋਜੀ ਵਰਗੀਆਂ ਬੇਹਤਰੀਨ ਫ਼ਿਲਮਾਂ ਅਤੇ 50 ਤੋਂ ਵੱਧ ਡਾਕੂਮੈਂਟਰੀ ਫ਼ਿਲਮਾਂ ਨੂੰ ਨਿਰਦੇਸ਼ਤ ਕਰਨ ਵਾਲੇ ਪ੍ਰਸਿੱਧ ਨਿਰਦੇਸ਼ਕ ਡਾ. ਰਾਜੀਵ ਕੁਮਾਰ ਦੀ ਨਿਰਦੇਸ਼ਨਾ ਵਿਚ ਬਣੀ ਇਸ ਫ਼ਿਲਮ ਦੇ ਨਿਰਮਾਤਾ ਹਨ ਸੁਮਿਤ ਸਿੰਘ ਅਤੇ ਅੰਜਨਾ ਸਿੰਘ। ਨਵੇਂ ਅਦਾਕਾਰ ਰਵੀ ਇੰਦਰ ਸ਼ੀਨ ਨੇ ਇਸ ਫ਼ਿਲਮ ਰਾਹੀਂ ਪਹਿਲੀ ਵਾਰ ਬਤੌਰ ਮੁੱਖ ਅਦਾਕਾਰ ਆਪਣੇ ਫ਼ਿਲਮੀ ਸਫ਼ਰ ਦਾ ਆਗਾਜ਼ ਕੀਤਾ ਹੈ। ਫ਼ਿਲਮ ਦੇ ਬਾਕੀ ਅਦਾਕਾਰਾਂ ਵਿਚ ਪ੍ਰਮੁੱਖ ਹਨ ਹਰਿੰਦਰ ਸੰਧੂ, ਅਨੂਪ ਸ਼ਰਮਾ, ਰਜਿੰਦਰ ਸਿੰਘ, ਸੁਰਿੰਦਰ ਸ਼ਰਮਾ, ਨਵੀ ਖਾਨ, ਇਕੱਤਰ ਸਿੰਘ, ਕਰਮਜੀਤ ਭੱਟੀ, ਤਜਿੰਦਰ ਧੀਰ, ਨਵਦੀਪ ਸਿੰਘ, ਅੰਕਿਤ ਲੁਥਰਾ, ਸ਼ਿਵਾਗੀ ਰਘੂ ਅਤੇ ਗੁਰਵਿੰਦਰ ਸਿੰਘ। ਫ਼ਿਲਮ ਦੀ ਕਹਾਣੀ ਲਿਖੀ ਹੈ ਅੰਜਨਾ ਸ਼ਿਵਦੀਪ ਨੇ, ਪਟਕਥਾ ਲਿਖੀ ਹੈ ਸ਼ਿਵਦੀਪ ਤੇ ਡਾ: ਰਾਜੀਵ ਕੁਮਾਰ ਨੇ ਅਤੇ ਸੰਵਾਦ ਲਿਖੇ ਹਨ ਸ਼ਿਵਦੀਪ ਨੇ।

ਫ਼ਿਲਮ ਦੀ ਕਹਾਣੀ ਦੀ ਜੇਕਰ ਗੱਲ ਕੀਤੀ ਜਾਵੇ, ਤਾਂ ਸਾਰੀ ਫ਼ਿਲਮ ਕਚਹਿਰੀ ਵਿਚ ਅਰਜੀ ਨਵੀਸ ਬੁੱਧ ਸਿੰਘ (ਅਦਾਕਾਰ ਰਵੀਇੰਦਰ ਸ਼ੀਨ) ਦੇ ਆਲੇ-ਦੁਆਲੇ ਘੁੰਮਦੀ ਵਿਖਾਈ ਗਈ ਹੈ। ਗਰੀਬ ਪਰਿਵਾਰ ਵਿਚ ਪੈਦਾ ਹੋਏ ਬੁੱਧ ਸਿੰਘ ਦਾ ਕਾਲਜ ਪੜ੍ਹਦਿਆਂ ਦਾ ਬਾਪ ਗੁਜ਼ਰ ਜਾਂਦਾ ਹੈ, ਜਿਸ ਕਰਕੇ ਉਸ ਦੇ ਕੈਰੀਅਰ ਅਤੇ ਉਚੇਰੀ ਪੜ੍ਹਾਈ ਦੇ ਸੰਜੋਏ ਸੁਪਨੇ ਚਕਨਾਚੂਰ ਹੋ ਜਾਂਦੇ ਹਨ। ਨਿੱਕੀ ਉਮਰੇ ਹੀ ਉਹ ਆਪਣੀ ਪੜ੍ਹਾਈ ਅਧੂਰੀ ਛੱਡ ਕੇ ਕਚਹਿਰੀ ਵਿਚ ਲੋਕਾਂ ਦੇ ਫਾਰਮ ਭਰਨ ਤੇ ਅਰਜੀਆਂ ਟਾਈਪ ਕਰਨ ਦੇ ਕੰਮ 'ਤੇ ਲੱਗ ਜਾਂਦਾ ਹੈ। ਸਮਾਂ ਬੀਤਦਾ ਹੈ, ਉਸ ਦਾ ਵਿਆਹ ਹੋ ਜਾਂਦਾ ਹੈ, ਇੱਕ ਬੱਚਾ ਵੀ ਹੈ, ਜਿਸ ਦੇ ਪੜ੍ਹਾਈ ਦੇ ਖਰਚੇ ਪੂਰੇ ਕਰਨ ਲਈ ਦੋਵੇਂ ਪਤੀ-ਪਤਨੀ ਹੱਡ-ਭੰਨਵੀਂ ਮਿਹਨਤ ਕਰਦੇ ਹਨ ਪਰ ਫ਼ਿਰ ਵੀ ਉਨ੍ਹਾਂ ਦਾ ਘਰ ਦਾ ਗੁਜ਼ਾਰਾ ਬੜੀ ਮੁਸ਼ਕਿਲ ਨਾਲ ਚੱਲਦਾ ਹੈ। ਉਸ ਦਾ ਸਾਥੀ ਉਸ ਨੂੰ ਕਚਹਿਰੀ ਵਿਚ ਚੱਲਦੇ ਦੋ ਤੇ ਦੋ ਪੰਜ ਦੇ ਫਾਰਮੂਲੇ ਨੂੰ ਅਪਣਾਉਣ ਨੂੰ ਆਖਦਾ ਹੈ, ਜਿਸ ਨਾਲ ਉਸ ਦਾ ਹੱਥ ਸੌਖਾ ਹੋ ਜਾਵੇਗਾ। ਪਹਿਲਾਂ ਤਾਂ ਉਹ ਇਸ ਤੋਂ ਇਨਕਾਰ ਕਰਦਾ ਹੈ ਪਰ ਘਰੇਲੂ ਮਜਬੂਰੀਆਂ ਕਰਕੇ ਉਹ ਰਾਜ਼ੀ ਹੋ ਜਾਂਦਾ ਹੈ। ਦੋ ਤੇ ਦੋ ਚਾਰ ਨਹੀਂ, ਪੰਜ ਕਹਿਣ ਵਾਲਾ ਬੁੱਧ ਸਿੰਘ ਜਾਣਦਾ ਹੈ ਕਿ ਇਹ ਬੇਇਮਾਨੀ ਤੇ ਭ੍ਰਿਸ਼ਟਾਚਾਰ ਦਾ ਰਾਹ ਹੈ, ਜਿਸ ਨੂੰ ਉਹ ਅਪਣਾਉਣ ਲੱਗਾ ਹੈ। ਉਹ ਇਸ ਰਾਹ 'ਤੇ ਚੱਲਣ ਲੱਗਦਾ ਹੈ, ਉਸ ਦਾ ਪੈਸੇ ਪੱਖੋਂ ਹੱਥ ਸੌਖਾ ਹੋਣ ਲੱਗਦਾ ਪਰ ਇੱਕ ਦਿਨ ਉਨ੍ਹਾਂ ਵੱਲੋਂ ਬਣਾਏ ਜ਼ਮੀਨ ਦੇ ਨਕਲੀ ਵਾਰਿਸ ਦੇ ਜਾਅਲੀ ਕਾਗਜ਼ਾਤ ਉਨ੍ਹਾਂ ਲਈ ਮੁਸੀਬਤ ਖੜ੍ਹੀ ਕਰ ਦਿੰਦੇ ਹਨ। ਪੁਲਿਸ ਹੱਥੋਂ ਗ੍ਰਿਫਤਾਰ ਹੋਣ ਦੇ ਡਰ ਕਰਕੇ ਤੇ ਜ਼ਮੀਨ ਦੇ ਅਸਲ ਮਾਲਿਕ ਦੀ ਮੌਤ ਦਾ ਦੁੱਖ ਉਸ ਨੂੰ ਮਾਨਸਿਕ ਰੋਗੀ ਬਣਾ ਦਿੰਦਾ ਹੈ। ਉਸਨੂੰ ਦਿਨ-ਰਾਤ ਇਵੇਂ ਲੱਗਦਾ ਹੈ, ਜਿਵੇਂ ਜਿਨ੍ਹਾਂ ਨਾਲ ਉਸ ਨੇ ਬੇਇਮਾਨੀ ਕੀਤੀ, ਉਹ ਉਸ ਨੂੰ ਦੇਖ ਰਹੇ ਹੋਣ ਤੇ ਉਸ ਨੂੰ ਪੁੱਛ ਰਹੇ ਹੋਣ ਕਿ ਤੂੰ ਸਾਡਾ ਭਰੋਸਾ ਕਿਉਂ ਤੋੜਿਆ। ਸੁਪਨੇ ਵਿਚ ਉਸਨੂੰ ਆਪਣੇ ਬਾਪ ਦਾ ਚਿਹਰਾ ਨਜ਼ਰ ਆਉਂਦਾ। ਉਹ ਚੰਗੀ ਤਰ੍ਹਾਂ ਜਾਣਦਾ ਹੈ ਕਿ ਉਸ ਦੀਆਂ ਰਗਾਂ ਵਿਚ ਉਸ ਕਿਰਤੀ ਬਾਪ ਦਾ ਲਹੂ ਦੌੜਦਾ ਹੈ, ਜਿਸ ਨੇ ਦੱਬੇ-ਕੁਚਲੇ ਮਜ਼ਲੂਮ ਲੋਕਾਂ ਦੇ ਹੱਕਾਂ ਲਈ ਸੰਘਰਸ਼ ਕੀਤਾ, ਜਿਸ ਨੇ ਸਾਰੀ ਉਮਰ ਇਮਾਨਦਾਰੀ ਨਾਲ ਦਸਾਂ ਨਹੁੰਆਂ ਦੀ ਕਿਰਤ ਕਮਾਈ ਨਾਲ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕੀਤਾ ਤੇ ਅਖੀਰ ਉਨ੍ਹਾਂ ਲੋਕਾਂ ਦੇ ਹੱਕਾਂ ਲਈ ਲੜਦਿਆਂ ਆਪਣੀ ਜਾਨ ਕੁਰਬਾਨ ਕਰ ਦਿੱਤੀ ਪਰ ਉਹ ਗਲਤ ਰਾਹ 'ਤੇ ਚੱਲ ਕੇ ਆਪਣੇ ਬਾਪ ਦੀ ਆਤਮਾ ਨੂੰ ਦੁੱਖ ਦੇ ਰਿਹਾ ਹੈ। ਇਸ ਤੋਂ ਬਾਅਦ ਫ਼ਿਲਮ ਵਿਚ ਬਹੁਤ ਸਾਰੀਆਂ ਐਸੀਆਂ ਘਟਨਾਵਾਂ ਵਾਪਰਦੀਆਂ ਵਿਖਾਈਆਂ ਗਈਆਂ, ਜੋ ਸਾਡੇ ਸੱਭਿਅਕ ਸਮਾਜ ਦੇ ਕਰੂਪ ਚਿਹਰੇ ਨੂੰ ਨੰਗਾ ਕਰਦੀਆਂ ਹਨ। ਦਿਲ ਨੂੰ ਛੂਹ ਲੈਣ ਵਾਲੀ ਕਹਾਣੀ ਜਿਸ ਵਿਚ ਅਪਰਾਧ, ਨੈਤਿਕ ਪਤਨ, ਇਮਾਨਦਾਰ ਲੋਕਾਂ ਦੀ ਮਾਨਸਿਕ ਪੀੜਾਂ, ਕਿਰਤੀ ਲੋਕਾਂ ਦੇ ਸ਼ੋਸ਼ਣ, ਗਰੀਬੀ ਅਤੇ ਹਾਸ਼ੀਏ 'ਤੇ ਰਹਿੰਦੇ ਲੋਕਾਂ ਦੇ ਸੁਪਨਿਆਂ, ਉਨ੍ਹਾਂ ਦੀਆਂ ਸੱਧਰਾਂ ਨੂੰ ਖਤਮ ਕਰਨ ਦੀ ਪੀੜਾਂ ਅਤੇ ਰਾਜਨੀਤਿਕ ਲੋਕਾਂ ਵੱਲੋਂ ਗਰੀਬਾਂ ਦੇ ਫੰਡਾਂ ਵਿਚ ਕੀਤੇ ਜਾਂਦੇ ਘਪਲੇ ਨੂੰ ਉਜਾਗਰ ਕਰਨ ਦੀ ਬਾਤ ਪਾਉਂਦੀ ਇਹ ਫ਼ਿਲਮ ਸਾਰਥਿਕ ਪੰਜਾਬੀ ਸਿਨੇਮੇ ਦੀ ਖ਼ੂਬਸੂਰਤ ਪੇਸ਼ਕਾਰੀ ਹੈ।

ਮੁੱਖ ਅਦਾਕਾਰ ਰਵੀਇੰਦਰ ਸ਼ੀਨ ਬੁੱਧ ਸਿੰਘ ਦੇ ਕਿਰਦਾਰ ਵਿਚ ਦਰਸ਼ਕਾਂ ਨੂੰ ਪ੍ਰਭਾਵਿਤ ਕਰਨ ਵਿਚ ਸਫਲ ਹੋਏ ਹਨ। ਫ਼ਿਲਮ ਵਿਚ ਉਨ੍ਹਾਂ ਆਪਣੀ ਅਦਾਕਾਰੀ ਦੇ ਕਈ ਰੰਗ ਬਖੇਰੇ ਹਨ। ਅਦਾਕਾਰਾ ਹਰਿੰਦਰ ਸੰਧੂ ਨੇ ਬੁੱਧ ਸਿੰਘ ਦੀ ਪਤਨੀ ਸੀਰਤ ਦਾ ਕਿਰਦਾਰ ਬਾਖ਼ੂਬੀ ਨਿਭਾਇਆ ਹੈ। ਖਲਨਾਇਕ ਬਣੇ ਅਦਾਕਾਰ ਸੁਰਿੰਦਰ ਸ਼ਰਮਾ ਨੇ ਭ੍ਰਿਸ਼ਟ ਮੰਤਰੀ ਬਲੌਰ ਸਿੰਘ ਧੰਨਪੁਰਾ ਦੇ ਕਿਰਦਾਰ ਵਿਚ ਆਪਣੀ ਬੇਹਤਰੀਨ ਅਦਾਕਾਰੀ ਨਾਲ ਸਭ ਨੂੰ ਪ੍ਰਭਾਵਿਤ ਕੀਤਾ। ਇਨ੍ਹਾਂ ਤੋਂ ਇਲਾਵਾ ਫ਼ਿਲਮ ਦੇ ਹਰ ਅਦਾਕਾਰ ਨੇ ਆਪਣੇ-ਆਪਣੇ ਕਿਰਦਾਰ ਵਧੀਆ ਨਿਭਾਏ।

ਫ਼ਿਲਮ ਦੇ ਸੰਗੀਤ ਦੀ ਜੇਕਰ ਗੱਲ ਕੀਤੀ ਜਾਵੇ, ਤਾਂ ਫ਼ਿਲਮ ਵਿਚ ਗਾਇਕ ਬੋਹੇਮੀਆ, ਹਰਗੁਨ, ਦਵਿੰਦਰਪਾਲ ਸਿੰਘ, ਰਵੀਇੰਦਰ ਸ਼ੀਨ ਅਤੇ ਵਿਜੈ ਯਮਲਾ ਦੀ ਆਵਾਜ਼ ਵਿਚ ਗੀਤ ਤੇਰੇ ਜ਼ਿਕਰ ਨੇ ਮੇਰਿਆ ਸਾਹਾਂ 'ਤੇ, ਐਬਾ ਵਾਲਾ ਬੰਦਾ ਮੈਂ, ਮੌਕਾ ਹੈ ਬਈ ਮੌਕਾ ਹੈ, ਮਾਏ ਨੀ ਮੈਂ ਕਿਨੂੰ ਆਖਾਂ ਦਰਦ ਵਿਛੋੜੇ ਦਾ ਹਾਲ, ਦੁੱਲਿਆ ਲਹੂ ਕਦੇ ਨਈ ਸੌਂਦਾ, ਸ਼ਾਮਿਲ ਕੀਤੇ ਗਏ ਹਨ, ਜੋ ਕਹਾਣੀ ਅਨੁਸਾਰ ਢੁਕਵੇਂ ਅਤੇ ਮਧੁਰ ਹਨ। ਫ਼ਿਲਮ ਦਾ ਸੰਗੀਤ ਰਵੀਇੰਦਰ ਸ਼ੀਨ ਨੇ ਅਤੇ ਬੈਕਗਰਾਊਂਡ ਸੰਗੀਤ ਰਵੀਇੰਦਰ ਸ਼ੀਨ, ਅਨਾਮਿਕ ਚੌਹਾਨ ਨੇ ਤਿਆਰ ਕੀਤਾ ਹੈ, ਜੋ ਬੇਹੱਦ ਪ੍ਰਭਾਵਸ਼ਾਲੀ ਹੈ।

ਫ਼ਿਲਮ ਦੀ ਵਿਜ਼ੂਅਲ ਸ਼ੈਲੀ, ਰੋਸ਼ਨੀ ਅਤੇ ਕੈਮਰਾ ਐਂਗਲਾਂ ਦੀ ਵਰਤੋਂ ਨੇ ਫ਼ਿਲਮ ਦੇ ਸਮੁੱਚੇ ਤਾਣੇ-ਬਾਣੇ ਵਿਚ ਬੇਚੈਨੀ ਦੀ ਭਾਵਨਾ ਪੈਦਾ ਕੀਤੀ ਹੈ। ਸੰਵੇਦਨਸ਼ੀਲ ਵਿਸ਼ੇ 'ਤੇ ਬਣੀ ਵਧੀਆ ਨਿਰਦੇਸ਼ਨ ਵਾਲੀ ਇਹ ਇਕ ਬੇਹਤਰੀਨ ਫ਼ਿਲਮ ਹੈ।

# ਜਦੋਂ ਅਸੀਂ ਫੁੱਲਾਂ ਦੇ ਰੰਗਾਂ ਵਿਚ ਰੰਗੇ ਗਏ


-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA




ਅਮਰੀਕਾ ਦੇ ਕੈਲੀਫੋਰਨੀਆ ਰਾਜ ਵਿਚ ਲਾਸ ਏਂਜਲਸ ਅਤੇ ਸੈਨ ਡਿਆਗੋ ਦੇ ਵਿਚਕਾਰ ਕਾਰਲਸਬੈਡ ਸ਼ਹਿਰ ਵਿਚ ਇੱਕ ਬਹੁਤ ਹੀ ਸੁੰਦਰ ਦਿਲ ਨੂੰ ਮੋਹਣ ਵਾਲਾ ਮਨਮੋਹਕ ਰੈਨਨਕਿਊਲਸ ਦੇ ਵਿਸ਼ਾਲ ਖੇਤ ਅਰਥਾਤ ਫਲਾਵਰ ਗਾਰਡਨ (ਫੁੱਲਾਂ ਦੇ ਖੇਤ) ਬਹੁ-ਰੰਗੇ ਫੁੱਲਾਂ ਦੀ ਮਹਿਕ ਦਾ ਕੇਂਦਰ ਬਿੰਦੂ ਬਣਿਆ ਹੋਇਆ ਹੈ। ਇਸ ਫੁੱਲਾਂ ਦੇ ਖੇਤ ਵਿਚ ਪੈਟੂਨੇਸੀਆ, ਸਟੀਵ ਪੀ, ਪੋਇਨਸੇਟੀਆ, ਆਰਕਿਡ, ਗੁਲਾਬੀ, ਪੀਲਾ, ਲਾਲ, ਚਿੱਟਾ, ਜਾਮਨੀ, ਪਪੀ, ਲਿਲੀ ਅਤੇ ਹੋਰ ਹਜ਼ਾਰਾਂ ਕਿਸਮਾਂ ਦੇ ਫੁੱਲਾਂ ਦੀਆਂ ਰੰਗਤਾਂ ਦੇਖ ਸਕਦੇ ਹੋ। ਇਸ ਫੁੱਲਾਂ ਦੇ ਖੇਤ ਵਿਚ ਸੱਤ ਕਰੋੜ ਵੱਖ-ਵੱਖ ਕਿਸਮ ਤੇ ਰੰਗਾਂ ਦੇ ਫੁੱਲ ਵੇਖਣ ਨੂੰ ਮਿਲਦੇ ਹਨ। ਅਮਰੀਕਾ ਦੇ ਕੈਲੀਫੋਰਨੀਆ ਰਾਜ ਦਾ ਹਰ ਬਾਸ਼ਿੰਦਾ ਅਤੇ ਸੈਰ ਸਪਾਟਾ ਕਰਨ ਵਾਲਾ ਵਿਅਕਤੀ ਇਸ ਕੁਦਰਤ ਦੀ ਗੋਦ ਵਿਚ ਬਣੇ ਫੁੱਲਾਂ ਦੇ ਬਾਗ ਦੀ ਸੁੰਦਰਤਾ ਦਾ ਨਜ਼ਾਰਾ ਲੈਣ ਲਈ ਜ਼ਰੂਰ ਪਹੁੰਚਦਾ ਹੈ। ਇਹ ਸੁੰਦਰ ਫੁੱਲਾਂ ਦਾ ਬਾਗ 55 ਏਕੜ ਥਾਂ ਵਿਚ ਬਣਿਆ ਹੋਇਆ ਹੈ, ਜਿਸਦੇ ਖੇਤਾਂ ਵਿਚ ਰੰਗ-ਬਿਰੰਗੇ ਫੁੱਲਾਂ ਦੀ ਚਾਦਰ ਵਿੱਛੀ ਹੋਈ ਹੈ। ਇਹ ਫੁੱਲਾਂ ਦੇ ਖੇਤ ਹਰ ਸਾਲ ਛੇ ਤੋਂ ਅੱਠ ਹਫਤਿਆਂ ਲਈ ਲੋਕਾਂ ਦੇ ਵੇਖਣ ਲਈ ਪਹਿਲੀ ਮਾਰਚ ਤੋਂ ਅੱਧ ਮਈ ਤੱਕ ਖੋਲ੍ਹੇ ਜਾਂਦੇ ਹਨ। ਹਰ ਰੋਜ਼ ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤੱਕ ਖੁੱਲ੍ਹਾ ਰਹਿੰਦਾ ਹੈ। ਭੀੜ ਇਤਨੀ ਹੁੰਦੀ ਹੈ ਕਿ ਬਾਗ ਵਿਚ ਦਾਖ਼ਲ ਹੋਣ ਲਈ ਅੱਧਾ ਘੰਟਾ ਇੰਤਜ਼ਾਰ ਕਰਨਾ ਪੈਂਦਾ ਹੈ। ਇਸ ਫੁੱਲਾਂ ਦੇ ਖੇਤ ਵਿਚ ਲੋਕਾਂ ਦੇ ਮਨੋਰੰਜਨ ਲਈ ਹਰ ਸੁਵਿਧਾ ਪ੍ਰਾਪਤ ਹੈ। ਇਥੇ ਸਾਰਾ ਦਿਨ ਗੀਤ-ਸੰਗੀਤ ਦਾ ਪ੍ਰੋਗਰਾਮ ਵੀ ਬਦਲਵੇਂ ਸੰਗੀਤਕਾਰਾਂ ਵੱਲੋਂ ਸਾਰਾ ਦਿਨ ਕੀਤਾ ਜਾਂਦਾ ਹੈ। ਦਰਸ਼ਕ ਸੰਗੀਤ ਦੀਆਂ ਧੁਨਾਂ ਦੇ ਵਿਚ ਮਸਤ ਹੋ ਕੇ ਸਟੇਜ ਦੇ ਥੱਲੇ ਬਣੇ ਪਲੇਟਫਾਰਮ ਉਤੇ ਡਾਂਸ ਕਰਦੇ ਰਹਿੰਦੇ ਹਨ। ਭਾਵੇਂ ਇਸ ਮਨੋਰੰਜਨ ਦੇ ਪ੍ਰੋਗਰਾਮ ਵਿਚ ਵੱਖ-ਵੱਖ ਸੱਭਿਆਚਾਰਾਂ ਦੇ ਬੱਚੇ, ਨੌਜਵਾਨ ਅਤੇ ਬਜ਼ੁਰਗ ਦਰਸ਼ਕ ਸ਼ਾਮਲ ਹੁੰਦੇ ਹਨ, ਪ੍ਰੰਤੂ ਗੀਤ-ਸੰਗੀਤ ਸੱਭਿਆਚਾਰ ਦੀਆਂ ਵਲੱਗਣਾਂ ਦਾ ਕੋਈ ਕੈਦੀ ਨਹੀਂ ਹੁੰਦਾ। ਸਾਰੇ ਦਰਸ਼ਕ ਸੰਗੀਤਕ ਧੁਨਾਂ ਵਿਚ ਮਸਤ ਹੋ ਕੇ ਆਨੰਦ ਲੈਂਦੇ ਹਨ ਤੇ ਧਾਰਮਿਕ ਕੰਧਾਂ ਨੂੰ ਵੀ ਤੋੜਦੇ ਹੋਏ ਨੱਚਦੇ ਟੱਪਦੇ ਹਨ। ਫਲਾਵਰ ਗਾਰਡਨ ਦੇ ਫੁੱਲਾਂ ਦੇ ਖੇਤਾਂ ਵਿਚ ਦਾਖਲ ਹੁੰਦਿਆਂ ਹੀ ਵੱਖ-ਵੱਖ ਤਰ੍ਹਾਂ ਦਿਆਂ ਫੁੱਲਾਂ ਦੀ ਖ਼ੁਸ਼ਬੋ ਮਨ ਨੂੰ ਮੰਤਰ ਮੁਗਧ ਕਰ ਦਿੰਦੀ ਹੈ। ਇਊਂ ਮਹਿਸੂਸ ਹੋਣ ਲੱਗਦਾ ਹੈ ਕਿ ਜਿਵੇਂ ਸਵਰਗ ਅਸਮਾਨ ਤੋਂ ਉਤਰਕੇ ਧਰਤੀ 'ਤੇ ਹੀ ਆ ਗਿਆ ਹੋਵੇ। ਜਿਥੋਂ ਤੱਕ ਦੂਰ-ਦੂਰ ਨਜ਼ਰ ਜਾਂਦੀ ਹੈ, ਜ਼ਮੀਨ ਉਤੇ ਫੁੱਲਾਂ ਦੀ ਬਹੁ-ਰੰਗੀ ਦਰੀ ਵਿਛੀ ਹੋਈ ਵਿਖਾਈ ਦਿੰਦੀ ਹੈ, ਜਿਹੜੀ ਪੰਜਾਬੀ ਹੱਥ ਕਰਘੇ ਦੇ ਸੱਭਿਆਚਾਰ ਦੀ ਪ੍ਰਤੀਕ ਲੱਗਦੀ ਹੈ, ਕਿਉਂਕਿ ਉਸ ਫੁੱਲਾਂ ਦੀ ਦਰੀ ਵਿਚ ਪੰਜਾਬਣਾਂ ਵੱਲੋਂ ਦਰੀਆਂ 'ਤੇ ਪਾਏ ਵੇਲ ਬੂਟਿਆਂ ਦੀ ਤਰ੍ਹਾਂ ਫੁੱਲਾਂ ਦੇ ਖੇਤ ਵਿਚੋਂ ਮੋਰ, ਤੋਤੇ, ਚਿੜੀਆਂ, ਗੁਟਾਰਾਂ, ਅਨਾਰਾਂ, ਵੇਲ ਬੂਟਿਆਂ, ਪਸ਼ੂਆਂ ਅਤੇ ਪੰਛੀਆਂ ਦੀਆਂ ਰੰਗ-ਬਿਰੰਗੀਆਂ ਤਸਵੀਰਾਂ ਦੀ ਝਲਕ ਪੈਂਦੀ ਹੈ। ਹਰ ਰੋਜ਼ ਹਜ਼ਾਰਾਂ ਫੁੱਲਾਂ ਦੀ ਮਹਿਕ ਦੇ ਦੀਵਾਨੇ ਇਸ ਫਲਾਵਰ ਗਾਰਡਨ ਦਾ ਆਨੰਦ ਮਾਣਦੇ ਹਨ। ਲਵ ਵਰਲਡ ਖਾਸ ਕਰਕੇ ਨੌਜਵਾਨ ਲੜਕੇ-ਲੜਕੀਆਂ ਅਤੇ ਨਵੇਂ ਵਿਆਹੇ ਜੋੜੇ ਰੰਗ-ਬਿਰੰਗੀਆਂ ਤੇ ਚੂੜੀਆਂ ਤੇ ਪਹਿਰਾਵੇ ਪਹਿਨਕੇ ਫੁੱਲਾਂ ਦੀ ਮਹਿਕ ਦਾ ਲੁਤਫ਼ ਲੈਂਦੇ ਵਿਖਾਈ ਦਿੰਦੇ ਹਨ, ਕਿਉਂਕਿ ਪ੍ਰਬੰਧਕਾਂ ਨੇ ਫੁੱਲਾਂ ਦੇ ਖੇਤ ਨੂੰ ਕਈ ਬਲਾਕਾਂ ਵਿਚ ਵੰਡਿਆ ਹੋਇਆ ਹੈ। ਹਰ ਬਲਾਕ ਵਿਚ ਇੱਕ ਥਾਂ ਅਜਿਹੀ ਬਣਾਈ ਹੋਈ ਹੈ, ਜਿਥੇ ਜਾ ਕੇ ਲੋਕ ਆਪੋ-ਆਪਣੇ ਮੋਬਾਈਲਾਂ ਜਾਂ ਕੈਮਰਿਆਂ ਨਾਲ ਤਸਵੀਰਾਂ ਖਿੱਚ ਸਕਦੇ ਹਨ। ਲੋਕ ਅਨੁਸ਼ਾਸ਼ਨ ਵਿਚ ਰਹਿੰਦਿਆਂ ਆਪੋ-ਆਪਣੀ ਵਾਰੀ ਦੀ ਉਡੀਕ ਲਈ ਲਾਈਨ ਵਿਚ ਖੜ੍ਹ ਜਾਂਦੇ ਹਨ। ਮਜ਼ਾਲ ਹੈ ਕਿ ਕੋਈ ਲਾਈਨ ਤੋੜ ਦੇਵੇ ਤੇ ਖੇਤਾਂ ਵਿਚ ਵੜ੍ਹ ਜਾਵੇ। ਫੁੱਲਾਂ ਦੇ ਖੇਤ ਦੇ ਬਲਾਕਾਂ ਦੇ ਆਲੇ-ਦੁਆਲੇ ਕੋਈ ਵਾੜ ਨਹੀਂ ਕੀਤੀ ਹੋਈ, ਸਿਰਫ ਪਲਾਸਟਿਕ ਦੀ ਪੱਟੀ ਲਗਾਈ ਹੋਈ ਹੈ। ਜਿਹੜੇ ਥਾਂ ਨਿਸ਼ਚਿਤ ਹਨ, ਉਥੇ ਹੀ ਦਰਸ਼ਕ ਜਾ ਸਕਦੇ ਤੇ ਜਾਂਦੇ ਹਨ। ਫੁੱਲਾਂ ਦੇ ਇਹ ਖੇਤ ਇੰਨੇ ਵੱਡੇ ਹਨ ਕਿ ਦਰਸ਼ਕ ਪੈਦਲ ਤੁਰ ਕੇ ਇੱਕ ਦਿਨ ਵਿਚ ਸਾਰੇ ਵੇਖ ਨਹੀਂ ਸਕਦੇ ਅਤੇ ਨਾ ਹੀ ਸਾਰੇ ਬਲਾਕਾਂ ਵਿਚ ਜਾ ਸਕਦੇ ਹਨ। ਇਨ੍ਹਾਂ ਬਲਾਕਾਂ ਦੇ ਆਲੇ-ਦੁਆਲੇ ਟਰੈਕਟਰ ਲੰਘਣ ਲਈ ਕੱਚੇ ਰਸਤੇ ਛੱਡੇ ਹੋਏ ਹਨ। ਪ੍ਰਬੰਧਕਾਂ ਦੇ ਦਸ ਟਰੈਕਟਰ ਲਗਾਤਾਰ ਦਰਸ਼ਕਾਂ ਨੂੰ ਲਿਜਾਕੇ ਚੱਕਰ ਲਗਾਉਂਦੇ ਰਹਿੰਦੇ ਹਨ। ਇੱਕ ਟਰੈਕਟਰ ਵਿਚ ਵੀਹ ਵਿਅਕਤੀਆਂ ਦੇ ਬੈਠਣ ਲਈ ਸੀਟਾਂ ਬਣਾਈਆਂ ਹੋਈਆਂ ਹਨ। ਟਰੈਕਟਰ ਵਿਚ ਜਾ ਕੇ ਵੇਖਣ ਦਾ ਟਿਕਟ ਸੱਤ ਡਾਲਰ ਬਾਲਗਾਂ ਅਤੇ ਦਸ ਸਾਲ ਤੋਂ ਘੱਟ ਦੇ ਬੱਚਿਆਂ ਲਈ ਤਿੰਨ ਡਾਲਰਾਂ ਦਾ ਹੈ। ਟਰੈਕਟਰਾਂ 'ਤੇ ਜਾ ਕੇ ਵੇਖਣ ਦਾ ਪ੍ਰੋਗਰਾਮ ਵੀ ਫੂਲ ਪਰੂਫ ਹੈ। ਟਰੈਕਟਰ ਪਹਿਲੇ ਬਲਾਕ ਵਿਚ ਦਰਸ਼ਕਾਂ ਨੂੰ ਛੱਡ ਦਿੰਦਾ ਹੈ ਤੇ ਉਥੋਂ ਪਹਿਲਾਂ ਗਏ ਦਰਸ਼ਕਾਂ ਨੂੰ ਬਿਠਾਕੇ ਅਗਲੇ ਬਲਾਕ ਵਿਚ ਲੈ ਜਾਂਦਾ ਹੈ। ਇਸੇ ਤਰ੍ਹਾਂ ਅਗਲੇ ਬਲਾਕ ਵਿਚ ਛੱਡਕੇ ਪਹਿਲਾਂ ਪਹੁੰਚੇ ਹੋਇਆਂ ਨੂੰ ਉਸਤੋਂ ਅਗਲੇ ਬਲਾਕ ਵਿਚ ਲੈ ਜਾਂਦਾ ਹੈ। ਇਸ ਪ੍ਰਕਾਰ ਇਹ ਸਰਕਲ ਬਣਿਆਂ ਰਹਿੰਦਾ ਹੈ। ਭਾਵ ਦਰਸ਼ਕ ਹਰ ਬਲਾਕ ਦੇ ਫੁੱਲਾਂ ਦਾ ਆਨੰਦ ਮਾਣਦੇ ਹੋਏ ਆਪਣੀਆਂ ਤਸਵੀਰਾਂ ਖਿਚਵਾਉਂਦੇ ਰਹਿੰਦੇ ਹਨ। ਇਹ ਫੁੱਲਾਂ ਦਾ ਖੇਤ ਆਪਣੇ ਆਪ ਵਿਚ ਇੱਕ ਸ਼ਹਿਰ ਦੀ ਤਰ੍ਹਾਂ ਲੱਗਦਾ ਹੈ, ਕਿਉਂਕਿ ਇਸ ਵਿਚ ਹਰ ਸੁਵਿਧਾ ਪ੍ਰਾਪਤ ਹੁੰਦੀ ਹੈ। ਸ਼ਾਪਿੰਗ ਮਾਲਜ਼, ਮਨੋਰੰਜਨ ਪਾਰਕ, ਕੈਫ਼ੇ, ਰਿਜ਼ੋਰਟਸ ਅਤੇ ਰੈਸਟ ਰੂਮਜ਼ ਆਦਿ ਮੌਜੂਦ ਹਨ। ਪੰਜਾਬ ਦੇ ਮੇਲਿਆਂ ਦੀ ਤਰ੍ਹਾਂ ਰੌਣਕ ਹੁੰਦੀ ਹੈ, ਪ੍ਰੰਤੂ ਇਹ ਰੌਣਕ ਬੇਤਰਤੀਬੀ ਨਹੀਂ, ਸਗੋਂ ਅਨੁਸ਼ਾਸ਼ਨ ਵਿਚ ਰਹਿੰਦੀ ਹੈ।

ਕਾਰਲਸਬੈਡ ਦੇ ਫੁੱਲਾਂ ਦੇ ਖੇਤਾਂ ਦੀ ਸ਼ੁਰੂਆਤ 1920 ਦੇ ਦਹਾਕੇ ਵਿਚ ਹੋਈ ਸੀ, ਜਦੋਂ ਸਥਾਨਕ ਮਾਲਕਾਂ ਨੇ ਇਸ ਖੇਤਰ ਨੂੰ ਵੱਖ-ਵੱਖ ਕਿਸਮਾਂ ਦੇ ਫੁੱਲ ਲਗਾਉਣ ਲਈ ਵਰਤਣਾ ਸ਼ੁਰੂ ਕੀਤਾ ਸੀ। ਇਸ ਖੇਤ ਦੀ ਖ਼ਾਸ ਗੱਲ ਇਹ ਹੈ ਕਿ ਇਹ ਹਰ ਸਾਲ ਸਿਰਫ਼ ਡੇਢ ਦੋ ਮਹੀਨੇ ਵਿਚ ਹੀ ਲੱਖਾਂ ਦਰਸ਼ਕਾਂ ਨੂੰ ਆਕਰਸ਼ਿਤ ਕਰਦਾ ਹੈ, ਲੋਕ ਇੱਥੇ ਆਉਂਦੇ ਹਨ ਰੰਗ-ਬਿਰੰਗੇ ਪੌਦਿਆਂ ਦੀ ਸੁੰਦਰਤਾ ਦੇਖਣ ਲਈ, ਇਥੇ ਆ ਕੇ ਹਰ ਵਿਅਕਤੀ ਇਤਨਾ ਮਸਤ ਹੋ ਜਾਂਦਾ ਹੈ ਕਿ ਉਹ ਸਾਰਾ ਕੁਝ ਭੁੱਲ ਭੁੱਲਾਕੇ ਮਾਨਸਿਕ ਤੌਰ 'ਤੇ ਸ਼ਾਂਤ ਚਿਤ ਹੋ ਜਾਂਦਾ ਹੈ। ਰੋਜ਼ਮਰ੍ਹਾ ਦੀ ਦੁੱਖਾਂ, ਤਕਲੀਫਾਂ, ਸਮੱਸਿਆਵਾਂ ਅਤੇ ਰੁਝੇਵਿਆਂ ਭਰੀ ਜ਼ਿੰਦਗੀ ਤੋਂ ਨਿਜ਼ਾਤ ਮਿਲਦੀ ਹੈ। ਕਾਰਲਸਬੈਡ ਦੇ ਫੁੱਲਾਂ ਦੇ ਖੇਤ ਸਾਲਾਨਾ ਰੁਝਾਨ ਵਾਲਾ ਇੱਕ ਪ੍ਰਸਿੱਧ ਟੂਰਿਸਟ ਆਕਰਸ਼ਣ ਬਣ ਚੁੱਕੇ ਹਨ। ਫੁੱਲਾਂ ਦੇ ਖੇਤ ਪੂਰੀ ਤਰ੍ਹਾਂ ਖਿੜੇ ਹੁੰਦੇ ਹਨ। ਖਿੜ੍ਹੇ ਫੁੱਲਾਂ ਨੂੰ ਵੇਖਕੇ ਦਰਸ਼ਕਾਂ ਦੇ ਮਨ ਵੀ ਖਿੜ ਜਾਂਦੇ ਹਨ। ਇਹ ਫੁੱਲਾਂ ਦੇ ਖੇਤ ਪਰਿਵਾਰਾਂ, ਪਿਆਰਿਆਂ-ਦੁਲਾਰਿਆਂ, ਆਸ਼ਕਾਂ-ਮਸ਼ੂਕਾਂ, ਦੋਸਤਾਂ-ਮਿਤਰਾਂ ਅਤੇ ਫੋਟੋਗ੍ਰਾਫਰਾਂ ਲਈ ਵੀ ਬਹੁਤ ਹੀ ਉਤਸ਼ਾਹਜਨਕ ਰੋਮਾਂਟਿਕ ਥਾਂ ਹੈ। ਇਸ ਦੇ ਖਾਸ ਆਕਰਸ਼ਣਾਂ ਵਿਚ ਇੱਕ ਵੱਡਾ ਵਿਸ਼ਾਲ ਖੇਤ ਹੈ, ਜਿਸ ਵਿਚ ਫੁੱਲਾਂ ਦੀਆਂ ਕਤਾਰਾਂ ਦੀ ਲੰਮੀ ਲਾਈਨ ਹੁੰਦੀ ਹੈ, ਜੋ ਇੱਕ ਪੇਂਟਿੰਗ ਵਰਗੀ ਲੱਗਦੀ ਹੈ। ਨਾਲ ਹੀ, ਇੱਥੇ ਬੱਚਿਆਂ ਲਈ ਖਾਸ ਖੇਡਾਂ ਦੇ ਖੇਤਰ, ਕੈਫੇ ਅਤੇ ਸਥਾਨਕ ਕਲਾ ਦੇ ਪ੍ਰਦਰਸ਼ਨ ਵੀ ਹੁੰਦੇ ਹਨ। ਇਹ ਸਥਾਨ ਸਿਰਫ਼ ਸੁੰਦਰਤਾ ਹੀ ਨਹੀਂ, ਬਲਕਿ ਕਲਾ, ਪਰਿਵਾਰਿਕ ਯਾਤਰਾ ਅਤੇ ਕੁਦਰਤ ਨਾਲ ਜੁੜਨ ਦਾ ਇਕ ਸ਼ਾਨਦਾਰ ਮੌਕਾ ਦਿੰਦਾ ਹੈ।



ਫੁੱਲਾਂ ਦੀਆਂ ਕਤਾਰਾਂ ਅਤੇ ਲੇਖਕ ਆਪਣੀ ਪਤਨੀ ਨਾਲ।

> ਇਹ ਫੁੱਲਾਂ ਦੇ ਖੇਤ ਹਰ ਸਾਲ ਛੇ ਤੋਂ ਅੱਠ ਹਫਤਿਆਂ ਲਈ ਲੋਕਾਂ ਦੇ ਵੇਖਣ ਲਈ ਪਹਿਲੀ ਮਾਰਚ ਤੋਂ ਅੱਧ ਮਈ ਤੱਕ ਖੋਲ੍ਹੇ ਜਾਂਦੇ ਹਨ। ਹਰ ਰੋਜ਼ ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤੱਕ ਖੁੱਲ੍ਹਾ ਰਹਿੰਦਾ ਹੈ। ਭੀੜ ਇਤਨੀ ਹੁੰਦੀ ਹੈ ਕਿ ਬਾਗ ਵਿਚ ਦਾਖ਼ਲ ਹੋਣ ਲਈ ਅੱਧਾ ਘੰਟਾ ਇੰਤਜ਼ਾਰ ਕਰਨਾ ਪੈਂਦਾ ਹੈ। ਇਸ ਫੁੱਲਾਂ ਦੇ ਖੇਤ ਵਿਚ ਲੋਕਾਂ ਦੇ ਮਨੋਰੰਜਨ ਲਈ ਹਰ ਸੁਵਿਧਾ ਪ੍ਰਾਪਤ ਹੈ।

**ਕਾਰਲਸਬੈਡ ਦੇ ਫੁੱਲਾਂ ਦੇ ਖੇਤਾਂ ਵਿਚ ਮੇਰਾ ਯਾਦਗਾਰ ਦਿਨ**

ਕੁਝ ਦਿਨ ਪਹਿਲਾਂ ਮੈਨੂੰ ਆਪਣੇ ਪਰਿਵਾਰ ਨਾਲ ਕੈਲੀਫੋਰਨੀਆ ਦੇ ਪ੍ਰਸਿੱਧ ਕਾਰਲਸਬੈਡ ਫਲਾਵਰ ਫੀਲਡਸ ਜਾਣ ਦਾ ਮੌਕਾ ਮਿਲਿਆ। ਇਹ ਸਥਾਨ ਆਪਣੀ ਕੁਦਰਤੀ ਸੁੰਦਰਤਾ ਅਤੇ ਰੰਗ-ਬਿਰੰਗੇ ਫੁੱਲਾਂ ਲਈ ਦੁਨੀਆਂ ਭਰ ਵਿਚ ਮਸ਼ਹੂਰ ਹੈ। ਅਸੀਂ ਉੱਥੇ ਪੂਰਾ ਦਿਨ ਬਿਤਾਇਆ ਅਤੇ ਇਹ ਮੇਰੇ ਜੀਵਨ ਦੇ ਸਭ ਤੋਂ ਖ਼ੂਬਸੂਰਤ ਅਨੁਭਵਾਂ ਵਿਚੋਂ ਇੱਕ ਬਣ ਗਿਆ। ਸਵੇਰੇ ਜਦੋਂ ਸਾਡਾ ਪਰਿਵਾਰ ਉੱਥੇ ਪਹੁੰਚਿਆ, ਤਾਂ ਠੰਡੀ ਹਵਾ ਅਤੇ ਸੂਰਜ ਦੀ ਨਰਮ ਰੌਸ਼ਨੀ ਨੇ ਸਾਡਾ ਸਵਾਗਤ ਕੀਤਾ। ਜਿਵੇਂ ਹੀ ਅਸੀਂ ਖੇਤਾਂ ਵਿਚ ਦਾਖਲ ਹੋਏ, ਸਾਨੂੰ ਹਰ ਪਾਸੇ ਰੰਗਾਂ ਦਾ ਸਮੁੰਦਰ ਦਿੱਸਿਆ। ਲਾਲ, ਪੀਲੇ, ਗੁਲਾਬੀ, ਜਾਮਨੀ ਅਤੇ ਸਫੈਦ ਫੁੱਲਾਂ ਦੀਆਂ ਕਤਾਰਾਂ ਬਿਲਕੁਲ ਨਵੀਂ ਵਿਆਹੀ ਦੁਲਹਨ ਦੀ ਤਰ੍ਹਾਂ ਸਜੀਆਂ ਹੋਈਆਂ ਸਨ, ਇਹ ਰੰਗ-ਬਿਰੰਗੀਆਂ ਫੁੱਲਾਂ ਦੀਆਂ ਕਤਾਰਾਂ ਕਿਸੇ ਚਿੱਤਰਕਾਰ ਦੀ ਕਲਾਕਾਰੀ ਦਾ ਨਮੂਨਾ ਲੱਗ ਰਹੀਆਂ ਸਨ। ਅਸੀਂ ਹੌਲੀ-ਹੌਲੀ ਖੇਤਾਂ ਵਿਚ ਤੁਰਦੇ ਹੋਇਆਂ ਹਰ ਫੁੱਲ ਦੀ ਖ਼ੂਬਸੂਰਤੀ ਦਾ ਆਨੰਦ ਲਿਆ। ਦਰਸ਼ਕ ਫੁੱਲਾਂ ਦੇ ਦੁਆਲੇ ਭੌਰਿਆਂ ਦੀ ਤਰ੍ਹਾਂ ਚੁਫੇਰੇ ਭਟਕਦੇ ਫਿਰਦੇ ਸਨ। ਕਈ ਥਾਵਾਂ 'ਤੇ ਲੋਕ ਫੋਟੋਆਂ ਖਿੱਚ ਰਹੇ ਸਨ ਅਤੇ ਹਰ ਕੋਈ ਇਸ ਕੁਦਰਤੀ ਨਜ਼ਾਰੇ ਨੂੰ ਆਪਣੇ ਕੈਮਰੇ ਵਿਚ ਕੈਦ ਕਰਨਾ ਚਾਹੁੰਦਾ ਸੀ। ਅਸੀਂ ਵੀ ਬਹੁਤ ਸਾਰੀਆਂ ਤਸਵੀਰਾਂ ਖਿੱਚੀਆਂ, ਜੋ ਹਮੇਸ਼ਾ ਮੈਨੂੰ ਇਸ ਦਿਨ ਦੀ ਯਾਦ ਦਿਵਾਉਣਗੀਆਂ। ਦੁਪਹਿਰ ਦੇ ਸਮੇਂ ਅਸੀਂ ਉੱਥੇ ਹੀ ਬੈਠ ਕੇ ਆਰਾਮ ਕੀਤਾ ਅਤੇ ਕੁਦਰਤ ਦੇ ਕਾਦਰ ਦੀ ਸ਼ਾਂਤੀ ਨੂੰ ਮਹਿਸੂਸ ਕੀਤਾ। ਦਰਸ਼ਕਾਂ ਦੇ ਬੈਠਣ ਲਈ ਬੈਂਚ ਲੱਗ ਹੋਏ ਹਨ। ਖਾਣ-ਪੀਣ ਲਈ ਹਰ ਤਰ੍ਹਾਂ ਦਾ ਪ੍ਰਬੰਧ ਹੈ। ਹਵਾ ਵਿਚ ਫੁੱਲਾਂ ਦੀ ਖ਼ੁਸ਼ਬੂ ਫੈਲੀ ਹੋਈ ਸੀ, ਜੋ ਮਨ ਨੂੰ ਬਹੁਤ ਸੁਕੂਨ ਦੇ ਰਹੀ ਸੀ। ਇਹ ਜਗ੍ਹਾ ਸ਼ਹਿਰ ਦੀ ਭੀੜ-ਭੜੱਕੇ ਦੀ ਜ਼ਿੰਦਗੀ ਤੋਂ ਕੋਹਾਂ ਦੂਰ ਇਕ ਸ਼ਾਂਤ ਅਤੇ ਤਾਜ਼ਗੀ ਭਰੀ ਦੁਨੀਆਂ ਵਰਗੀ ਲੱਗ ਰਹੀ ਸੀ।

ਸ਼ਾਮ ਦੇ ਵੇਲੇ, ਜਦੋਂ ਸੂਰਜ ਢਲਣ ਲੱਗਾ, ਤਾਂ ਖੇਤਾਂ ਦਾ ਨਜ਼ਾਰਾ ਹੋਰ ਵੀ ਜ਼ਿਆਦਾ ਮਨਮੋਹਕ ਹੋ ਗਿਆ। ਸੋਨੇਰੰਗੀ ਰੌਸ਼ਨੀ ਫੁੱਲਾਂ 'ਤੇ ਪੈਂਦੀ ਹੋਈ ਉਨ੍ਹਾਂ ਦੀ ਸੁੰਦਰਤਾ ਨੂੰ ਹੋਰ ਨਿਖਾਰ ਰਹੀ ਸੀ। ਫੁੱਲਾਂ ਦੇ ਖੇਤਾਂ ਵਿਚੋਂ ਬਾਹਰ ਆਉਣ ਨੂੰ ਦਿਲ ਨਹੀਂ ਕਰ ਰਿਹਾ ਸੀ। ਇਹ ਪਲ ਬਹੁਤ ਹੀ ਖਾਸ ਸੀ ਅਤੇ ਅਸੀਂ ਇਸਨੂੰ ਕਦੇ ਨਹੀਂ ਭੁੱਲਾਂਗੇ। ਇਹ ਦਿਨ ਸਾਡੇ ਪਰਿਵਾਰ ਲਈ ਸਿਰਫ ਇੱਕ ਯਾਤਰਾ ਨਹੀਂ ਸੀ, ਸਗੋਂ ਕੁਦਰਤ ਨਾਲ ਜੁੜਨ ਦਾ ਇਕ ਖਾਸ ਅਨੁਭਵ ਸੀ। ਕਾਰਲਸਬੈਡ ਦੇ ਫੁੱਲਾਂ ਦੇ ਖੇਤਾਂ ਨੇ ਮੇਰੇ ਦਿਲ 'ਤੇ ਡੂੰਘਾ ਅਸਰ ਛੱਡਿਆ ਹੈ ਅਤੇ ਮੇਰਾ ਇਥੇ ਵਾਰ-ਵਾਰ ਆਉਣ ਨੂੰ ਦਿਲ ਕਰਦਾ ਰਹੇਗਾ। ਉਮੀਦ ਕਰਦਾ ਹਾਂ ਕਿ ਮੈਂ ਮੁੜ ਕਦੇ ਇੱਥੇ ਜ਼ਰੂਰ ਆਵਾਂਗਾ। ਇਸ ਫੁੱਲਾਂ ਦੇ ਖੇਤ ਵਿਚ ਦਾਖ਼ਲ ਹੋਣ ਦੀ ਟਿਕਟ ਬਾਲਗਾਂ ਲਈ 27 ਡਾਲਰ, ਸੀਨੀਅਰ ਨਾਗਰਿਕਾਂ ਲਈ 25 ਡਾਲਰ ਅਤੇ ਬੱਚਿਆਂ ਲਈ 17 ਡਾਲਰ ਹੈ, ਪ੍ਰੰਤੂ ਟਿਕਟ ਆਨਲਾਈਨ ਹੀ ਖਰੀਦਣੀ ਪੈਂਦੀ ਹੈ।

# ਭਾਸ਼ਾ ਦੇ ਪਾੜੇ: ਸ਼ਬਦਾਂ ਨੂੰ ਜੋੜਨਾ, ਦੁਨੀਆਂ ਨੂੰ ਜੋੜਨਾ






ਡਾ. ਵਿਜੈ ਗਰਗ
ਸੇਵਾਮੁਕਤ ਪ੍ਰਿੰਸੀਪਲ ਕਾਲਮਨਵੀਸ, ਉੱਘੇ ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ ਐੱਮ.ਐੱਚ.ਆਰ. ਮਲੋਟ ਪੰਜਾਬ
ਪੰਜਾਬ ਮੇਲ USA


ਭਾਸ਼ਾ ਸੰਚਾਰ ਲਈ ਇੱਕ ਸਾਧਨ ਤੋਂ ਵੱਧ ਹੈ; ਇਹ ਪਛਾਣ, ਸੱਭਿਆਚਾਰ, ਸਿੱਖਣ ਅਤੇ ਸਮਾਜਿਕ ਸਬੰਧਾਂ ਦੀ ਨੀਂਹ ਹੈ। ਫਿਰ ਵੀ ਦੁਨੀਆਂ ਭਰ ਵਿਚ ਅਤੇ ਖਾਸ ਕਰਕੇ ਭਾਰਤ ਵਰਗੇ ਬਹੁ-ਭਾਸ਼ਾਈ ਸਮਾਜਾਂ ਵਿਚ, ਭਾਸ਼ਾ ਦੇ ਪਾੜੇ ਲੋਕਾਂ ਨੂੰ ਵੰਡਦੇ ਰਹਿੰਦੇ ਹਨ। ਇਹ ਪਾੜੇ ਪੀੜ੍ਹੀਆਂ, ਖੇਤਰਾਂ, ਵਿਦਿਅਕ ਪਿਛੋਕੜਾਂ ਅਤੇ ਡਿਜ਼ੀਟਲ ਪਹੁੰਚ ਪੱਧਰਾਂ ਵਿਚਕਾਰ ਮੌਜੂਦ ਹਨ। ਜਦੋਂ ਭਾਸ਼ਾ ਦੇ ਅੰਤਰ ਸਮਝ ਨੂੰ ਰੋਕਦੇ ਹਨ, ਤਾਂ ਉਹ ਮੌਕਿਆਂ ਨੂੰ ਸੀਮਤ ਕਰ ਸਕਦੇ ਹਨ, ਸਮਾਜਿਕ ਬੰਧਨ ਕਮਜ਼ੋਰ ਕਰ ਸਕਦੇ ਹਨ ਅਤੇ ਅਸਮਾਨਤਾ ਨੂੰ ਡੂੰਘਾ ਕਰ ਸਕਦੇ ਹਨ।

## ਭਾਸ਼ਾ ਦੇ ਪਾੜੇ ਨੂੰ ਸਮਝਣਾ

ਭਾਸ਼ਾ ਦਾ ਪਾੜਾ ਉਦੋਂ ਪੈਦਾ ਹੁੰਦਾ ਹੈ, ਜਦੋਂ ਵਿਅਕਤੀ ਜਾਂ ਸਮੂਹ ਭਾਸ਼ਾ ਦੀ ਮੁਹਾਰਤ, ਸ਼ਬਦਾਵਲੀ, ਜਾਂ ਭਾਸ਼ਾਈ ਐਕਸਪੋਜਰ ਵਿਚ ਅੰਤਰ ਦੇ ਕਾਰਨ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰ ਨਹੀਂ ਕਰ ਸਕਦੇ। ਇਹ ਇਨ੍ਹਾਂ ਵਿਚਕਾਰ ਹੋ ਸਕਦਾ ਹੈ:

- ਸ਼ਹਿਰੀ ਅਤੇ ਪੇਂਡੂ ਆਬਾਦੀ ਜਿੱਥੇ ਰਸਮੀ ਭਾਸ਼ਾ ਸਿੱਖਿਆ ਤੱਕ ਪਹੁੰਚ ਵੱਖਰੀ ਹੁੰਦੀ ਹੈ
- ਪ੍ਰਾਈਵੇਟ ਅਤੇ ਸਰਕਾਰੀ ਸਕੂਲ ਦੇ ਵਿਦਿਆਰਥੀਆਂ ਨੂੰ ਅਕਸਰ ਅੰਗਰੇਜ਼ੀ ਦੀ ਮੁਹਾਰਤ ਦੁਆਰਾ ਵੰਡਿਆ ਜਾਂਦਾ ਹੈ
- ਪੀੜ੍ਹੀਆਂ 2019 ਦੇ ਬਜ਼ੁਰਗ ਖੇਤਰੀ ਭਾਸ਼ਾਵਾਂ ਵਿਚ ਚੰਗੀ ਤਰ੍ਹਾਂ ਬੋਲਦੇ ਹਨ ਅਤੇ ਨੌਜਵਾਨ ਅੰਗਰੇਜ਼ੀ ਜਾਂ ਡਿਜ਼ੀਟਲ ਸਲੈਂਗ ਨੂੰ ਤਰਜੀਹ ਦਿੰਦੇ ਹਨ।
- ਡਿਜ਼ੀਟਲ ਉਪਭੋਗਤਾ ਅਤੇ ਗੈਰ-ਉਪਭੋਗਤਾ 2, ਤਕਨਾਲੋਜੀ-ਸੰਚਾਲਿਤ ਭਾਸ਼ਾ ਵਿਕਾਸ ਦੁਆਰਾ ਆਕਾਰ ਦਿੱਤੇ ਗਏ ਹਨ।
- ਇਹ ਪਾੜੇ ਸਿਰਫ਼ ਭਾਸ਼ਾਈ ਨਹੀਂ ਹਨ; ਇਹ ਸਮਾਜਿਕ, ਆਰਥਿਕ ਅਤੇ ਵਿਦਿਅਕ ਅਸਮਾਨਤਾਵਾਂ ਨੂੰ ਦਰਸਾਉਂਦੇ ਹਨ।

## ਭਾਸ਼ਾ ਅਤੇ ਵਿਦਿਅਕ ਅਸਮਾਨਤਾ

ਭਾਰਤ ਦੇ ਬਹੁਤ ਸਾਰੇ ਹਿੱਸਿਆਂ ਵਿਚ, ਬੱਚੇ ਖੇਤਰੀ ਭਾਸ਼ਾਵਾਂ ਵਿਚ ਸਕੂਲ ਜਾਣਾ ਸ਼ੁਰੂ ਕਰਦੇ ਹਨ ਪਰ ਬਾਅਦ ਵਿਚ ਅੰਗਰੇਜ਼ੀ-ਮਾਧਿਅਮ ਸਿੱਖਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਤਬਦੀਲੀ ਚੁਣੌਤੀਪੂਰਨ ਹੋ ਸਕਦੀ ਹੈ। ਜਿਨ੍ਹਾਂ ਵਿਦਿਆਰਥੀਆਂ ਨੂੰ ਅੰਗਰੇਜ਼ੀ ਦਾ ਸ਼ੁਰੂਆਤੀ ਗਿਆਨ ਨਹੀਂ ਹੁੰਦਾ, ਉਨ੍ਹਾਂ ਨੂੰ ਅਕਸਰ ਉੱਚ ਸਿੱਖਿਆ, ਮੁਕਾਬਲੇ ਵਾਲੀਆਂ ਪ੍ਰੀਖਿਆਵਾਂ ਅਤੇ ਨੌਕਰੀ ਦੇ ਮੌਕਿਆਂ ਨਾਲ ਜੂਝਣਾ ਪੈਂਦਾ ਹੈ।

ਇਸ ਦੇ ਨਾਲ ਹੀ, ਅੰਗਰੇਜ਼ੀ 'ਤੇ ਬਹੁਤ ਜ਼ਿਆਦਾ ਜ਼ੋਰ ਮਾਤ ਭਾਸ਼ਾਵਾਂ ਨੂੰ ਹਾਸ਼ੀਏ 'ਤੇ ਧੱਕ ਸਕਦਾ ਹੈ, ਸੱਭਿਆਚਾਰਕ ਜੜ੍ਹਾਂ ਅਤੇ ਸਮਝਣ ਦੇ ਹੁਨਰਾਂ ਨੂੰ ਕਮਜ਼ੋਰ ਕਰ ਸਕਦਾ ਹੈ। ਖੋਜ ਦਰਸਾਉਂਦੀ ਹੈ ਕਿ ਆਪਣੀ ਮਾਤ ਭਾਸ਼ਾ ਵਿਚ ਸ਼ੁਰੂਆਤੀ ਸਿੱਖਿਆ ਸੰਕਲਪਿਕ ਸਮਝ ਅਤੇ ਵਿਸ਼ਵਾਸ ਨੂੰ ਬਿਹਤਰ ਬਣਾਉਂਦੀ ਹੈ।

ਇਸ ਤਰ੍ਹਾਂ, ਮੁੱਦਾ ਇੱਕ ਭਾਸ਼ਾ ਨੂੰ ਦੂਜੀ 'ਤੇ ਚੁਣਨਾ ਨਹੀਂ ਹੈ, ਸਗੋਂ ਸੰਤੁਲਿਤ ਬਹੁ-ਭਾਸ਼ਾਈ ਯੋਗਤਾ ਪੈਦਾ ਕਰਨਾ ਹੈ।

## ਡਿਜ਼ੀਟਲ ਭਾਸ਼ਾ ਦੀ ਵੰਡ

ਡਿਜ਼ੀਟਲ ਕ੍ਰਾਂਤੀ ਨੇ ਭਾਸ਼ਾ ਦੀਆਂ ਨਵੀਆਂ ਰੁਕਾਵਟਾਂ ਪੈਦਾ ਕਰ ਦਿੱਤੀਆਂ ਹਨ। ਇੰਟਰਨੈੱਟ 'ਤੇ ਬਹੁਤ ਸਾਰੀ ਵਿਦਿਅਕ ਅਤੇ ਪੇਸ਼ੇਵਰ ਸਮੱਗਰੀ ਅੰਗਰੇਜ਼ੀ ਵਿਚ ਮੌਜੂਦ ਹੈ। ਅੰਗਰੇਜ਼ੀ ਤੋਂ ਅਣਜਾਣ ਵਿਅਕਤੀਆਂ ਨੂੰ ਆਨਲਾਈਨ ਸਿੱਖਿਆ, ਸਰਕਾਰੀ ਸੇਵਾਵਾਂ ਅਤੇ ਰੁਜ਼ਗਾਰ ਸਰੋਤਾਂ ਤੱਕ ਸੀਮਤ ਪਹੁੰਚ ਦਾ ਸਾਹਮਣਾ ਕਰਨਾ ਪੈਂਦਾ ਹੈ।

ਹਾਲਾਂਕਿ, ਖੇਤਰੀ ਭਾਸ਼ਾ ਸਮੱਗਰੀ, ਵੌਇਸ ਤਕਨਾਲੋਜੀ ਅਤੇ ਅਨੁਵਾਦ ਸਾਧਨਾਂ ਦਾ ਉਭਾਰ ਇਸ ਪਾੜੇ ਨੂੰ ਪੂਰਾ ਕਰਨ ਵਿਚ ਮਦਦ ਕਰ ਰਿਹਾ ਹੈ।

## ਸੱਭਿਆਚਾਰਕ ਅਤੇ ਪੀੜ੍ਹੀਗਤ ਡਿਸਕਨੈਕਟ

ਭਾਸ਼ਾ ਦੇ ਅੰਤਰ ਪਰਿਵਾਰਾਂ ਅਤੇ ਭਾਈਚਾਰਿਆਂ ਦੇ ਅੰਦਰ ਸਬੰਧਾਂ ਨੂੰ ਵੀ ਪ੍ਰਭਾਵਿਤ ਕਰਦੇ ਹਨ। ਬਜ਼ੁਰਗ ਸੱਭਿਆਚਾਰ ਵਿਚ ਜੜ੍ਹਾਂ ਵਾਲੇ ਰਵਾਇਤੀ ਪ੍ਰਗਟਾਵੇ ਨੂੰ ਤਰਜੀਹ ਦੇ ਸਕਦੇ ਹਨ, ਜਦੋਂਕਿ ਨੌਜਵਾਨ ਸੋਸ਼ਲ ਮੀਡੀਆ ਤੋਂ ਪ੍ਰਭਾਵਿਤ ਹਾਈਬ੍ਰਿਡ ਭਾਸ਼ਾ ਅਪਣਾਉਂਦੇ ਹਨ। ਇਹ ਤਬਦੀਲੀ ਗਲਤਫਹਿਮੀਆਂ ਅਤੇ ਭਾਵਨਾਤਮਕ ਦੂਰੀ ਪੈਦਾ ਕਰ ਸਕਦੀ ਹੈ।

ਅੰਤਰ-ਪੀੜ੍ਹੀ ਸਦਭਾਵਨਾ ਬਣਾਈ ਰੱਖਣ ਲਈ ਵਿਕਸਤ ਸੰਚਾਰ ਸ਼ੈਲੀਆਂ ਨੂੰ ਅਪਣਾਉਂਦੇ ਹੋਏ ਭਾਸ਼ਾਈ ਵਿਰਾਸਤ ਨੂੰ ਸੁਰੱਖਿਅਤ ਰੱਖਣਾ ਜ਼ਰੂਰੀ ਹੈ।

## ਆਰਥਿਕ ਅਤੇ ਪੇਸ਼ੇਵਰ ਪ੍ਰਭਾਵ

ਭਾਸ਼ਾ ਦੀ ਮੁਹਾਰਤ ਅਕਸਰ ਰੁਜ਼ਗਾਰਯੋਗਤਾ ਨੂੰ ਨਿਰਧਾਰਤ ਕਰਦੀ ਹੈ। ਅੰਗਰੇਜ਼ੀ ਵਰਗੀਆਂ ਵਿਆਪਕ ਤੌਰ 'ਤੇ ਵਰਤੀਆਂ ਜਾਣ ਵਾਲੀਆਂ ਭਾਸ਼ਾਵਾਂ ਵਿਚ ਮੁਹਾਰਤ ਵਿਸ਼ਵਵਿਆਪੀ ਮੌਕਿਆਂ ਦੇ ਦਰਵਾਜ਼ੇ ਖੋਲ੍ਹ ਸਕਦੀ ਹੈ, ਜਦੋਂ ਕਿ ਸੀਮਤ ਮੁਹਾਰਤ ਕਰੀਅਰ ਵਿਕਾਸ ਨੂੰ ਰੋਕ ਸਕਦੀ ਹੈ। ਫਿਰ ਵੀ ਸਥਾਨਕ ਭਾਸ਼ਾਵਾਂ ਸ਼ਾਸਨ, ਜ਼ਮੀਨੀ ਪੱਧਰ ਦੇ ਵਿਕਾਸ ਅਤੇ ਭਾਈਚਾਰਕ ਸ਼ਮੂਲੀਅਤ ਵਿਚ ਮਹੱਤਵਪੂਰਨ ਰਹਿੰਦੀਆਂ ਹਨ।

ਸੰਤੁਲਿਤ ਭਾਸ਼ਾ ਹੁਨਰ ਵਿਅਕਤੀਆਂ ਨੂੰ ਸਥਾਨਕ ਅਤੇ ਵਿਸ਼ਵ ਪੱਧਰ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨ ਦੇ ਯੋਗ ਬਣਾਉਂਦੇ ਹਨ।

## ਭਾਸ਼ਾ ਦੇ ਪਾੜੇ ਨੂੰ ਪੂਰਾ ਕਰਨਾ

ਭਾਸ਼ਾ ਦੇ ਅੰਤਰ ਨੂੰ ਦੂਰ ਕਰਨ ਲਈ ਤਾਲਮੇਲ ਵਾਲੇ ਯਤਨਾਂ ਦੀ ਲੋੜ ਹੁੰਦੀ ਹੈ

ਬਹੁ-ਭਾਸ਼ਾਈ ਸਿੱਖਿਆ ਸਕੂਲਾਂ ਨੂੰ ਖੇਤਰੀ ਅਤੇ ਵਿਸ਼ਵਵਿਆਪੀ ਭਾਸ਼ਾਵਾਂ ਦੇ ਨਾਲ-ਨਾਲ ਮਾਤ ਭਾਸ਼ਾ ਵਿਚ ਸਿੱਖਣ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ।

ਡਿਜ਼ੀਟਲ ਸਮਾਵੇਸ਼ ਖੇਤਰੀ ਭਾਸ਼ਾਵਾਂ ਵਿਚ ਔਨਲਾਈਨ ਸਮੱਗਰੀ ਵਿਕਸਿਤ ਕਰਨਾ ਅਤੇ ਅਨੁਵਾਦ ਸਾਧਨਾਂ ਨੂੰ ਬਿਹਤਰ ਬਣਾਉਣਾ ਪਹੁੰਚ ਦਾ ਵਿਸਥਾਰ ਕਰ ਸਕਦਾ ਹੈ।

ਭਾਈਚਾਰਕ ਪਹਿਲਕਦਮੀਆਂ ਪੜ੍ਹਨ ਵਾਲੇ ਕਲੱਬ, ਸੱਭਿਆਚਾਰਕ ਪ੍ਰੋਗਰਾਮ, ਅਤੇ ਕਹਾਣੀ ਸੁਣਾਉਣ ਦੀਆਂ ਪ੍ਰੰਪਰਾਵਾਂ ਭਾਸ਼ਾਈ ਵਿਰਾਸਤ ਨੂੰ ਸੁਰੱਖਿਅਤ ਰੱਖ ਸਕਦੀਆਂ ਹਨ।

ਪਰਿਵਾਰਕ ਸ਼ਮੂਲੀਅਤ ਰਵਾਇਤੀ ਅਤੇ ਆਧੁਨਿਕ ਦੋਵਾਂ ਭਾਸ਼ਾਵਾਂ ਵਿਚ ਗੱਲਬਾਤ ਨੂੰ ਉਤਸ਼ਾਹਿਤ ਕਰਨ ਨਾਲ ਬੰਧਨ ਮਜ਼ਬੂਤ ਹੁੰਦੇ ਹਨ।

ਨੀਤੀ ਸਹਾਇਤਾ ਸਰਕਾਰੀ ਪਹਿਲਕਦਮੀਆਂ ਨੂੰ ਭਾਸ਼ਾਈ ਵਿਭਿੰਨਤਾ ਦਾ ਸਮਰਥਨ ਕਰਨਾ ਚਾਹੀਦਾ ਹੈ ਅਤੇ ਨਾਲ ਹੀ ਵਿਸ਼ਵਵਿਆਪੀ ਸੰਚਾਰ ਸਾਧਨਾਂ ਤੱਕ ਪਹੁੰਚ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।

## ਸਿੱਟਾ

ਭਾਸ਼ਾ ਦੇ ਪਾੜੇ ਸਿਰਫ਼ ਸ਼ਬਦਾਂ ਬਾਰੇ ਨਹੀਂ ਹਨ – ਇਹ ਗਿਆਨ ਤੱਕ ਪਹੁੰਚ, ਸੱਭਿਆਚਾਰਕ ਨਿਰੰਤਰਤਾ ਅਤੇ ਸਮਾਜਿਕ ਸਮਾਨਤਾ ਨੂੰ ਆਕਾਰ ਦਿੰਦੇ ਹਨ। ਇਨ੍ਹਾਂ ਪਾੜੇ ਨੂੰ ਪੂਰਾ ਕਰਨ ਲਈ ਭਾਸ਼ਾਈ ਵਿਭਿੰਨਤਾ ਦੀ ਕਦਰ ਕਰਨ ਅਤੇ ਸਮਾਵੇਸ਼ੀ ਸੰਚਾਰ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ। ਜਦੋਂ ਸਮਾਜ ਬਹੁਭਾਸ਼ਾਈਵਾਦ ਨੂੰ ਅਪਣਾਉਂਦੇ ਹਨ, ਤਾਂ ਉਹ ਵਿਅਕਤੀਆਂ ਨੂੰ ਸੱਭਿਆਚਾਰਾਂ, ਪੀੜ੍ਹੀਆਂ ਅਤੇ ਮੌਕਿਆਂ ਵਿਚ ਜੁੜਨ ਲਈ ਸ਼ਕਤੀ ਪ੍ਰਦਾਨ ਕਰਦੇ ਹਨ।

ਅੰਤ ਵਿਚ, ਭਾਸ਼ਾ ਕਦੇ ਵੀ ਇੱਕ ਰੁਕਾਵਟ ਨਹੀਂ ਹੋਣੀ ਚਾਹੀਦੀ; ਇਹ ਲੋਕਾਂ ਨੂੰ ਜੋੜਨ ਵਾਲਾ ਪੁਲ ਹੋਣਾ ਚਾਹੀਦਾ ਹੈ, ਵਿਰਾਸਤ ਨੂੰ ਸੁਰੱਖਿਅਤ ਰੱਖਣਾ ਚਾਹੀਦਾ ਹੈ ਅਤੇ ਇੱਕ ਆਪਸ ਵਿਚ ਜੁੜੇ ਸੰਸਾਰ ਵਿਚ ਤਰੱਕੀ ਨੂੰ ਸਮਰੱਥ ਬਣਾਉਣਾ ਚਾਹੀਦਾ ਹੈ।

# ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥



-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲ USA


ਇਹ ਮਹਾਂਵਾਕ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਹੋਰਾਂ ਨੇ ਉਚਾਰਿਆ ਹੋਇਆ ਹੈ, ਜਿਸ ਦੇ ਅਰਥ ਹਨ ਕਿ ਸੱਚ ਸਭ ਤੋਂ ਉੱਤਮ ਹੈ। ਪਰ ਆਚਾਰਿ ਇਸ ਤੋਂ ਵੀ ਉੱਪਰ ਹੈ। ਆਚਾਰਿ ਦੇ ਅਰਥ ਹਨ ਮਨੁੱਖੀ ਸ਼ਖ਼ਸੀਅਤ ਦੇ ਗੁਣ। ਗੁਰੂ ਜੀ ਨੇ ਮਨੁੱਖੀ ਗੁਣਾਂ ਵਿਚੋਂ ਆਚਾਰਿ ਨੂੰ ਸਭ ਤੋਂ ਉੱਤਮ ਸਮਝਿਆ ਹੈ ਕਿਉਂਕਿ ਆਚਾਰਿ ਦਾ ਸੰਬੰਧ ਸ਼ੁੱਭ ਅਮਲਾਂ ਨਾਲ ਹੈ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, "ਸੁਭ ਅਮਲਾਂ 'ਤੇ ਹੋਣੇ ਨੇ ਨਿਬੇੜੇ ਤੇ ਜਾਤਿ ਕਿਸੇ ਪੁੱਛਣੀ ਨਹੀਂ"। ਜਦੋਂ ਗੁਰੂ ਜੀ ਨੂੰ ਕਾਜ਼ੀਆਂ ਨੇ ਪੁੱਛਿਆ ਸੀ ਕਿ ਹਿੰਦੂ ਵੱਡਾ ਜਾਂ ਮੁਸਲਮਾਨ, ਤਾਂ ਗੁਰੂ ਜੀ ਦਾ ਉੱਤਰ ਸੀ ਕਿ ਸ਼ੁੱਭ ਅਮਲਾਂ ਬਾਝੋਂ ਦੋਨੋਂ ਰੋਇ। ਇਸ ਲਈ ਜੇ ਤੁਸੀਂ ਅੰਮ੍ਰਿਤ ਨਹੀਂ ਛਕ ਸਕਦੇ ਅਤੇ ਨਿਤਨੇਮ ਵੀ ਨਹੀਂ ਕਰ ਸਕਦੇ, ਤਾਂ ਕੋਈ ਗੱਲ ਨਹੀਂ। ਪਰ ਤੁਹਾਡੇ ਕੰਮ ਚੰਗੇ ਹੋਣੇ ਚਾਹੀਦੇ ਹਨ। ਜਿਵੇਂ ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ, "ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ।" ਕਿਸੇ ਦਾ ਦਿਲ ਨਾ ਦੁਖਾਓ। ਕਿਸੇ ਨਾਲ ਧੋਖਾ ਨਾ ਕਰੋ। ਕਿਸੇ ਦਾ ਹੱਕ ਨਾ ਖਾਓ। ਜਿਵੇਂ ਗੁਰੂ ਜੀ ਫੁਰਮਾਉਂਦੇ ਹਨ, "ਹਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ।" ਕਿਸੇ ਦਾ ਬੁਰਾ ਨਾ ਕਰੋ ਅਤੇ ਜਿੰਨਾ ਹੋ ਸਕਦਾ ਹੋਵੇ ਦੂਜੇ ਦਾ ਭਲਾ ਕਰੋ; ਜਿਵੇਂ ਗੁਰੂ ਜੀ ਫੁਰਮਾਉਂਦੇ ਹਨ, "ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ"। ਐੱਸ.ਟੀ. ਕੋਲਰਿਜ ਆਖਦੇ ਹਨ ਕਿ ਉਹ ਮਨੁੱਖ ਸਭ ਤੋਂ ਵੱਡਾ ਭਗਤ ਅਤੇ ਧਰਮੀ ਹੈ, ਜਿਹੜਾ ਪ੍ਰਮਾਤਮਾ ਦੇ ਪੈਦਾ ਕੀਤੇ ਹੋਏ ਬੰਦਿਆਂ ਨੂੰ ਪਿਆਰ ਕਰਦਾ ਹੈ। ਕੁਝ ਬੰਦੇ ਦੇਖਣ ਨੂੰ ਤਾਂ ਬੰਦੇ ਲੱਗਦੇ ਹਨ ਪਰ ਵਿਚੋਂ ਪਸ਼ੂਆਂ ਨਾਲੋਂ ਵੀ ਮਾੜੇ ਹੁੰਦੇ ਹਨ। ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ, "ਕਰਤੂਤਿ ਪਸੂ ਕੀ ਮਾਨਸ ਜਾਤਿ॥" ਇਕ ਵਧੀਆ ਅਧਿਆਪਕ, ਵਧੀਆ ਲੇਖਕ, ਵਧੀਆ ਡਾਕਟਰ, ਵਧੀਆ ਗੀਤਕਾਰ ਅਤੇ ਵਧੀਆ ਗਾਇਕ ਹੋਣਾ ਹੋਰ ਗੱਲ ਹੈ ਪਰ ਵਧੀਆ ਮਨੁੱਖ ਹੋਣਾ ਹੋਰ ਗੱਲ ਹੁੰਦੀ ਹੈ। ਤੁਹਾਡੀ ਕਹਿਣੀ ਤੇ ਕਰਨੀ ਇੱਕ ਹੋਣੀ ਚਾਹੀਦੀ ਹੈ। ਕਿਸੇ ਕੰਮ ਦੇ ਪਿੱਛੇ ਤੁਹਾਡੀ ਭਾਵਨਾ ਕੀ ਹੈ? ਭਾਵ ਮਨੋਰਥ, ਉਦੇਸ਼, ਲਕਸ਼ ਟੀਚਾ ਕੀ ਹੈ? ਨਿੱਜੀ ਜਾਂ ਸਮਾਜਿਕ ਭੈੜੀ ਸੰਗਤ ਤੋਂ ਬਚੋ, ਕਿਉਂਕਿ ਸੰਗਤ ਦਾ ਮਨੁੱਖ 'ਤੇ ਪ੍ਰਭਾਵ ਪੈਂਦਾ ਹੈ, ਜਿਵੇਂ ਗੁਰੂ ਜੀ ਫੁਰਮਾਉਂਦੇ ਹਨ, "ਸਤਿਸੰਗਤਿ ਮਿਲੈ ਸੁ ਤਰਿਆ॥" ਭੈੜੀ ਸੰਗਤ ਨਾਲੋਂ ਇਕੱਲਾ ਚੰਗਾ। ਸਹਿਣਸ਼ੀਲਤਾ ਤੇ ਨਿਮਰਤਾ ਦੇ ਧਾਰਨੀ ਬਣੋ, ਜਿਵੇਂ ਗੁਰੂ ਜੀ ਫੁਰਮਾਉਂਦੇ ਹਨ, "ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆ ਤਤੁ॥"



ਆਪਣੇ ਫਰਜ਼ ਤੇ ਜ਼ਿੰਮੇਵਾਰੀ ਨੂੰ ਸਮਝੋ। ਮਨੁੱਖੀ ਦੁਖਾਂਤ ਮਨੁੱਖ ਦੇ ਹੱਥੋਂ ਨਹੀਂ ਹੋਣਾ ਚਾਹੀਦਾ, ਭਾਵ ਮਨੁੱਖ, ਮਨੁੱਖ ਦਾ ਬੁਰਾ ਨਾ ਕਰੇ। ਸਿੱਖ ਉਹ ਹੈ, ਜਿਹੜਾ ਸਿੱਖਣ ਲਈ ਯਤਨਸ਼ੀਲ ਹੈ। ਜਿਵੇਂ ਗੁਰੂ ਜੀ ਫੁਰਮਾਉਂਦੇ ਹਨ, "ਸਿੱਖੀ ਸਿਖਿਆ ਗੁਰ ਵੀਚਾਰਿ॥" ਦੂਜਿਆਂ ਨਾਲ ਅਜਿਹਾ ਵਰਤਾਓ ਕਰੋ, ਜਿਵੇਂ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੇ ਨਾਲ ਕਰਨ। ਸਾਰਾ ਸੰਸਾਰ ਦੋ ਭਾਗਾਂ ਵਿਚ ਵੰਡਿਆ ਹੋਇਆ ਹੈ, ਭਾਵ ਬਦ ਤੇ ਨੇਕ। ਗੁਰਬਾਣੀ ਅਨੁਸਾਰ ਗੁਰਮੁਖਿ ਤੇ ਮਨਮੁਖਿ। ਹੋਰ ਵਿਸਥਾਰ ਵਿਚ ਇਸ ਪ੍ਰਕਾਰ ਆਪ ਆਖ ਸਕਦੇ ਹਾਂ, ਠੀਕ ਤੇ ਗ਼ਲਤ, ਚੰਗਾ ਅਤੇ ਮਾੜਾ, ਸੱਚ ਤੇ ਝੂਠ ਅਤੇ ਬਦ ਤੇ ਨੇਕ। ਸੰਸਾਰ ਵਿਚ ਹੁਣ ਤੱਕ ਜੋ ਚੰਗਾ ਹੋਇਆ ਹੈ, ਉਹ ਚੰਗੇ ਬੰਦਿਆਂ ਕਰਕੇ ਹੋਇਆ ਹੈ। ਜਿਵੇਂ ਸਚਿਆਰ, ਪਰਉਪਕਾਰੀ ਦੇ ਮਾਨਵਵਾਦੀ ਆਦਿ। ਹੁਣ ਤੱਕ ਜਿਹੜਾ ਮਾੜਾ ਹੋਇਆ ਹੈ, ਉਹ ਮਾੜੇ ਬੰਦਿਆਂ ਕਰਕੇ ਹੋਇਆ ਹੈ। ਇਸ ਲਈ ਮਨੁੱਖ ਨੂੰ ਚੰਗੇ ਮਨੁੱਖ ਬਣਨ ਦਾ ਯਤਨ ਕਰਨਾ ਚਾਹੀਦਾ ਹੈ।

# ਗੁਰੂ ਅਮਰਦਾਸ ਸਾਹਿਬ ਜੀ

ਪ੍ਰਮਿੰਦਰ ਸਿੰਘ 'ਪ੍ਰਵਾਨਾ'
ਕੈਲੀਫੋਰਨੀਆ
510-415-9377
ਪੰਜਾਬ ਮੇਲ USA





ਸਿੱਖ ਧਰਮ ਇਕ ਪ੍ਰਮਾਤਮਾ ਨੂੰ ਮੰਨਣ ਵਾਲਾ ਕੌਮੀ ਮਾਰਗ ਹੈ, ਜਿਸ ਦਾ ਆਰੰਭ 15ਵੀਂ ਸਦੀ ਵਿਚ ਦੱਖਣੀ ਏਸ਼ੀਆ ਦੇ ਪੰਜਾਬ ਵਿਚ ਹੋਇਆ। ਸਿੱਖੀ ਦਾ ਰੂਹਾਨੀ ਅਤੇ ਕੌਮੀ ਆਧਾਰ, ਸਿੱਖਾਂ ਦੇ ਪਹਿਲੇ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਬਣਾਇਆ। ਬਾਅਦ ਦੇ 9 ਗੁਰੂਆਂ ਵੱਲੋਂ ਸਮੇਂ-ਸਮੇਂ ਸਮਾਜਿਕ ਬੁਰਾਈਆਂ ਨੂੰ ਦੂਰ ਕਰਕੇ ਅਧਿਆਤਮਕਤਾ ਦਾ ਰਾਹ ਦਰਸਾਇਆ। ਇਸ ਨਿਰੰਤਰ ਸਮਾਜ ਸੁਧਾਰ ਵਿਚ ਗੁਰੂਆਂ ਨੇ ਮੁਕਤੀ ਵਿਚਾਰ ਨੂੰ ਨਵਾਂ ਅਰਥ ਦੇ ਕੇ ਮਨੁੱਖਤਾ ਦੀ ਸੇਵਾ ਨਾਲ ਜੋੜ ਦਿੱਤਾ। ਗੁਰੂਆਂ ਦੀਆਂ ਸਿੱਖਿਆਵਾਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਸਿੱਖ ਧਰਮ ਦਾ ਆਧਾਰ ਹੈ ਕਿ ਇਕ ਪ੍ਰਮਾਤਮਾ ਵਿਚ ਯਕੀਨ ਰੱਖਣਾ ਹੈ। ਗੁਰੂ ਨਾਨਕ ਦੇਵ ਸਾਹਿਬ ਜੀ ਨੇ ਆਪਣੇ ਜੋਤੀ-ਜੋਤ ਸਮਾਉਣ ਵੇਲੇ ਆਪਣੇ ਸਿੱਖ ਗੁਰੂ ਅੰਗਦ ਦੇਵ ਸਾਹਿਬ ਜੀ ਨੂੰ ਸਿੱਖੀ ਮਾਰਗ ਦੀ ਰਹਿਨੁਮਾਈ ਦੀ ਜ਼ਿੰਮੇਵਾਰੀ ਦਿੱਤੀ। ਇਹ ਗੁਰੂ ਪ੍ਰਥਾ ਦਸਵੇਂ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਮੇਂ 1708 ਤੱਕ ਜਾਰੀ ਰਹੀ। ਸੰਨ 1699 ਈ. ਦੀ ਵਿਸਾਖੀ ਤੇ ਫੌਜੀ ਖਾਲਸਾ ਕਾਇਮ ਕੀਤਾ। ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਇਕ ਵੱਖਰੀ ਪਛਾਣ ਦਿੱਤੀ। ਪੰਜ ਪਿਆਰੇ ਦਾ ਖਿਤਾਬ ਦਿੱਤਾ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਜੋਤੀ ਸਮਾਉਣ ਵੇਲੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਸੌਂਪ ਦੇ, ਦੇਹ ਗੁਰੂ ਦਾ ਰਿਵਾਜ਼ ਖਤਮ ਕੀਤਾ। ਗੁਰੂ ਪ੍ਰਥਾ ਵਿਚ ਗੁਰੂ ਅਮਰਦਾਸ ਸਾਹਿਬ ਜੀ ਸਿੱਖਾਂ ਦੇ ਤੀਸਰੇ ਗੁਰੂ ਬਣੇ।

ਆਪ ਜੀ ਦਾ ਆਗਮਨ ਪਿੰਡ ਬਾਸਰਕੇ ਗਿੱਲਾਂ (ਅੰਮ੍ਰਿਤਸਰ), ਪਿਤਾ ਬਾਬਾ ਤੇਜ਼ਭਾਨ ਜੀ ਭੱਲਾ ਖਤਰੀ ਅਤੇ ਮਾਤਾ ਬਖਤ ਕੌਰ ਦੇ ਗ੍ਰਹਿ ਵਿਖੇ 23 ਮਈ, 1479 ਨੂੰ ਹੋਇਆ। ਪਰਿਵਾਰ ਖੇਤੀ ਅਤੇ ਵਪਾਰ ਕਰਦਾ ਸੀ। ਆਪ ਇਕ ਧਾਰਮਿਕ ਵਿਚਾਰਾਂ ਦੇ ਸਨ ਤੇ ਧਾਰਮਿਕ ਤੌਰ 'ਤੇ ਵੈਸ਼ਣਵੀ ਹਿੰਦੂ ਧਰਮ ਨਾਲ ਜੁੜੇ ਹੋਏ ਸਨ। ਆਪ ਜੀ ਦਾ ਵਿਆਹ 24 ਸਾਲ ਦੀ ਉਮਰ ਵਿਚ ਸਨਖੱਤ੍ਰਾ ਪਿੰਡ ਦੇ ਬਹਿਲ ਪਰਿਵਾਰ ਵਿਚ 1503 ਨੂੰ ਮਾਤਾ ਮਨਸਾ ਦੇਵੀ ਨਾਲ ਹੋਇਆ। ਆਪ ਜੀ ਦੇ ਦੋ ਪੁੱਤਰ ਭਾਈ ਮੋਹਨ ਅਤੇ ਭਾਈ ਮੋਹਰੀ, ਦੋ ਧੀਆਂ ਬੀਬੀ ਦਾਨੀ ਅਤੇ ਬੀਬੀ ਭਾਨੀ। ਆਪ 42 ਸਾਲ ਦੀ ਉਮਰ 1521 ਵਿਚ ਹਰਿਦੁਆਰ ਤੀਰਥ ਇਸ਼ਨਾਨ 'ਤੇ ਗਏ। ਫਿਰ 20 ਸਾਲ 1541 ਤੱਕ ਨੇਮ ਨਾਲ ਹਰ ਸਾਲ ਜਾਂਦੇ ਰਹੇ।

ਆਪ ਜੀ ਦੇ ਭਤੀਜੇ ਦੀ ਵਹੁਟੀ ਬੀਬੀ ਅਮਰੋ ਦਾ ਅੰਮ੍ਰਿਤ ਵੇਲੇ ਰੱਬੀ-ਬਾਣੀ ਪੜ੍ਹਨ ਦੇ ਨੇਮ ਸੀ। ਬਾਣੀ ਜਦੋਂ ਅਮਰਦਾਸ ਜੀ ਨੇ ਸਰਵਣ ਕੀਤੀ, ਤਾਂ ਉਨ੍ਹਾਂ ਦੇ ਮਨ 'ਤੇ ਇਸ ਦਾ ਡੂੰਘਾ ਪ੍ਰਭਾਵ ਪਿਆ। ਗੁਰੂ ਦਰਸ਼ਨਾਂ ਦੀ ਤਾਂਘ ਉਨ੍ਹਾਂ ਨੂੰ ਖਡੂਰ ਸਾਹਿਬ ਖਿੱਚ ਲਿਆਈ। ਜਦੋਂ ਆਪ ਜੀ ਦੀ ਉਮਰ 62 ਸਾਲ ਸੀ। ਗੁਰੂ ਅੰਗਦ ਸਾਹਿਬ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਜਾਣ ਲਿਆ ਕਿ ਮੈਨੂੰ ਆਪਣਾ ਅਧਿਆਤਮਕ ਰਾਹ ਦਸੇਰਾ ਗੁਰੂ ਮਿਲ ਗਿਆ ਹੈ। ਉਨ੍ਹਾਂ ਨੇ ਗੁਰੂ ਅੰਗਦ ਦੇਵ ਸਾਹਿਬ ਜੀ ਨੂੰ ਆਪਣਾ ਗੁਰੂ ਧਾਰ ਲਿਆ। ਉਹ ਗੁਰੂ ਜੀ ਦੀ ਸੇਵਾ ਵਿਚ ਪੱਕੇ ਤੌਰ 'ਤੇ ਰਹਿਣ ਲੱਗੇ। ਉਹ ਦਿਨ-ਰਾਤ ਸੇਵਾ 'ਚ ਜੁੱਟ ਗਏ। ਖਡੂਰ ਸਾਹਿਬ ਤੋਂ ਬਿਆਸ ਦਰਿਆ ਤਿੰਨ ਕੋਹ 'ਤੇ ਹੈ। ਗੁਰੂ ਅੰਗਦ ਦੇਵ ਸਾਹਿਬ ਜੀ ਦੇ ਇਸ਼ਨਾਨ ਗਾਗਰ ਭਰ ਕੇ ਲਿਆਉਣੀ ਤੇ ਅੰਮ੍ਰਿਤ ਵੇਲੇ ਉਨ੍ਹਾਂ ਨੂੰ ਇਸ਼ਨਾਨ ਕਰਵਾਉਣਾ। ਲੰਗਰਾਂ ਵਿਚ ਭਾਂਡੇ ਮਾਂਜਣਾ, ਬਾਲਣ ਲਿਆਉਣਾ, ਪਾਣੀ ਢੋਣਾ, ਪੱਖਾ ਝੱਲਣਾ ਤੇ ਸੰਗਤਾਂ ਦੇ ਸੁੱਖ ਆਰਾਮ ਲਈ ਸੇਵਾ ਕਰਨ ਦਾ ਨੇਮ ਸੀ। ਵਿਹਲੇ ਸਮੇਂ ਗੁਰੂ ਅੰਗਦ ਦੇਵ ਸਾਹਿਬ ਜੀ ਪਾਸੋਂ ਗੁਰੂ ਨਾਨਕ ਦੀ ਬਾਣੀ ਪੜ੍ਹਦੇ ਰਹਿਣਾ। ਗੁਰੂ ਅੰਗਦ ਦੇਵ ਸਾਹਿਬ ਜੀ ਕੋਲ ਗੁਰਬਾਣੀ ਦਾ ਸੰਗ੍ਰਹਿ ਸੀ। ਬਾਣੀ ਦੀ ਇਸ ਲਗਨ ਨੇ ਉਨ੍ਹਾਂ ਨੂੰ 74 ਸਾਲ ਦੀ ਉਮਰ 'ਚ ਗੁਰਬਾਣੀ ਦਾ ਰਚੇਤਾ ਬਣਾ ਦਿੱਤਾ। ਉਨ੍ਹਾਂ ਨੇ 12 ਸਾਲ ਤੱਕ ਗੁਰੂ ਦੀ ਸੇਵਾ ਕੀਤੀ।

ਲੋਕਾਂ ਨੇ ਉਨ੍ਹਾਂ ਦਾ ਮਖੌਲ ਵੀ ਉਡਾਇਆ। ਉਨ੍ਹਾਂ ਨੂੰ ਨੌਕਰ, ਪਾਗਲ, ਕਹਾਰਾ ਆਦਿ ਕਿਹਾ। ਆਪ ਜੀ ਨੇ ਇਸ ਨਰਾਦਰੀ ਦੀ ਕਦੇ ਪ੍ਰਵਾਹ ਨਹੀਂ ਕੀਤੀ। ਉਨ੍ਹਾਂ ਦੇ ਮਨ ਵਿਚ ਗੁਰੂ ਦੀ ਸੇਵਾ ਅਤੇ ਸਤਿਕਾਰ ਸੀ। ਗੁਰੂ ਅੰਗਦ ਦੇਵ ਸਾਹਿਬ ਜੀ ਨੇ ਉਨ੍ਹਾਂ ਦੀ ਨਿਰਾਦਰੀ ਸੁਣ ਕੇ ਕਿਹਾ ਕਿ ਆਪ ਨਿਥਾਵਿਆਂ ਦੀ ਥਾਂ, ਨਿਆਸਰਿਆਂ ਦਾ ਆਸਰਾ, ਨਿਘਰਿਆਂ ਦਾ ਘਰ ਆਦਿ ਨਾਵਾਂ ਨਾਲ ਪ੍ਰਸ਼ੰਸਾ ਅਤੇ ਸਨਮਾਨ ਕੀਤਾ। ਆਪ ਜੀ ਦੀ ਗੁਰੂ ਪ੍ਰਤੀ ਸ਼ਰਧਾ, ਸੇਵਾਭਾਵਨਾ, ਹਲੀਮੀ ਅਤੇ ਨਿਮਰਤਾ ਤੋਂ ਪ੍ਰਭਾਵਿਤ ਹੋ ਕੇ 29 ਮਾਰਚ, 1552 ਨੂੰ ਗੁਰਗੱਦੀ ਸੌਂਪ ਦਿੱਤੀ। ਜਦਕਿ ਆਪ ਜੀ ਦੀ ਉਮਰ ਛੇ ਦਹਾਕੇ ਪਾਰ ਕਰ ਚੁੱਕੀ ਸੀ। ਗੁਰੂ ਅੰਗਦ ਦੇਵ ਸਾਹਿਬ ਜੀ ਦੇ ਅਦੇਸ਼ ਅਨੁਸਾਰ ਉਨ੍ਹਾਂ ਨੇ ਆਪਣਾ ਟਿਕਾਣਾ ਗੋਇੰਦਵਾਲ ਬਣਾ ਲਿਆ ਸੀ।

ਗੁਰਗੱਦੀ 'ਤੇ ਬੈਠਦਿਆਂ ਭਾਵੇਂ ਆਪ ਜੀ ਘਰੇਲੂ ਅਨੇਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਫਿਰ ਵੀ ਆਪ ਜੀ ਸਿੱਖ ਮੱਤ ਦੇ ਸੰਗਠਨ ਤੇ ਵਿਕਾਸ ਲਈ ਸਮਾਜਿਕ ਸੁਧਾਰ ਵੀ ਕੀਤੇ। ਆਪਣੇ 22 ਸਾਲਾਂ ਦੇ ਗੁਰਕਾਲ ਵਿਚ ਅਧਿਆਤਮਕ ਉਪਦੇਸ਼ ਦਿੱਤੇ। ਉਨ੍ਹਾਂ ਨੇ ਉਦਾਸੀ ਸਾਧੂਆਂ ਤੋਂ ਮੂੰਹ ਮੋੜ ਲਿਆ। ਸਿੱਖ ਗੁਰੂ ਸੰਸਾਰ ਨੂੰ ਸੱਚਾ ਅਤੇ ਅਰਥ ਭਰਪੂਰ ਮੰਨਦੇ ਹਨ। ਗ੍ਰਹਿਸਥੀ ਨਾਲ ਜੋੜਦੇ ਹਨ। ਲੋਕ ਝੂਠੇ ਰੀਤੀ-ਰਿਵਾਜ਼ਾਂ ਅਤੇ ਕਰਮਕਾਂਡਾਂ ਵਿਚ ਫਸੇ ਸਨ। ਆਪ ਜੀ ਨੇ ਮਨੁੱਖਤਾ ਵਿਚੋਂ ਬੁਰਾਈਆਂ ਦੂਰ ਕਰਨ ਲਈ ਜਿਵੇਂ ਧਰਮ-ਵੰਡ, ਵਰਣ-ਵੰਡ, ਜਾਤ-ਪਾਤ, ਊਚ-ਨੀਚ ਦੀ ਵੰਡ ਖਤਮ ਕਰਕੇ ਸੰਗਤ ਨੂੰ ਸੰਸਥਾਈ ਰੂਪ ਦਿੱਤਾ। ਉਨ੍ਹਾਂ ਨੇ ਉਪਦੇਸ਼ ਦਿੱਤਾ ਕਿ ਉੱਚੀ ਜਾਤ, ਉੱਚੇ ਕੰਮਾਂ ਕਰਕੇ ਜਾਣੀ ਜਾਂਦੀ ਹੈ। ਜਾਤ-ਪਾਤ ਦੇ ਭੇਦ ਮਿਟਾਉਣ ਲਈ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਲੰਗਰ ਦੀ ਪ੍ਰਥਾ ਸ਼ੁਰੂ ਕੀਤੀ। ਲੰਗਰ ਵਿਚ ਜਿਸ ਕਿਸੇ ਵੀ ਆਏ ਪ੍ਰਦੇਸ਼ੀ ਨਾਲ ਇਕੋ ਜਿਹਾ ਸਲੂਕ ਹੋਵੇ। ਲੰਗਰ ਦੇ ਉਦਮ ਨੂੰ ਜਾਰੀ ਰੱਖਦਿਆਂ ਸਭ ਜਾਤਾਂ ਦੀ ਸੰਗਤ ਨੂੰ ਇਕੋ ਪੰਗਤ ਵਿਚ ਬਿਠਾ ਕੇ ਪ੍ਰਸ਼ਾਦ ਛਕਾਇਆ ਜਾਂਦਾ ਸੀ। ਗੁਰੂ ਜੀ ਨੇ ਪੰਗਤ 'ਚ ਬੈਠ ਕੇ ਲੰਗਰ ਛੱਕਣਾ ਲਾਜ਼ਮੀ ਕਰ ਦਿੱਤਾ। ਪਹਿਲਾਂ ਪੰਗਤ, ਫਿਰ ਸੰਗਤ ਦੀ ਡੂੰਘੀ ਸਾਂਝ ਬਣਾ ਦਿੱਤੀ। ਸ਼ੂਦਰ ਅਖਵਾਉਂਦੇ ਗਰੀਬ ਲੋਕਾਂ ਦੇ ਦਿਲ ਵਿਚ ਗੁਰੂ ਜੀ ਲਈ ਪਿਆਰ ਅਤੇ ਸਤਿਕਾਰ ਵਧਿਆ। ਗੁਰੂ ਜੀ ਦੀ ਵਡਿਆਈ ਚੁਫੇਰੇ ਵਧਣ ਲੱਗੀ।

ਸੰਨ 1560 ਦੇ ਮੁਗਲ ਬਾਦਸ਼ਾਹ ਅਕਬਰ ਨੇ ਗੋਇੰਦਵਾਲ ਆ ਕੇ ਗੁਰੂ ਸਾਹਿਬ ਜੀ ਦੇ ਦਰਸ਼ਨ ਕੀਤੇ। ਬਾਦਸ਼ਾਹ ਨੇ ਵੀ ਲੰਗਰ ਦੀ ਪੰਗਤ 'ਚ ਬੈਠ ਕੇ ਲੰਗਰ ਛੱਕਿਆ। ਸਿੱਖਾਂ ਦੇ ਪਿਆਰ-ਭਰੇ ਸਲੂਕ ਨੂੰ ਵੇਖ ਕੇ ਬੜਾ ਪ੍ਰਸੰਨ ਹੋਇਆ। ਬਾਦਸ਼ਾਹ ਨੇ ਲੰਗਰ ਦੇ ਖਰਚੇ ਲਈ ਜਾਗੀਰ ਦੇਣੀ ਚਾਹੀ। ਗੁਰੂ ਸਾਹਿਬ ਜੀ ਨੇ ਆਖਿਆ ਕਿ ਗੁਰੂ ਕਾ ਲੰਗਰ ਸਭ ਸਿੱਖਾਂ ਦੇ ਸਾਂਝੇ ਉਦਮ ਨਾਲ ਹੀ ਚੱਲਦਾ ਹੈ। ਜਗੀਰ ਦੇ ਬਦਲੇ ਵਿਚ ਗੁਰੂ ਸਾਹਿਬ ਜੀ ਨੇ ਗੈਰ ਮੁਸਲਮਾਨਾਂ ਨੂੰ ਤੀਰਥ ਅਸਥਾਨਾਂ ਦੇ ਦਰਸ਼ਨਾਂ ਲਈ ਲੱਗਦਾ ਮਸੂਲ ਤੋਂ ਮੁਕਤ ਕਰਵਾ ਲਿਆ।

ਆਪ ਜੀ ਨੇ ਬੜੇ ਸਾਰਥਿਕ ਅਤੇ ਯੋਜਨਾਬੱਦ ਤਰੀਕੇ ਨਾਂਲ ਸਿੱਖ ਧਰਮ ਦਾ ਪ੍ਰਚਾਰ ਅੱਗੇ ਤੋਰਿਆ। ਆਪ ਜੀ ਨੇ ਖੁਦ ਪ੍ਰਚਾਰਕ ਦੌਰੇ ਕੀਤੇ। ਉਪਰੰਤ ਦੂਰ-ਦੂਰ ਦੇ ਖੇਤਰਾਂ ਵਿਚ ਪ੍ਰਚਾਰਕ ਭੇਜੇ। ਉਨ੍ਹਾਂ ਨੇ 22 ਪ੍ਰਚਾਰ ਕੇਂਦਰ ਸਥਾਪਿਤ ਕੀਤੇ। ਹਰ ਕੇਂਦਰ 'ਤੇ ਸਥਾਨਕ ਉੱਚ ਰੁਤਬੇ ਵਾਲੇ ਅਧਿਆਤਮਕ ਪ੍ਰਚਾਰਕ ਨੂੰ ਮੁਖੀ ਬਣਾਇਆ, ਜੋ ਸੰਗਤਾਂ ਦੀਆਂ ਧਾਰਮਿਕ ਅਤੇ ਸਮਾਜਿਕ ਲੋੜਾਂ ਪੂਰੀਆਂ ਕਰਦੇ ਸਨ। ਉਹ ਗੁਰੂ ਅਤੇ ਸੰਗਤ ਨੂੰ ਜੋੜਨ ਲਈ ਪੁਲ ਦਾ ਕੰਮ ਕਰਦੇ ਸਨ। ਸੰਗਤਾਂ ਨੂੰ ਗੁਰੂ ਸਾਹਿਬਜੀ ਦਾ ਹੁਕਮ ਸੁਣਾਉਂਦੇ/ਗੁਰੂ ਸਾਹਿਬ ਜੀ ਤੱਕ ਚੜ੍ਹਾਵਾ ਪਹੁੰਚਾਉਂਦੇ, ਜੋ ਇਕ ਜਗ੍ਹਾ ਜਮ੍ਹਾ ਹੋ ਕੇ ਸਮਾਜ ਭਲਾਈ ਦੇ ਕਾਰਜਾਂ ਲਈ ਖਰਚ ਹੁੰਦਾ ਸੀ। ਪ੍ਰਚਾਰਕ ਸੰਗਤ ਨੂੰ ਗੁਰਮਤਿ ਦੀਆਂ ਸਿੱਖਿਆਵਾਂ ਨਾਲ ਜੋੜਦੇ। ਸੰਗਤਾਂ ਵਿਚ ਇਹ ਪਦਵੀ ਬੜੇ ਸਤਿਕਾਰ ਅਤੇ ਇਤਬਾਰ ਵਾਲੀ ਸੀ।

ਗੁਰੂ ਅੰਗਦ ਦੇਵ ਸਾਹਿਬ ਜੀ ਨੇ ਰਾਵੀ ਦਰਿਆ ਤੇ ਬਿਆਸ ਦਰਿਆ ਵਿਚਕਾਰਲੇ ਇਲਾਕੇ ਦੇ ਪਿੰਡਾਂ ਵਿਚ ਪ੍ਰਚਾਰ ਕੀਤਾ। ਸਿੱਖਾਂ ਦੀ ਗਿਣਤੀ ਵਧਦੀ ਗਈ। ਸਿੱਖ ਧਰਮ ਦੇ ਪ੍ਰਚਾਰ ਨੂੰ ਫੈਲਾਉਣ ਲਈ ਗੁਰੂ ਜੀ ਨੇ ਸਾਰੀ ਸਿੱਖ-ਵਸੋਂ ਦੇ ਇਲਾਕਿਆਂ ਨੂੰ 22 ਹਿੱਸਿਆਂ ਵਿਚ ਵੰਡਿਆ। ਇਸ ਤਰ੍ਹਾਂ 22 ਸਿਆਣੇ ਪ੍ਰਚਾਰਕ ਨੀਅਤ ਕੀਤੇ। ਪ੍ਰਚਾਰਕ ਨੇ ਬੋਲਣ ਵੇਲੇ ਸਾਹਮਣੇ ਬੈਠੀ ਸੰਗਤ ਨੂੰ ਸੰਬੋਧਨ ਕਰਦਿਆਂ ਨਜ਼ਰ ਮਾਰਨੀ ਹੁੰਦੀ ਹੈ। ਉੱਚੇ ਥਾਂ 'ਤੇ ਬੈਠਣਾ ਹੁੰਦਾ ਹੈ। ਇਯ ਲਈ ਮੰਜੀ ਬੈਠਣ ਲਈ ਵਰਤੀ ਜਾਂਦੀ ਸੀ, ਜਿਸ 'ਤੇ ਬੈਠ ਕੇ ਗੁਰਮਤਿ ਸਰਵਣ ਕਰਾਉਣਾ ਸੀ, ਇਸ ਤਰ੍ਹਾਂ ਪ੍ਰਚਾਰਕਾਂ ਦੀਆਂ 22 ਮੰਜੀਆਂ ਥਾਪੀਆਂ ਗਈਆਂ। ਗੁਰੂ ਸਾਹਿਬ ਜੀ ਨੇ ਇਕ ਅਲਿਆਰ ਨਾਮੀ ਮੁਸਲਮਾਨ ਨੂੰ ਵੀ ਪ੍ਰਚਾਰਕ ਥਾਪਿਆ ਸੀ। ਭਾਈ ਗੁਰਦਾਸ ਜੀ ਜੋ ਸਮੇਂ ਦੇ ਧਰਮ ਸ਼ਾਸਤਰੀ ਮੰਨੇ ਜਾਂਦੇ ਸਨ, ਨੂੰ ਵੀ ਆਗਰਾ ਵਿਖੇ ਪ੍ਰਚਾਰਕ ਥਾਪਿਆ।

ਸਮਾਜਿਕ ਸੁਧਾਰਾਂ ਵਿਚ ਜੋ ਕਾਰਜ ਕੀਤੇ ਉਨ੍ਹਾਂ ਵਿਚ ਵੇਰਵਾ ਹੈ ਕਿ ਸਮਾਜ ਵਰਤੋਂ ਵਿਹਾਰ ਵਿਚ ਜਾਤਾਂ ਬ ਰਾਦਰੀ ਦੇ ਆਧਾਰ 'ਤੇ ਵਿਆਹ ਹੁੰਦੇ ਸਨ। ਗੁਰੂ ਸਾਹਿਬ ਜੀ ਨੇ ਜਾਤ=ਪਾਤ ਦੇ ਬੰਧਨਾਂ ਤੋਂ ਮੁਕਤ ਅੰਤਰ ਜਾਤੀ ਵਿਆਹ 'ਤੇ ਜ਼ੋਰ ਦਿੱਤਾ।

ਆਪ ਜੀ ਨੇ ਸਤੀ ਦੀ ਰਸਮ ਤੋਂ ਵਰਜਿਆ। ਉਨ੍ਹਾਂ ਕਿਹਾ ਕਿ ਸਤੀ ਉਹ ਨਹੀਂ, ਜੋ ਪਤੀ ਦੀ ਮੌਤ ਨਾਲ ਪ੍ਰਾਣ ਤਿਆਗ ਦੇਵੇ। ਸਗੋਂ ਪਤੀ ਤੋਂ ਬਾਅਦ ਆਪਣਾ ਚਾਲ-ਚਲਣ ਉੱਚਾ ਰੱਖਣ ਅਤੇ ਨਾਮ ਜਪਣ, ਤਦ ਹੀ ਵੱਡੀਆਂ ਸਤੀ ਅਖਵਾਉਣਗੀਆਂ। ਇਸਤਰੀਆਂ ਨੂੰ ਸਤੀ ਬੰਧਨ ਤੋਂ ਮੁਕਤ ਕੀਤਾ। ਉਨ੍ਹਾਂ ਨੂੰ ਮੁੜ ਵਿਆਹ ਦਾ ਵੀ ਉਪਦੇਸ਼ ਦਿੱਤਾ।

ਇਸਤਰੀਆਂ ਨੂੰ ਮੂੰਹ ਢੱਕ ਕੇ ਪਰਦੇ ਜਾਂ ਘੁੰਡ ਵਿਚ ਰਹਿਣ ਦੇ ਰਿਵਾਜ਼ ਨੂੰ ਖਤਮ ਕੀਤਾ। ਇਸ ਤਰ੍ਹਾਂ ਪਰਦੇ ਦੀ ਰਸਮ ਜਿਹੀ ਸਮਾਜਿਕ ਬੁਰਾਈ ਤੋਂ ਮੁਕਤ ਕੀਤਾ। ਇਸ ਤਰ੍ਹਾਂ ਇਸਤਰੀ ਨੂੰ ਅਜਿਹੇ ਬੰਧਨਾਂ ਤੋਂ ਮੁਕਤ ਕੀਤਾ। ਉਨ੍ਹਾਂ ਨੂੰ ਸਮਾਜ ਵਿਚ ਮਾਣ ਦਿਵਾਇਆ। ਗੁਰੂ ਸਾਹਿਬ ਜੀ ਨੇ ਇਸਤਰੀਆਂ ਨੂੰ ਸੇਵਾ ਪ੍ਰਬੰਧ ਵਿਚ ਲਾਇਆ। ਉਨ੍ਹਾਂ ਨੂੰ ਲੰਗਰਾਂ ਦੀ ਸੇਵਾ ਅਤੇ ਪ੍ਰਬੰਧ ਨਾਲ ਜੋੜਿਆ। ਉਨ੍ਹਾਂ ਨੇ ਇਸਤਰੀਆਂ ਨੂੰ ਪ੍ਰਚਾਰਕ ਨਿਯੁਕਤ ਕੀਤਾ।

ਗੁਰੂ ਸਾਹਿਬ ਜੀ ਨੇ ਜਨਮ-ਮਰਨ ਸਮੇਂ ਦੀਆਂ ਫਾਲਤੂ ਰਹੂ-ਰੀਤਾਂ ਨੂੰ ਖਤਮ ਕਰਕੇ ਰੱਬ ਦੇ ਭਾਣੇ ਵਿਚ ਰਹਿਣ ਦੀ ਮਰਿਯਾਦਾ ਚਲਾਈ। ਰੱਬੀ ਉਸਤਤਿ ਲਈ ਕੀਰਤਨ ਨਾਲ ਜੋੜਿਆ। ਗੁਰੂ ਜੀ ਨੇ ਮਨੁੱਖਤਾ ਨੂੰ ਹਉਮੈ ਤਿਆਗ ਕੇ ਬੇਗਰਜ਼ ਸੇਵਾ ਦਾ ਉਪਦੇਸ਼ ਦਿੱਤਾ। ਪ੍ਰਮਾਤਮਾ ਨੂੰ ਆਤਮ ਸਮਰਪਣ ਕਰਕੇ ਉਸ ਦੀ ਕੀਤੀ ਸੇਵਾ ਹੀ ਭਗਤੀ ਹੈ। ਸੇਵਾ ਨੂੰ ਮੁਕਤੀ ਨਾਲ ਜੋੜ ਦਿੱਤਾ। ਗੁਰੂ ਸਾਹਿਬ ਜੀ ਨੇ ਸਮਾਜਿਕ ਬੁਰਾਈਆਂ ਨੂੰ ਦੂਰ ਕਰਕੇ ਸਮਾਜਿਕ ਜੀਵਨ ਦੇ ਲਈ ਸਵ-ਨਿਰਮਾਣ ਅਤੇ ਨਰੋਆ ਜੀਵਨ ਪ੍ਰਦਾਨ ਕਰਨ ਲਈ ਅਧਿਆਤਮਕ ਰਾਹ ਵਿਖਾਇਆ। ਗੁਰੂ ਨਾਨਕ ਦੇਵ ਸਾਹਿਬ ਜੀ ਵੱਲੋਂ ਜੋ ਸਮਾਜ-ਸੁਧਾਰ ਦੀ ਲਹਿਰ ਚਲਾਈ ਗਈ ਸੀ। ਉਸੇ ਵਿਚਾਰਧਾਰਾ ਤੇ ਨਿਸ਼ਾਨੇ ਨਿਸ਼ਚਿਤ ਕੀਤੇ ਕਿ ਮਨੁੱਖਤਾ ਦੀ ਭਲਾਈ ਸੱਚ ਦੇ ਰਾਹ 'ਤੇ ਚੱਲਦਿਆਂ ਕਰਨੀ ਹੈ। ਅੱਗੇ ਨਿਰੰਤਰ ਗੁਰੂਆਂ ਵੱਲੋਂ ਇਸ ਲੋਕ ਭਲਾਈ ਦੀ ਲਹਿਰ ਨੂੰ ਜਥੇਬੰਦ ਕੀਤਾ। ਵਧਾਇਆ, ਪ੍ਰਚਾਰਿਆ ਅਤੇ ਥਿੜਕਣ ਨਹੀਂ ਦਿੱਤਾ।

ਨਿਰਮਾਣ ਕਾਰਜਾਂ 'ਚ ਗੋਇੰਦਵਾਲ ਨਗਰ ਆਪ ਵਸਾਇਆ। ਸੰਨ 1559 'ਚ ਬਾਉਲੀ ਸਾਹਿਬ ਦਾ ਨਿਰਮਾਣ ਕੀਤਾ। ਜੋ ਸਿੱਖ ਧਰਮ ਦਾ ਵੱਡਾ ਧਾਰਮਿਕ ਅਸਥਾਨ ਜਾਣਿਆ ਜਾਣ ਲੱਗਾ। ਗੋਇੰਦਵਾਲ ਦੇ ਹੋਰ ਨਿਰਮਾਣ ਕਾਰਜਾਂ ਵਿਚ ਅਨੰਦ ਜੀ ਦਾ ਅਸਥਾਨ, ਹਵੇਲੀ ਸਾਹਿਬ ਅਤੇ ਮੋਹਨ ਜੀ ਦਾ ਚੌਬਾਰਾ ਸ਼ਾਮਲ ਹਨ। ਗੁਰੂ ਜੀ ਦੇ ਸਮੇਂ ਗੋਇੰਦਵਾਲ ਸਿੱਖੀ ਦੇ ਪ੍ਰਚਾਰ ਦਾ ਵੱਡਾ ਕੇਂਦਰ ਬਣਿਆ। ਪਰ ਸਿੱਖਾਂ ਦੀ ਵਧਦੀ ਗਿਣਤੀ ਵੇਖ ਕੇ ਮਾਝੇ ਦੇ ਇਲਾਕੇ ਵਿਚ ਵੀ 1570 ਵਿਚ 'ਗੁਰੂ ਚੱਕ' (ਅੰਮ੍ਰਿਤਸਰ) ਬਣਾਉਣਾ ਸ਼ੁਰੂ ਕੀਤਾ। ਗੁਰੂ ਰਾਮਦਾਸ ਜੀ ਦੀ ਨਿਗਰਾਨੀ ਹੇਠ ਨਿਰਮਾਣ ਹੋਇਆ। ਇਹ ਜ਼ਮੀਨ ਪਿੰਡ ਤੁੰਗ ਤੋਂ ਖਰੀਦੀ ਗਈ ਸੀ।

ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਗੁਰੂ ਗ੍ਰੰਥ ਸਾਹਿਬ 'ਚ ਅੰਕਿਤ ਹਨ। ਗੁਰੂ ਜੀ ਨੇ ਸਮਾਜ ਨੂੰ ਸ਼ਬਦ-ਗੁਰਬਾਣੀ ਨਾਲ ਜੁੜਨ ਦਾ ਉਪਦੇਸ਼ ਦਿੱਤਾ। ਗੁਰੂਆਂ ਵੱਲੋਂ ਇਕੱਤਰ ਕੀਤੀ ਜਾ ਰਹੀ ਗੁਰਬਾਣੀ ਦੇ ਸੰਗ੍ਰਹਿ ਵਿਚ ਆਪਣਾ ਯੋਗਦਾਨ ਪਾ ਕੇ ਵਾਧਾ ਕੀਤਾ, ਜਿਸ ਦੇ ਤਹਿਤ 907 ਸ਼ਬਦ, 19 ਰਾਗਾਂ ਵਿਚ ਦਰਜ ਹਨ।

ਅੰਤ ਆਪ 95 ਸਾਲ ਦੀ ਉਮਰ ਵਿਚ ਗੋਇੰਦਵਾਲ ਵਿਖੇ ਜੋਤੀ-ਜੋਤ ਸਮਾ ਗਏ। ਗੁਰਗੱਦੀ 'ਤੇ ਚੌਥੇ ਗੁਰੂ ਰਾਮਦਾਸ ਸਾਹਿਬ ਜੀ ਵਿਰਾਜਮਾਨ ਹੋਏ।

ਅੰਤਿਕਾ:- ਹੇ ਮੇਰੇ ਮਨ ਵਿਕਾਰਾਂ ਤੋਂ ਬਚਣ ਲਈ ਸਿਰਫ ਪ੍ਰਮਾਤਮਾ ਦਾ ਨਾਮ ਜਪਿਆ ਕਰੇ। ਇਹ ਨਾਮ ਖਜ਼ਾਨਾ ਮੈਨੂੰ ਗੁਰੂ ਨੇ ਬਖਸ਼ਿਆ ਹੈ। ਹੇ ਭਾਈ! ਜੇ ਮਨੁੱਖ ਦਾ ਮਨ ਵਿਕਾਰਾਂ ਦੀ ਮੈਲ ਨਾਲ ਭਰਿਆ ਰਹੇ, ਤਾਂ ਉਤਨਾ ਚਿਰ ਮਨੁੱਖ ਜੋ ਕਰਦਾ ਹੈ, ਸਭ ਕੁਝ ਵਿਕਾਰ ਹੀ ਕਰਦਾ ਹੈ। ਸਰੀਰ ਨੂੰ ਤੀਰਥਾਂ ਆਦਿਕ ਦੇ ਇਸ਼ਨਾਨ ਕਰਾਉਣ ਨਾਲ ਮਨ ਪਵਿੱਤਰ ਨਹੀਂ ਹੋ ਸਕਦਾ। ਪਰ ਇਹ ਸੰਸਾਰ ਤੀਰਥ-ਇਸ਼ਨਾਨ ਤੋਂ ਮਨ ਦੀ ਪਵਿੱਤਰਤਾ ਮਿਲ ਜਾਣ ਦੇ ਭੁਲੇਖੇ ਵਿਚ ਪੈ ਕੇ ਕੁਰਾਹੇ ਤੁਰਿਆ ਜਾ ਰਿਹਾ ਹੈ। ਕੋਈ ਵਿਰਲਾ ਮਨੁੱਖ ਹੀ ਇਸ ਸੱਚਾਈ ਨੂੰ ਸਮਝਦਾ ਹੈ।

ਜੋ ਮਨੁੱਖ ਕਰਾਮਾਤੀ ਯੋਗੀਆਂ ਵਾਲੇ ਆਸਣ ਕਰਨੇ ਸਿੱਖ ਲਏ, ਜੇ ਕਾਮ-ਵਾਸਨਾ ਨੂੰ ਜਿੱਤ ਕੇ ਆਸਣਾਂ ਦੇ ਅਭਿਆਸ ਦੀ ਕਮਾਈ ਕਰਨ ਲੱਗ ਪਏ। ਤਾਂ ਵੀ ਮਨ ਦੀ ਮੈਲ ਨਹੀਂ ਲਹਿੰਦੀ। ਮਨ ਵਿਚੋਂ ਹਉਮੈ ਦੀ ਮੈਲ ਨਹੀਂ ਜਾਂਦੀ। ਹੇ ਭਾਈ! ਗੁਰੂ ਦੀ ਸ਼ਰਨ ਪੈਣ ਤੋਂ ਬਿਨਾਂ ਹੋਰ ਕੋਈ ਯਤਨ, ਇਸ ਮਨ ਨੂੰ ਪਵਿੱਤਰ ਨਹੀਂ ਕਰ ਸਕਦਾ। ਜੇ ਗੁਰੂ ਮਿਲ ਪਏ, ਤਾਂ ਮਨ ਦੀ ਬਿਰਤੀ ਸੰਸਾਰ ਵੱਲੋਂ ਉਲਟ ਜਾਂਦੀ ਹੈ। ਤੇ ਮਨ ਦੀ ਐਸੀ ਉੱਚੀ ਦਸ਼ਾ ਬਣ ਜਾਂਦੀ ਹੈ, ਜੋ ਬਿਆਨ ਨਹੀਂ ਕੀਤੀ ਜਾ ਸਕਦੀ।

ਨਾਨਕ ਆਖਦਾ ਹੈ - ਜਿਹੜਾ ਮਨੁੱਖ ਗੁਰੂ ਨੂੰ ਮਿਲ ਕੇ ਵਿਕਾਰਾਂ ਵੱਲੋਂ ਅਛੋਹ ਹੋ ਜਾਂਦਾ ਹੈ। ਤੇ ਫਿਰ ਗੁਰੂ ਦੇ ਸ਼ਬਦ ਵਿਚ ਜੁੜ ਕੇ ਆਤਮਿਕ ਜੀਵਨ ਹਾਸਲ ਕਰ ਲੈਂਦਾ ਹੈ। ਉਸ ਦੇ ਅੰਦਰੋਂ ਮਾਇਆ ਦੀ ਮਮਤਾ ਦੀ ਮੈਲ ਲਹਿ ਜਾਂਦੀ ਹੈ। ਉਸ ਦਾ ਮਨ ਪਵਿੱਤਰ ਹੋ ਜਾਂਦਾ ਹੈ। (ਅੰਗ : 558)

# ਸੁਖਦੇਵ ਸਿੰਘ ਸ਼ਾਂਤ ਦੀਆਂ ਗੁਰਬਾਣੀ ਬਾਰੇ ਤਿੰਨ ਪੁਸਤਕਾਂ

- ਪ੍ਰੋ. ਨਵ ਸੰਗੀਤ ਸਿੰਘ
# 1, ਲਤਾ ਗਰੀਨ ਐਨਕਲੇਵ, ਪਟਿਆਲਾ-147002.
(9417692015)
ਪੰਜਾਬ ਮੇਲ USA





ਸੁਖਦੇਵ ਸਿੰਘ ਸ਼ਾਂਤ ਪਿਛਲੇ ਲਗਭਗ ਇੱਕ ਦਹਾਕੇ ਤੋਂ ਗੁਰਮਤਿ ਸਾਹਿਤ ਦੇ ਅਧਿਐਨ ਵਿਚ ਰੁੱਝੇ ਹੋਏ ਹਨ। ਉਂਜ ਉਨ੍ਹਾਂ ਦਾ ਸਾਹਿਤ ਪ੍ਰਤੀ ਲਗਾਓ ਚਿਰੋਕਣਾ ਹੈ। ਉਨ੍ਹਾਂ ਨੇ ਸਾਹਿਤ ਦੀਆਂ ਵਿਭਿੰਨ ਵਿਧਾਵਾਂ ਵਿਚ ਮੁੱਲਵਾਨ ਕਾਰਜ ਕੀਤਾ ਹੈ, ਜਿਸ ਵਿਚ ਮਿੰਨੀ ਕਹਾਣੀ, ਕਹਾਣੀ, ਕਵਿਤਾ, ਬਾਲ ਸਾਹਿਤ ਤੇ ਗੁਰਮਤਿ ਸਾਹਿਤ ਸ਼ਾਮਲ ਹੈ। ਉਨ੍ਹਾਂ ਵੱਲੋਂ ਲਿਖੀਆਂ ਪੁਸਤਕਾਂ ਵਿਚ ਗੁਰਬਾਣੀ/ਗੁਰਮਤਿ ਦੀਆਂ 8, ਬਾਲ ਸਾਹਿਤ ਦੀਆਂ 10, ਮਿੰਨੀ ਕਹਾਣੀ/ਕਹਾਣੀ ਦੀਆਂ 3, ਕਵਿਤਾ ਦੀ ਇੱਕ ਅਤੇ 4 ਟ੍ਰੈਕਟ ਸ਼ਾਮਲ ਹਨ। ਪੰਜਾਬ ਸਰਕਾਰ ਦੇ ਸਹਿਕਾਰੀ ਸਭਾਵਾਂ ਵਿਭਾਗ ਤੋਂ ਸਹਾਇਕ ਰਜਿਸਟਰਾਰ ਵਜੋਂ ਸੇਵਾਮੁਕਤ ਸ. ਸ਼ਾਂਤ ਜੀਵਨ ਦੀਆਂ 74 ਬਹਾਰਾਂ ਮਾਣ ਚੁੱਕੇ ਹਨ। ਉਹ ਮੂਲ ਤੌਰ 'ਤੇ ਪਟਿਆਲਾ ਦੇ ਰਹਿਣ ਵਾਲੇ ਹਨ ਪਰ ਅਕਸਰ ਆਪਣੇ ਬੱਚਿਆਂ ਕੋਲ ਅਮਰੀਕਾ (ਇੰਡੀਆਨਾ) ਆਉਂਦੇ-ਜਾਂਦੇ ਰਹਿੰਦੇ ਹਨ।


ਧਾਰਮਿਕ ਅਧਿਐਨ ਤੇ ਅੰਗਰੇਜ਼ੀ ਵਿਚ ਐੱਮ.ਏ., ਗਿਆਨੀ ਅਤੇ ਹਾਇਰ ਡਿਪਲੋਮਾ ਇਨ ਕੋਆਪ੍ਰੇਸ਼ਨ ਦੀ ਯੋਗਤਾ ਪ੍ਰਾਪਤ ਸ. ਸ਼ਾਂਤ ਨੂੰ ਭਾਸ਼ਾ ਵਿਭਾਗ ਪੰਜਾਬ, ਡਾ. ਗੰਡਾ ਸਿੰਘ ਮੈਮੋਰੀਅਲ ਟਰੱਸਟ ਪਟਿਆਲਾ, ਪੰਜਾਬੀ ਸਾਹਿਤ ਸਭਾ ਪਟਿਆਲਾ, ਕੇਂਦਰੀ ਪੰਜਾਬੀ ਮਿੰਨੀ ਕਹਾਣੀ ਲੇਖਕ ਮੰਚ ਪਟਿਆਲਾ ਆਦਿ ਸੰਸਥਾਵਾਂ ਵੱਲੋਂ ਸਨਮਾਨਿਤ ਅਤੇ ਪੁਰਸਕ੍ਰਿਤ ਕੀਤਾ ਜਾ ਚੁੱਕਾ ਹੈ। ਹੱਥਲੇ ਨਿਬੰਧ ਵਿਚ ਉਨ੍ਹਾਂ ਦੀਆਂ ਪਿਛਲੇ ਸਮੇਂ ਵਿਚ ਛਪੀਆਂ ਤਿੰਨ ਗੁਰਬਾਣੀ ਪੁਸਤਕਾਂ ਦਾ ਲੇਖਾ-ਜੋਖਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

(1)

2025 ਵਿਚ ਪ੍ਰਕਾਸ਼ਿਤ 'ਗਿਆਰਾਂ ਭੱਟ ਸਾਹਿਬਾਨ' ਸੁਖਦੇਵ ਸਿੰਘ ਸ਼ਾਂਤ ਦੀ ਗੁਰਬਾਣੀ ਨਾਲ ਸੰਬੰਧਿਤ ਛੇਵੀਂ ਪੁਸਤਕ ਹੈ, ਜਿਸਦਾ ਪ੍ਰਕਾਸ਼ਨ ਸਿੰਘ ਬ੍ਰਦਰਜ਼ ਅੰਮ੍ਰਿਤਸਰ ਨੇ ਕੀਤਾ ਹੈ। 198 ਪੰਨਿਆਂ ਦੀ ਇਸ ਕਿਤਾਬ ਦਾ ਮੁੱਲ 350/- ਰੁਪਏ ਹੈ। (ਇਸ ਤੋਂ ਪਹਿਲਾਂ ਛਪੀਆਂ ਪੁਸਤਕਾਂ ਹਨ- ਪੰਦਰਾਂ ਭਗਤ ਸਾਹਿਬਾਨ, 2018; ਗੁਰਮਤਿ ਦ੍ਰਿਸ਼ਟੀ, 2021; ਗੁਰਬਾਣੀ: ਇੱਕ ਜੀਵਨ ਜਾਚ, 2022; ਭਗਤ ਬਾਣੀ ਵਿਚਾਰ, 2024; ਜਪੁਜੀ ਤੇ ਹੋਰ ਬਾਣੀਆਂ, 2025)। ਇਸ ਕਿਤਾਬ ਵਿਚ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਉਸਤਤਿ ਵਿਚ ਸਵੱਈਏ ਲਿਖਣ ਵਾਲੇ 11 ਭੱਟ ਸਾਹਿਬਾਨ ਬਾਰੇ ਵਿਸਤ੍ਰਿਤ ਵੇਰਵਾ ਦਰਜ ਹੈ। ਇਹ ਸਵੱਈਏ ਗੁਰੂ ਗ੍ਰੰਥ ਸਾਹਿਬ ਦੇ ਅੰਗ 1389 ਤੋਂ 1409 ਤੱਕ ਦਰਜ ਹਨ, ਜਿਨ੍ਹਾਂ ਦੀ ਗਿਣਤੀ 123 ਹੈ। ਇਸ ਪੁਸਤਕ ਦੇ ਚਾਰ ਅਧਿਆਇ ਬਣਾਏ ਗਏ ਹਨ। ਪਹਿਲੇ ਅਧਿਆਇ ਵਿਚ ਭੱਟ ਸਾਹਿਬਾਨ ਦੀ ਗਿਣਤੀ, ਉਨ੍ਹਾਂ ਦੇ ਮੁਖੀ ਅਤੇ ਸਵੱਈਏ ਉਚਾਰਣ ਦੇ ਸਮੇਂ-ਸਥਾਨ ਬਾਰੇ ਦੱਸਿਆ ਗਿਆ ਹੈ; ਦੂਜੇ ਅਧਿਆਇ ਵਿਚ 11 ਭੱਟ ਸਾਹਿਬਾਨ (ਭੱਟ ਭਿਖਾ ਜੀ, ਭੱਟ ਮਥੁਰਾ ਜੀ, ਭੱਟ ਜਾਲਪ ਜੀ, ਭੱਟ ਕੀਰਤ ਜੀ, ਭੱਟ ਸੱਲ ਜੀ, ਭੱਟ ਭਲ ਜੀ, ਭੱਟ ਬਲ ਜੀ, ਭੱਟ ਹਰਿਬੰਸ ਜੀ, ਭੱਟ ਕਲਸਹਾਰ ਜੀ, ਭੱਟ ਗਯੰਦ ਜੀ, ਭੱਟ ਨਲ ਜੀ) ਦੇ ਜੀਵਨ-ਸਮਾਚਾਰ ਅਤੇ ਉਨ੍ਹਾਂ ਦੇ ਪਿਛੋਕੜ ਨੂੰ ਉਲੀਕਿਆ ਗਿਆ ਹੈ; ਤੀਜੇ ਅਧਿਆਇ ਵਿਚ ਇਨ੍ਹਾਂ ਭੱਟ ਸਾਹਿਬਾਨ ਦੀ ਬਾਣੀ ਦੇ ਵਿਸ਼ੇ-ਵਸਤੂ ਬਾਰੇ ਗੰਭੀਰ ਚਰਚਾ ਕੀਤੀ ਗਈ ਹੈ; ਚੌਥੇ ਅਧਿਆਇ ਵਿਚ ਭੱਟ ਸਾਹਿਬਾਨ ਦੀ ਬਾਣੀ ਦੇ ਸਾਹਿਤਕ ਪੱਖ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਅੰਤਿਕਾ ਵਿਚ ਛੰਦ ਪ੍ਰਬੰਧ (ਪਿੰਗਲ/ਅਰੂਜ਼)- ਮਾਤ੍ਰਿਕ ਛੰਦ, ਵਰਣਿਕ ਛੰਦ, ਗਣਿਲ ਛੰਦ ਆਦਿ ਬਾਰੇ ਸੰਖਿਪਤ ਜਾਣਕਾਰੀ ਸਾਂਝੀ ਕੀਤੀ ਗਈ ਹੈ। ਪੁਸਤਕ ਦੇ ਅੰਤ ਵਿਚ ਸਹਾਇਕ ਪੁਸਤਕ ਸੂਚੀ ਸ਼ਾਮਲ ਕੀਤੀ ਗਈ ਹੈ। ਇਸ ਕਿਤਾਬ ਦਾ ਮੁੱਖਬੰਦ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਪ੍ਰੋ. ਮਨਜੀਤ ਸਿੰਘ ਨੇ ਲਿਖਿਆ ਹੈ। ਉਨ੍ਹਾਂ ਦਾ ਕਥਨ ਹੈ, "ਇਸ ਪੁਸਤਕ ਦੀ ਜਿਹੜੀ ਇੱਕ ਵਿਸ਼ੇਸ਼ਤਾ ਨੇ ਮੈਨੂੰ ਪ੍ਰਭਾਵਿਤ ਕੀਤਾ ਹੈ, ਉਹ ਹੈ ਬਹੁਤ ਸਰਲ ਭਾਸ਼ਾ ਵਿਚ, ਪਰ ਅਕਾਦਮਿਕ ਪੱਧਰ ਵਾਲੀ ਵਰਣਨ ਸ਼ੈਲੀ। ਬਹੁਤ ਹੀ ਸੁੰਦਰ ਢੰਗ ਨਾਲ ਭੱਟ ਬਾਣੀ ਅਤੇ ਭੱਟ ਸਾਹਿਬਾਨ ਦੇ ਅਧਿਆਤਮਕ, ਇਤਿਹਾਸਕ ਅਤੇ ਸਾਹਿਤਕ ਦਰਸ਼ਨ 'ਸ਼ਾਂਤ' ਹੋਰਾਂ ਨੇ ਕਰਾਏ ਹਨ।" (12)




ਇਸ ਪੁਸਤਕ ਵਿਚ ਵਿਦਵਾਨ ਲੇਖਕ ਨੇ ਭੱਟ ਸਾਹਿਬਾਨ ਦੇ ਵੱਖ-ਵੱਖ ਨਾਵਾਂ ਨੂੰ ਤਰਕ ਦੀ ਦ੍ਰਿਸ਼ਟੀ ਨਾਲ ਸਮਝਾਇਆ ਹੈ ਅਤੇ ਇਨ੍ਹਾਂ ਭੱਟ ਸਾਹਿਬਾਨ ਦੇ ਮੁਖੀ ਵਜੋਂ ਭੱਟ ਭਿਖਾ ਜੀ ਨੂੰ ਅੰਕਿਤ ਕੀਤਾ ਹੈ। ਇਨ੍ਹਾਂ ਸਵੱਈਆਂ ਦੇ ਕਰਤਾ ਵਜੋਂ ਭੱਟ ਭਿਖਾ ਜੀ ਤੋਂ ਬਿਨਾਂ ਭਿਖਾ ਜੀ ਦੇ ਤਿੰਨ ਸਪੁੱਤਰ ਹਨ - ਭੱਟ ਮਥੁਰਾ, ਭੱਟ ਜਾਲਪ, ਭੱਟ ਕੀਰਤ; ਭੱਟ ਸਲ ਤੇ ਭੱਟ ਭਲ ਭੱਟ ਭਿਖਾ ਜੀ ਦੇ ਦੂਜੇ ਭਰਾ ਸੋਖਾ ਜੀ ਦੇ ਸਪੁੱਤਰ ਹਨ; ਭੱਟ ਬਲ ਭੱਟ ਭਿਖਾ ਜੀ ਦੇ ਤੀਜੇ ਭਰਾ ਤੋਖਾ ਜੀ ਦੇ ਸਪੁੱਤਰ ਹਨ; ਭੱਟ ਹਰਿਬੰਸ ਭੱਟ ਭਿਖਾ ਜੀ ਦੇ ਚੌਥੇ ਭਰਾ ਗੋਖਾ ਜੀ ਦੇ ਸਪੁੱਤਰ ਹਨ; ਭੱਟ ਕਲਸਹਾਰ ਤੇ ਭੱਟ ਗਯੰਦ ਭੱਟ ਭਿਖਾ ਜੀ ਦੇ ਪੰਜਵੇਂ ਭਰਾ ਚੋਖਾ ਜੀ ਦੇ ਸਪੁੱਤਰ ਹਨ। 11ਵੇਂ ਭੱਟ ਨਲ ਜੀ ਦੇ ਇਨ੍ਹਾਂ 10 ਭੱਟ ਸਾਹਿਬਾਨ ਨਾਲ ਦੁਨਿਆਵੀ ਰਿਸ਼ਤੇ ਬਾਰੇ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ।

(2)

ਸਾਲ 2026 ਦੇ ਆਰੰਭ ਵਿਚ ਛਪੀ ਪੁਸਤਕ 'ਅਨੰਦੁ ਸਾਹਿਬ ਤੇ ਹੋਰ ਬਾਣੀਆਂ' (ਸੰਗਮ ਪਬਲੀਕੇਸ਼ਨਜ਼ ਸਮਾਣਾ, ਪੰਨੇ 167, ਮੁੱਲ 295/- ਰੁਪਏ) ਵਿਚ ਸੁਖਦੇਵ ਸਿੰਘ ਸ਼ਾਂਤ ਨੇ 7 ਬਾਣੀਆਂ (ਗੁਰੂ ਅੰਗਦ ਦੇਵ ਜੀ ਦੇ 63 ਸਲੋਕ; ਅਨੰਦੁ ਸਾਹਿਬ; ਆਸਾ ਮਹਲਾ ੩ ਪਟੀ; ਲਾਵਾਂ; ਬਾਵਨ ਅਖਰੀ ਭਗਤ ਕਬੀਰ ਜੀ; ਸਦੁ; ਸਤਾ ਅਤੇ ਬਲਵੰਡ ਦੀ ਰਾਮਕਲੀ ਕੀ ਵਾਰ) ਦਾ ਨਿਕਟਵਰਤੀ ਅਧਿਐਨ ਕੀਤਾ ਹੈ। ਇਸ ਪੁਸਤਕ ਦਾ ਮੁੱਖਬੰਦ 'ਗੁਰਮਤਿ ਪ੍ਰਕਾਸ਼' ਦੇ ਸਹਿ-ਸੰਪਾਦਕ ਬਿਕਰਮਜੀਤ ਸਿੰਘ ਜੀਤ ਨੇ ਲਿਖਿਆ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਦਰਜ 22 ਵਾਰਾਂ ਵਿਚੋਂ 9 ਵਾਰਾਂ ਵਿਚ ਗੁਰੂ ਅੰਗਦ ਦੇਵ ਜੀ ਦੇ ਸਲੋਕ ਸ਼ਾਮਲ ਹਨ। ਇਹ ਹਨ- ਸਿਰੀ ਰਾਗ ਕੀ ਵਾਰ ਮਹਲਾ ੪ (2 ਸਲੋਕ), ਮਾਝ ਕੀ ਵਾਰ ਮਹਲਾ ੧ (12 ਸਲੋਕ), ਆਸਾ ਕੀ ਵਾਰ ਮਹਲਾ ੧ (15 ਸਲੋਕ), ਸੋਰਠਿ ਕੀ ਵਾਰ ਮਹਲਾ ੪ (1 ਸਲੋਕ), ਸੂਹੀ ਕੀ ਵਾਰ ਮਹਲਾ ੩ (11 ਸਲੋਕ), ਰਾਮਕਲੀ ਕੀ ਵਾਰ ਮਹਲਾ ੩ (7 ਸਲੋਕ), ਮਾਰੂ ਕੀ ਵਾਰ ਮਹਲਾ ੩ (1 ਸਲੋਕ), ਸਾਰੰਗ ਕੀ ਵਾਰ ਮਹਲਾ ੪ (9 ਸਲੋਕ), ਮਲਾਰ ਕੀ ਵਾਰ ਮਹਲਾ ੧ (5 ਸਲੋਕ)। ਇਨ੍ਹਾਂ ਸਲੋਕਾਂ ਦੇ ਵਿਸ਼ਾ ਵਸਤੂ ਵਿਚ ਲੇਖਕ ਅਨੁਸਾਰ ਗੁਰੂ ਦੀ ਲੋੜ ਅਤੇ ਮਹੱਤਤਾ, ਨਾਮ ਅਤੇ ਸਿਮਰਨ, ਬਿਰਹਾ ਦਾ ਸੰਕਲਪ, ਪ੍ਰਭੂ ਪ੍ਰੀਤ ਦੇ ਗੁਣ, ਹਉਮੈ ਦਾ ਦਾਰਸ਼ਨਿਕ ਸਿਧਾਂਤ, ਪ੍ਰਮਾਤਮਾ ਦੀ ਸਿਫ਼ਤ, ਮੌਤ ਦਾ ਵਿਚਾਰ ਅਤੇ ਨੈਤਿਕਤਾ ਦੀ ਸਿੱਖਿਆ, ਚਿੰਤਾ ਦਾ ਰੋਗ, ਅੰਮ੍ਰਿਤ ਵੇਲੇ ਦਾ ਮਹੱਤਵ, ਸਤਿਸੰਗਤ ਦੀ ਮਹਿਮਾ, ਪ੍ਰਕਿਰਤੀ ਚਿਤਰਣ ਅਤੇ ਕੁਦਰਤ ਪ੍ਰੇਮ, ਅਸਲ ਵਿਚ ਅੰਨ੍ਹਾ ਕੌਣ, ਤਤਕਾਲੀਨ ਸਮਾਜਿਕ ਦਸ਼ਾ, ਜਾਤ-ਪਾਤ/ਵਰਣ ਵੰਡ ਦਾ ਵਰਣਨ, ਜੀਵਤ-ਮਰਣ ਦੀ ਅਵਸਥਾ, ਕੌਣ ਸਿਆਣਾ- ਵੈਦ, ਡਾਕਟਰ ਜਾਂ ਉਪਦੇਸ਼ਕ ਦਾ ਜ਼ਿਕਰ ਹੋਇਆ ਹੈ। ਗੁਰੂ ਸਾਹਿਬ ਦੇ ਸਲੋਕਾਂ ਦੇ ਸਾਹਿਤਕ ਪੱਖ ਵਿਚ ਅਲੰਕਾਰ, ਅਖਾਣ, ਮੁਹਾਵਰੇ, ਸ਼ਬਦਾਵਲੀ, ਕਾਵਿ ਰਸ ਨੂੰ ਵਿਸਤਾਰ ਸਹਿਤ ਪ੍ਰਗਟਾਇਆ ਗਿਆ ਹੈ।

ਅਨੰਦੁ ਸਾਹਿਬ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਅੰਗ 917 ਤੋਂ 922 ਤੱਕ ਦਰਜ ਹੈ। ਲੇਖਕ ਦੱਸਦਾ ਹੈ ਕਿ ਇਸ ਬਾਣੀ ਦੀਆਂ 7 ਪਉੜੀਆਂ ਛੇ-ਛੇ ਪੰਕਤੀਆਂ ਦੀਆਂ ਹਨ ਤੇ 33 ਪਉੜੀਆਂ ਪੰਜ-ਪੰਜ ਪੰਕਤੀਆਂ ਦੀਆਂ। ਲੇਖਕ ਮੁਤਾਬਕ ਇਹ ਬਾਣੀ ਅਨੰਦ ਦੀ ਪ੍ਰਾਪਤੀ, ਪ੍ਰਮਾਤਮਾ ਦੀ ਹਸਤੀ, ਸਤਿਗੁਰੂ ਦੀ ਲੋੜ ਤੇ ਮਹੱਤਤਾ, ਸੱਚੀ ਬਾਣੀ ਤੇ ਕੱਚੀ ਬਾਣੀ ਦਾ ਅੰਤਰ, ਮਨੁੱਖੀ ਸਰੀਰ ਤੇ ਮਨ ਨੂੰ ਸੰਬੋਧਨ, ਨੈਤਿਕਤਾ/ਸਦਾਚਾਰ ਦੀ ਮਹਾਨਤਾ ਬਾਰੇ ਵੱਡਮੁੱਲੀ ਜਾਣਕਾਰੀ ਦਿੰਦੀ ਹੈ। ਇਸਦੇ ਦੂਜੇ ਅਧਿਆਇ ਵਿਚ ਲੇਖਕ ਨੇ ਇਸ ਬਾਣੀ ਵਿਚ ਵਰਤੇ ਗਏ ਮੁੱਖ ਅਲੰਕਾਰ, ਅਖਾਣ, ਮੁਹਾਵਰੇ, ਸ਼ਬਦਾਵਲੀ, ਕਾਵਿ ਰਸ ਬਾਰੇ ਵਿਚਾਰ ਪ੍ਰਗਟ ਕੀਤੇ ਹਨ।

ਆਸਾ ਮਹਲਾ ੩ ਪਟੀ ਗੁਰੂ ਗ੍ਰੰਥ ਸਾਹਿਬ ਦੇ ਅੰਗ 434-435 'ਤੇ ਸੁਸ਼ੋਭਿਤ ਹੈ। ਲੇਖਕ ਨੇ ਇਸ ਬਾਣੀ ਦਾ ਵਿਸ਼ਲੇਸ਼ਣ ਕਰਦਿਆਂ ਲਿਖਿਆ ਹੈ ਕਿ ਇਸਦੇ 8 ਪਦੇ ਹਨ, ਜਿਸ ਵਿਚ ਇੱਕ ਪਦਾ ਰਹਾਉ ਦਾ ਵੀ ਹੈ, ਜੋ ਪਹਿਲੇ ਪਦੇ ਤੋਂ ਬਾਦ ਹੈ। ਪੱਟੀ ਦੇ ਸਿਰਲੇਖ, ਅਸਲ ਵਿਦਿਆ/ਅਸਲ ਗਿਆਨ, ਵਿਦਿਆ ਦਾ ਵਪਾਰ, ਸਤਿਗੁਰੂ ਦੀ ਲੋੜ ਤੇ ਮਹੱਤਤਾ, ਕਰਮ ਸਿਧਾਂਤ ਤੇ ਨੈਤਿਕਤਾ ਬਾਰੇ ਵਿਚਾਰ ਕਰਨ ਪਿੱਛੋਂ ਲੇਖਕ ਇਸ ਵਿਚਲੇ ਅਲੰਕਾਰਾਂ, ਅਖਾਣਾਂ, ਮੁਹਾਵਰਿਆਂ, ਸ਼ਬਦਾਵਲੀ ਤੇ ਕਾਵਿ ਰਸ ਦੀ ਨਿਸ਼ਾਨਦੇਹੀ ਕਰਦਾ ਹੈ।

ਲਾਵਾਂ ਬਾਣੀ, ਜੋ ਗੁਰੂ ਗ੍ਰੰਥ ਸਾਹਿਬ ਦੇ ਅੰਗ 773-774 'ਤੇ ਹੈ, ਸਿੱਖ ਸੰਸਕਾਰਾਂ ਵਿਚ ਅਨੰਦ ਕਾਰਜ ਨਾਲ ਸੰਬੰਧਿਤ ਹੈ। ਆਦਿ ਗ੍ਰੰਥ ਵਿਚ ਇਸਦਾ ਕੋਈ ਸਿਰਲੇਖ ਨਹੀਂ ਦਿੱਤਾ ਗਿਆ। ਲੇਖਕ ਨੇ ਸਪੱਸ਼ਟ ਕੀਤਾ ਹੈ ਕਿ ਇਸ ਵਿਚ ਪ੍ਰਵਿਰਤੀ ਕਰਮ, ਨਿਰਮਲ ਭਉ ਦੀ ਪ੍ਰਾਪਤੀ, ਵੈਰਾਗਮਈ ਖੁਸ਼ੀ ਦੀ ਪ੍ਰਾਪਤੀ, ਸਹਿਜ ਦੀ ਪ੍ਰਾਪਤੀ ਆਦਿ ਵਿਸ਼ੇ ਦ੍ਰਿਸ਼ਟੀਗੋਚਰ ਹੋਏ ਹਨ।

ਬਾਵਨ ਅਖਰੀ ਕਬੀਰ ਜੀ ਦਾ ਉਲੇਖ ਗੁਰੂ ਗ੍ਰੰਥ ਸਾਹਿਬ ਵਿਚ ਅੰਗ 340-343 'ਤੇ ਹੈ। ਇਸ ਵਿਚ ਪ੍ਰਮਾਤਮਾ ਦੀ ਹੋਂਦ/ਹਸਤੀ, ਮਨ ਦਾ ਸੰਕਲਪ, ਅੱਖਰੀ ਵਿਦਿਆ ਤੇ ਬ੍ਰਹਮ ਗਿਆਨ, ਸਦਾਚਾਰਕ ਜੀਵਨ ਜਾਚ ਜਿਹੇ ਵਿਸ਼ਿਆਂ ਦੀ ਜਾਣਕਾਰੀ ਦੇ ਕੇ ਲੇਖਕ ਨੇ ਸਾਹਿਤਕ ਪੱਖ ਵਿਚ ਅਲੰਕਾਰ, ਅਖਾਣ, ਮੁਹਾਵਰੇ, ਸ਼ਬਦਾਵਲੀ ਤੇ ਕਾਵਿ ਰਸ ਬਾਰੇ ਜ਼ਿਕਰ ਕੀਤਾ ਹੈ।

ਬਾਬਾ ਸੁੰਦਰ ਜੀ ਦੀ ਲਿਖੀ ਸਦੁ ਬਾਣੀ ਦਾ ਵੇਰਵਾ ਆਦਿ ਗ੍ਰੰਥ ਦੇ ਅੰਗ 923-924 'ਤੇ ਉਪਲਬਧ ਹੈ। ਇਸ ਦੀਆਂ 6 ਪਉੜੀਆਂ ਹਨ। ਇਸ ਬਾਣੀ ਵਿਚ ਇੱਕੋ ਗੁਰੂ ਜੋਤਿ, ਗੁਰੂ ਅਮਰਦਾਸ ਜੀ ਦਾ ਜੋਤੀ ਜੋਤਿ ਸਮਾਉਣਾ, ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਸੌਂਪਣਾ ਪ੍ਰਮੁੱਖ ਵਿਸ਼ੇ ਹਨ, ਜਦਕਿ ਕਲਾ ਪੱਖ ਵਿਚ ਲੇਖਕ ਨੇ ਛੰਦ, ਅਲੰਕਾਰ, ਮੁਹਾਵਰੇ, ਸ਼ਬਦਾਵਲੀ ਦੀ ਵਿਆਖਿਆ ਕੀਤੀ ਹੈ।

ਸਤਾ ਬਲਵੰਡ ਵੱਲੋਂ ਉਚਾਰੀ ਰਾਮਕਲੀ ਕੀ ਵਾਰ ਗੁਰੂ ਗ੍ਰੰਥ ਸਾਹਿਬ ਵਿਚ ਅੰਗ 966-968 'ਤੇ ਦਰਜ ਹੈ। ਇਸਦੀਆਂ 8 ਪਉੜੀਆਂ ਹਨ। ਲੇਖਕ ਮੁਤਾਬਕ ਇਸ ਬਾਣੀ ਦੇ ਵਿਸ਼ਾ-ਵਸਤੂ ਵਿਚ ਗੁਰਿਆਈ/ਗੁਰਗੱਦੀ ਦੀ ਬਖਸ਼ਿਸ਼, ਇੱਕੋ ਜੋਤਿ ਤੇ ਗੁਰ ਪਰਮੇਸ਼ਰ, ਗੁਰੂ ਉਸਤਤਿ ਰਾਹੀਂ ਭਗਤੀ ਤੇ ਸਦਾਚਾਰ ਦਾ ਉਪਦੇਸ਼ ਨੂੰ ਪ੍ਰਸਤੁਤ ਕੀਤਾ ਗਿਆ ਹੈ। ਇਸ ਬਾਣੀ ਦੇ ਸਾਹਿਤਕ ਮਹੱਤਵ ਵਿਚ ਅਲੰਕਾਰ, ਮੁਹਾਵਰੇ, ਸ਼ਬਦਾਵਲੀ ਤੇ ਕਾਵਿ ਰਸ ਦੀ ਵਿਆਖਿਆ ਮਿਲਦੀ ਹੈ।

ਬਾਣੀਆਂ ਦੇ ਅਧਿਐਨ ਤੇ ਵਿਸ਼ਲੇਸ਼ਣ ਪਿੱਛੋਂ ਪੁਸਤਕ ਦੇ ਅੰਤ ਵਿਚ ਪੁਸਤਕ ਸੂਚੀ ਦਾ ਵੇਰਵਾ ਦਿੱਤਾ ਗਿਆ ਹੈ।

(3)

ਇਸੇ ਸਾਲ (2026 ਵਿਚ) ਸੁਖਦੇਵ ਸਿੰਘ ਸ਼ਾਂਤ ਦੀ ਪੁਸਤਕ 'ਸੁਖਮਨੀ ਸਾਹਿਬ ਤੇ ਹੋਰ ਬਾਣੀਆਂ' ਸੰਗਮ ਪਬਲੀਕੇਸ਼ਨਜ਼ ਸਮਾਣਾ ਨੇ ਪ੍ਰਕਾਸ਼ਿਤ ਕੀਤੀ ਹੈ। 167 ਪੰਨਿਆਂ ਦੀ ਇਸ ਕਿਤਾਬ ਦਾ ਮੁੱਲ 295/- ਰੁਪਏ ਹੈ। ਇਸ ਪੁਸਤਕ ਵਿਚ ਸੁਖਮਨੀ ਸਾਹਿਬ ਸਮੇਤ ਬਾਰਹ ਮਾਹਾ ਮਾਝ, ਬਾਵਨ ਅਖਰੀ ਮਹਲਾ ੫ ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਅਧਿਐਨ ਮਿਲਦਾ ਹੈ। ਇਸ ਪੁਸਤਕ ਦਾ ਮੁੱਖਬੰਦ ਗੁਰਮਤਿ ਪ੍ਰਕਾਸ਼/ਗੁਰਮਤਿ ਗਿਆਨ ਦੇ ਸੰਪਾਦਕ ਸਤਵਿੰਦਰ ਸਿੰਘ ਫੂਲਪੁਰ ਨੇ ਲਿਖਿਆ ਹੈ।

ਸੁਖਮਨੀ ਸਾਹਿਬ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਅੰਗ 262-296 'ਤੇ ਦਰਜ ਹੈ। ਲੇਖਕ ਨੇ ਇਸ ਬਾਣੀ ਦੇ ਅਧਿਐਨ ਵਿਚ ਸੁਖਮਨੀ ਸਾਹਿਬ ਦੀ ਬਣਤਰ, ਨਾਮ ਸਿਮਰਨ ਰਾਹੀਂ ਆਤਮਿਕ ਸੁੱਖ ਦੀ ਪ੍ਰਾਪਤੀ, ਪ੍ਰਮਾਤਮਾ ਦੀ ਹੋਂਦ ਤੇ ਹਸਤੀ, ਸ੍ਰਿਸ਼ਟੀ ਰਚਨਾ ਅਤੇ ਸ੍ਰਿਸ਼ਟੀ ਦੀ ਵਿਸ਼ਾਲਤਾ, ਮਨੁੱਖੀ ਜੀਵਨ ਦਾ ਧਾਰਮਿਕ ਤੇ ਸਦਾਚਾਰਕ ਪੱਖ, ਸਤਿਗੁਰੂ ਦੀ ਵਡਿਆਈ ਤੇ ਬਖ਼ਸ਼ਿਸ਼ ਬਾਰੇ ਵਿਸਤ੍ਰਿਤ ਚਰਚਾ ਕੀਤੀ ਹੈ। ਇਸਦੇ ਸਾਹਿਤਕ ਪੱਖ ਵਿਚ ਅਲੰਕਾਰ, ਸ਼ਬਦਾਵਲੀ, ਕਾਵਿ ਰਸ ਤੇ ਛੰਦ ਬਾਰੇ ਜਾਣਕਾਰੀ ਦਿੱਤੀ ਹੈ।

ਬਾਰਹ ਮਾਹਾ ਮਾਝ ਬਾਣੀ ਆਦਿ ਗ੍ਰੰਥ ਵਿਚ 133-136 ਅੰਗ 'ਤੇ ਸੁਸ਼ੋਭਿਤ ਹੈ। ਲੇਖਕ ਨੇ ਇਸ ਕਾਵਿ ਰੂਪ ਬਾਰੇ ਜਾਣਕਾਰੀ ਦੇਣ ਪਿੱਛੋਂ ਬਾਰਹ ਮਾਹਾ ਮਾਝ ਦੀ ਬਣਤਰ, ਪ੍ਰਮਾਤਮਾ ਦੀ ਹਸਤੀ, ਜੀਵਾਤਮਾ ਦਾ ਪ੍ਰਮਾਤਮਾ ਨਾਲੋਂ ਵਿਛੋੜਾ, ਜੀਵਾਤਮਾ ਦਾ ਪ੍ਰਮਾਤਮਾ ਨਾਲ ਮਿਲਾਪ, ਥਿਤਾਂ-ਵਾਰਾਂ-ਦਿਨਾਂ ਬਾਰੇ ਗੁਰਮਤਿ ਦਾ ਸਿੱਧਾਂਤ, ਬਾਰਹ ਮਾਹਾ ਮਾਝ ਅਤੇ ਬਾਰਹ ਮਾਹਾ ਤੁਖਾਰੀ ਵਿਚ ਸਾਂਝ ਤੇ ਸਮਾਨਤਾ ਨੂੰ ਸਪੱਸ਼ਟ ਕੀਤਾ ਹੈ। ਫਿਰ ਇਸ ਬਾਣੀ ਵਿਚ ਮਿਲਦੇ ਅਲੰਕਾਰ, ਅਖਾਣ, ਮੁਹਾਵਰੇ, ਸ਼ਬਦਾਵਲੀ, ਕਾਵਿ ਰਸ ਦਾ ਉਲੇਖ ਕੀਤਾ ਹੈ।

ਬਾਵਨ ਅਖਰੀ ਮਹਲਾ ੫ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਅੰਗ 250-262 'ਤੇ ਸੁਭਾਇਮਾਨ ਹੈ। ਲੇਖਕ ਨੇ ਇਸ ਬਾਣੀ ਦੀ ਬਣਤਰ, ਪ੍ਰਮਾਤਮਾ ਦੀ ਹੋਂਦ ਤੇ ਹਸਤੀ, ਸਤਿਗੁਰੂ ਦੀ ਹਸਤੀ, ਮਾਇਆ ਦਾ ਸੰਕਲਪ, ਜੀਵਨ ਜਾਚ ਅਤੇ ਸਦਾਚਾਰਕ ਪੱਖ, ਅੱਖਰੀ ਵਿਦਿਆ ਦੀ ਮਹੱਤਤਾ ਨੂੰ ਸਪੱਸ਼ਟ ਕਰਨ ਪਿੱਛੋਂ ਇਸ ਵਿਚ ਆਏ ਅਲੰਕਾਰਾਂ, ਅਖਾਣਾਂ, ਮੁਹਾਵਰਿਆਂ, ਸ਼ਬਦਾਵਲੀ ਤੇ ਕਾਵਿ ਰਸ ਦਾ ਬੋਧ ਕਰਵਾਇਆ ਹੈ।

ਪੁਸਤਕ ਵਿਚ ਆਖਰੀ ਬਾਣੀ ਵਜੋਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਜ਼ਿਕਰ ਹੈ, ਜੋ ਆਦਿ ਗ੍ਰੰਥ ਦੇ 15 ਰਾਗਾਂ ਵਿਚ 59 ਸ਼ਬਦਾਂ ਅਤੇ ਸਲੋਕ ਮਹਲਾ ੯ ਅਧੀਨ 57 ਸਲੋਕਾਂ (ਅੰਗ 1426-1429) ਵਿਚ ਸ਼ਾਮਲ ਹੈ। ਲੇਖਕ ਨੇ ਗੁਰੂ ਜੀ ਦੀ ਬਾਣੀ ਵਿਚ ਪ੍ਰਮਾਤਮਾ ਦੀ ਹੋਂਦ ਤੇ ਹਸਤੀ, ਨਾਮ ਸਿਮਰਨ ਦੀ ਮਹਿਮਾ, ਜਗਤ ਅਤੇ ਜੀਵਨ ਬਾਰੇ ਦ੍ਰਿਸ਼ਟੀਕੋਣ, ਮਨੁੱਖੀ ਮਨ, ਮਾਨਵਵਾਦੀ ਦ੍ਰਿਸ਼ਟੀਕੋਣ, ਅਧਿਆਤਮਕ ਗ੍ਰੰਥਾਂ ਦੇ ਉਪਦੇਸ਼ ਦੀ ਪਾਲਣਾ, ਵਰਤਮਾਨ ਦੀ ਸੰਭਾਲ ਆਦਿ ਪੱਖਾਂ ਬਾਰੇ ਵਿਸਤ੍ਰਿਤ ਵਿਚਾਰ ਪੇਸ਼ ਕੀਤੇ ਹਨ। ਆਪ ਦੀ ਬਾਣੀ ਦੇ ਸਾਹਿਤਕ ਪੱਖ ਵਿਚ ਲੇਖਕ ਨੇ ਅਲੰਕਾਰ, ਅਖਾਣ, ਮੁਹਾਵਰੇ, ਸ਼ਬਦਾਵਲੀ, ਛੰਦ ਪ੍ਰਬੰਧ, ਕਾਵਿ ਰਸ ਦਾ ਉਲੇਖ ਕੀਤਾ ਹੈ।

ਇਨ੍ਹਾਂ ਬਾਣੀਆਂ ਬਾਰੇ ਦੀਰਘ ਵਿਚਾਰ ਕਰਨ ਪਿੱਛੋਂ ਲੇਖਕ ਨੇ ਪੁਸਤਕ ਦੇ ਅੰਤ ਵਿਚ ਸਹਾਇਕ ਪੁਸਤਕ ਸੂਚੀ ਦਿੱਤੀ ਹੈ।

ਸ. ਸੁਖਦੇਵ ਸਿੰਘ ਸ਼ਾਂਤ ਨੇ ਉਪਰੋਕਤ ਬਾਣੀਆਂ ਦੇ ਅਧਿਐਨ ਤੇ ਵਿਸ਼ਲੇਸ਼ਣ ਨੂੰ ਬਹੁਤ ਹੀ ਗੰਭੀਰਤਾ ਨਾਲ ਪ੍ਰਸਤੁਤ ਕੀਤਾ ਹੈ। ਇਨ੍ਹਾਂ ਦੀ ਭਾਸ਼ਾ-ਸ਼ੈਲੀ ਸਾਧਾਰਨ ਪਾਠਕ ਦੇ ਸਮਝ ਵਿਚ ਆਉਣ ਵਾਲੀ ਹੈ, ਜਿਸਨੂੰ ਪੜ੍ਹ ਕੇ ਸੂਖਮ ਤੇ ਬਰੀਕ ਵਿਸ਼ਿਆਂ ਦੀ ਜਾਣਕਾਰੀ ਮਿਲਦੀ ਹੈ। ਨਿਕਟ-ਭਵਿੱਖ ਵਿਚ ਲੇਖਕ ਦੀ ਕਲਮ ਤੋਂ ਹੋਰ ਬਾਣੀਆਂ ਬਾਰੇ ਅਧਿਐਨ ਦੀ ਉਮੀਦ ਕੀਤੀ ਜਾ ਸਕਦੀ ਹੈ।

# ਕੋਹਿਨੂਰ ਕਲੱਬ ਦੀ ਰੌਣਕ

ਕੋਹਿਨੂਰ ਕਲੱਬ ਵੱਲੋਂ ਤਿਆਰ ਕੀਤੇ
ਫੈਮਿਲੀ ਗਾਰਡਨ ਦੇ ਉਦਘਾਟਨ ਮੌਕੇ
**ਗੁਰਜਤਿੰਦਰ ਸਿੰਘ ਰੰਧਾਵਾ**
ਵੱਲੋਂ ਲਿੱਖੀ ਵਿਸ਼ੇਸ਼ ਕਵਿਤਾ



ਰਿਆੜ ਫਾਰਮ ਦੀ ਧਰਤੀ ਉੱਤੇ, ਹੱਸਦਾ ਵੱਸਦਾ ਹੈ ਮੇਲਾ,
ਕੋਹਿਨੂਰ ਕਲੱਬ ਦੇ ਵਿਹੜੇ ਵਿੱਚ ਪੰਜਾਬੀ ਦਿਲਾਂ ਦਾ ਹੈ ਰੇਲਾ।

ਕਦੇ ਬਜ਼ੁਰਗਾਂ ਦਾ ਸਹਾਰਾ ਬਣਦੇ, ਕਦੇ ਗਿੱਧੇ ਭੰਗੜੇ ਨੇ ਪੈਂਦੇ,
ਇੱਥੇ ਮੁਹੱਬਤ ਦੇ ਦੀਵੇ ਜਲਦੇ, ਦਿਲਾਂ ਦੇ ਰਿਸ਼ਤੇ ਨੇ ਬਣਦੇ ।

ਡਾਕਟਰ ਪਰਮ ਰੰਧਾਵਾ ਨੇ ਰਿਟਾਇਰ ਹੋ ਕੇ ਹੈ ਕੀਤਾ ਕਮਾਲ,
ਆਪਣੇ ਸਾਥੀ ਯਾਰਾਂ ਨਾਲ ਜ਼ਿੰਦਗੀ ਦਾ ਪਵਾਉਂਦਾ ਹੈ ਧਮਾਲ ।

ਜਿਹੜੇ ਘਰਾਂ ਵਿੱਚ ਹੀ ਰਹਿੰਦੇ ਸਨ, ਹੁਣ ਖੇਤਾਂ ਵਿੱਚ ਨੇ ਰੌਣਕ ਲਾਉਂਦੇ,
ਮਿੱਟੀ ਨਾਲ ਨੇ ਨਾਤਾ ਜੋੜਦੇ, ਖੁਸ਼ੀਆਂ ਨਾਲ ਨੇ ਚਿਹਰੇ ਖਿੜਾਉਂਦੇ ।

ਕਦੇ ਟਮਾਟਰਾਂ ਦਾ ਪ੍ਰੋਜੈਕਟ, ਕਦੇ ਨਵੀਆਂ ਸੋਚਾਂ ਲੈ ਆਉਂਦੇ,
ਮੁਕਾਬਲੇ ਕਰਵਾ ਕੇ ਹੱਸਦੇ ਨੇ, ਹੋਰਾਂ ਨੂੰ ਵੀ ਹੌਂਸਲਾ ਦੇ ਜਾਂਦੇ।

ਛੋਟੇ ਛੋਟੇ ਪਲਾਟ ਬਣਾਕੇ ਲੋਕਾਂ ਵਿੱਚ ਨੇ ਵੰਡੇ ਜਾਂਦੇ,
ਮਿਹਨਤ ਦੀ ਖੁਸ਼ਬੂ ਵਾਲੇ ਫਲ, ਸਭ ਦੇ ਘਰਾਂ ਤੱਕ ਨੇ ਜਾਂਦੇ।

ਇਹ ਕਲੱਬ ਸਿਰਫ਼ ਕਲੱਬ ਨਹੀਂ, ਇੱਕ ਪਰਿਵਾਰ ਜਿਹਾ ਹੈ ਲੱਗਦਾ,
ਜਿੱਥੇ ਹਰ ਬੰਦਾ ਇੱਕ ਦੂਜੇ ਲਈ ਰੱਬ ਦਾ ਪਿਆਰ ਏ ਬਣਦਾ।

ਬਜ਼ੁਰਗਾਂ ਦੇ ਜਦ ਫੰਕਸ਼ਨ ਹੁੰਦੇ, ਖਾਣੇ ਦੀ ਖੁਸ਼ਬੂ ਹੈ ਆਉਂਦੀ ,
ਇੱਕ ਦੂਜੇ ਨੂੰ ਮਿਲ ਕੇ ਜਿਵੇਂ ਪਿੰਡਾਂ ਦੀ ਯਾਦ ਹੈ ਸਤਾਉਂਦੀ।

ਸਾਰੇ ਮੈਂਬਰ ਹੱਥ ਵਟਾਉਂਦੇ, ਨਵਤੇਜ ਰਿਆੜ ਹੈ ਚਾਅ ਕਰਦਾ,
ਕੋਈ ਮੰਚ ਸਜਾਉਂਦਾ ਫਿਰੇ, ਕੋਈ ਮਹਿਮਾਨਾਂ ਨੂੰ ਹੈ ਲੈ ਕੇ ਆਉਂਦਾ।

ਸਾਲਾਨਾ ਗੋਲਡਨ ਨਾਈਟ ਦਾ ਜਦ ਰੰਗਲਾ ਹੈ ਮੇਲਾ ਲੱਗਦਾ,
ਰਿਆੜ ਫਾਰਮ ਦੀ ਖੁੱਲੀ ਹਵਾ ਵਿੱਚ, ਪੰਜਾਬ ਮੁੜ ਹੈ ਜਿਊਂਦਾ ਲੱਗਦਾ।

ਖੁੱਲ੍ਹਾ ਡੁੱਲ੍ਹਾ ਪੇਂਡੂ ਮਾਹੌਲ, ਹੱਸਦੇ ਲੋਕ ਤੇ ਖੇਤ ਸੁਹਾਣੇ,
ਦੂਰ ਅਮਰੀਕਾ ਵਿੱਚ ਬੈਠੇ ਵੀ, ਲੱਗਦੈ ਜਿਵੇਂ ਆਪਣੇ ਪਿੰਡ ਪੁਰਾਣੇ।

ਹੁਣ ਬੁੱਤ ਵੀ ਨੇ ਇਥੇ ਲੱਗਣੇ, ਇੱਕ ਨਵੀਂ ਪਛਾਣ ਬਣੇਗੀ,
ਇਸਤਰੀ ਮਰਦ ਇਕੱਠੇ ਹੋ ਕੇ, ਖੇਤੀ ਕਰਦਿਆਂ ਦੀ ਸ਼ਾਨ ਬਣੇਗੀ।

ਪੰਜਾਬ ਤੋਂ ਬਣਵਾ ਕੇ ਲਿਆਂਦੇ, ਗੁਰਜਤਿੰਦਰ ਰੰਧਾਵਾ ਨੇ ਜਿਹੜੇ,
ਬੁੱਤ ਪੇਸ਼ ਕਰਦੇ ਵਿਰਸਾ ਸਾਡਾ, ਚਾਰ ਚੰਦ ਲਾਉਣਗੇ ਇਸ ਵਿਹੜੇ

ਇੱਕ ਪਾਸੇ ਮਿੱਟੀ ਦੀ ਖੁਸ਼ਬੂ, ਦੂਜੇ ਪਾਸੇ ਸੇਵਾ ਦਾ ਸਰੂਰ,
ਕੋਹਿਨੂਰ ਦੇ ਮੈਂਬਰ, ਨਿਭਾਉਣ ਹਰ ਫਰਜ਼ ਨੂੰ ਉਹ ਭਰਪੂਰ।

ਕੋਹਿਨੂਰ ਦੀ ਇਹ ਕਹਾਣੀ ਕਲੱਬ ਦੀ ਹੈ ਇੱਕ ਵੱਡੀ ਕਮਾਲ,
ਸਾਂਝ, ਪਿਆਰ ਤੇ ਸੇਵਾ ਦੀ, ਜੀਊਂਦੀ ਜਾਗਦੀ ਹੈ ਮਿਸਾਲ।

ਰੱਬ ਕਰੇ ਅਜਿਹਾ ਰੌਣਕ ਮੇਲਾ, ਸਦਾ ਇੱਥੇ ਲੱਗਦਾ ਰਹੇ
ਕੋਹਿਨੂਰ ਕਲੱਬ ਦਾ ਨਾਮ, ਦੁਨੀਆਂ 'ਚ ਸਦਾ ਮਘਦਾ ਰਹੇ।

ਰਿਆੜ ਫਾਰਮ ਦੀ ਧਰਤੀ ਉੱਤੇ, ਹੱਸਦਾ ਵੱਸਦਾ ਹੈ ਮੇਲਾ,
ਕੋਹਿਨੂਰ ਕਲੱਬ ਦੇ ਵਿਹੜੇ ਵਿੱਚ ਪੰਜਾਬੀ ਦਿਲਾਂ ਦਾ ਹੈ ਰੇਲਾ।

-ਗੁਰਜਤਿੰਦਰ ਸਿੰਘ ਰੰਧਾਵਾ,
ਸੈਕਰਾਮੈਂਟੋ, 916-320-9444
ਪੰਜਾਬ ਮੇਲ USA



# ਚਤੁਰਾਈ

ਜਦੋਂ ਦੀ ਅਕਲ ਮਨੁੱਖ ਨੂੰ ਆਈ।
ਗਿੱਝਿਆ ਕਰਨ ਨਿੱਤ ਚਤੁਰਾਈ।
ਤਰਾਸ਼ਕੇ ਪੱਥਰ ਭਗਵਾਨ ਬਣਾਏ।
ਕਹਾਣੀਆਂ ਸੁਣਾਕੇ ਲੋਕ ਭਰਮਾਏ।

ਇੱਦਾਂ ਸ਼ੁਰੂ ਕੀਤਾ ਨਵਾਂ ਰੁਜ਼ਗਾਰ,
ਪੂਜਾ ਦੇ ਨਾਂ 'ਤੇ ਚੱਲਦੈ ਕਾਰੋਬਾਰ।
ਜਾਤ ਪਾਤ ਧਰਮਾਂ ਦੀਆਂ ਗੱਲਾਂ।
ਖੋਲ੍ਹ ਬੈਠਾ ਸੀ ਜੋ ਮਾਰੀਆਂ ਮੱਲਾਂ।

ਲਿਖ ਕਿਤਾਬਾਂ ਢੇਰ ਲਗਾ ਲਏ।
ਪੜ੍ਹ ਪੜ੍ਹ ਫਿਰ ਹਨ੍ਹੇਰ ਵਧਾ ਲਏ।
ਬਣ ਕੇ ਧਰਮੀ ਪ੍ਵਚਨ ਸੁਣਾਏ।
ਸਕੇ ਭਾਈਆਂ ਤੋਂ ਭਰਾ ਮਰਵਾਏ।

ਬਣ ਕੇ ਸਿਆਸੀ ਕਰਵਾਂਦਾ ਦੰਗੇ।
ਨਿੱਤ ਜੰਤਾ ਵਿੱਚ ਪੁਆਉਂਦਾ ਪੰਗੇ।
ਖੋਲ੍ਹ ਨ ਭੇਦ ਤੈਥੋਂ ਕੱਖ ਨਹੀਂ ਹੋਣਾ।
ਚੁੱਪ ਕਰ ਨੂਰਪੁਰੀ ਪਊ ਪਛਤਾਣਾ।

-ਸੇਵਾ ਸਿੰਘ 'ਨੂਰਪੁਰੀ'
ਪੰਜਾਬ ਮੇਲ USA



# ਵਕਾਰ

ਨਰਾਜ਼ਗੀਆਂ ਹੋਣ ਲੱਖ ਭਾਵੇਂ, ਸਾਹਮਣੇ ਤੋਂ ਹੋਣ ਵਾਰ,
ਫੇਰ ਵੀ ਕੋਈ ਦੁਸ਼ਮਣੀ ਦਾ, ਮਿਆਰ ਹੋਣਾ ਚਾਹੀਦਾ।

ਗੱਲ ਕੋਈ ਕਹਿਣੀ ਹੋਵੇ, ਤਾਂ ਸਾਫ਼ ਸਾਫ਼ ਕਹੇ ਕੋਈ,
ਜਿਸ ਦਾ ਕੋਈ ਬਹਿਸ ਵਿਚ, ਸਰੋਕਾਰ ਹੋਣਾ ਚਾਹੀਦਾ।

ਹਰ ਜੰਗ ਦਾ ਨਤੀਜਾ, ਹਮੇਸ਼ਾਂ ਜਿੱਤ ਨਹੀਂ ਹੁੰਦੀ,
ਹਾਰ ਕੇ ਵੀ ਬੰਦੇ ਦਾ ਕੋਈ, ਵਕਾਰ ਹੋਣਾ ਚਾਹੀਦਾ।

ਜ਼ੁਲਮ ਦੇ ਅੱਗੇ ਸਿਰ ਨੂੰ, ਝੁਕਾਉਣਾ ਕਦੀ ਵੀ ਨਾ ਪਵੇ,
ਦਰਦ ਵਿਚ ਵੀ ਆਦਮੀ ਨੂੰ, ਖ਼ੁਦਦਾਰ ਹੋਣਾ ਚਾਹੀਦਾ।

ਚਿਣਗ ਸੱਚਾਈ ਦੀ ਸਦਾ, ਧੁਖਦੀ ਰਹੇ ਦਿਲ ਵਿਚ,
ਚਿਹਰਾ ਫੇਰ ਵੀ ਹਮੇਸ਼ਾਂ, ਚਮਕਦਾਰ ਹੋਣਾ ਚਾਹੀਦਾ।

ਲਹਿਜ਼ੇ ਵਿਚ ਤਲਖੀ ਭਾਵੇਂ, ਪਰ ਗੱਲ ਹੋਵੇ ਸਦਾ ਮਿੱਠੀ,
ਪਰਵਾਹ ਗੱਲਬਾਤ ਦਾ, ਅਸਰਦਾਰ ਹੋਣਾ ਚਾਹੀਦਾ।

ਹਜ਼ੂਮ ਤਾਂ ਸੰਸਾਰ ਵਿਚ, ਬੜੇ ਘੁੰਮਣ ਸੱਜੇ ਖੱਬੇ,
ਪਰ ਕਾਫਲੇ ਦਾ ਅਗਾਂਹ ਵਧੂ, ਸਿਰਦਾਰ ਹੋਣਾ ਚਾਹੀਦਾ।

ਲੋਕਰਾਜੀ, ਲੋਕ ਪੱਖੀ ਗੱਲ, ਹੋਣੀ ਨਹੀਂ ਔਖੀ ਕਦੀ,
ਪਰ ਸੱਚਾ ਸਰਕਾਰ ਦਾ, ਕਿਰਦਾਰ ਹੋਣਾ ਚਾਹੀਦਾ।

ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ, ਯੂ.ਕੇ.
ਪੰਜਾਬ ਮੇਲ USA



# ਸੱਭਿਅਤਾ ਦੀ ਨਵੀਂ ਸਵੇਰ

ਇਹ ਕਹਾਣੀ,
ਕਈ ਹਜ਼ਾਰ ਕਰੋੜ, ਅਰਬ, ਖਰਬ ਵਰ੍ਹੇ,
ਪਹਿਲਾਂ ਹੀ ਸ਼ੁਰੂ ਹੋ ਚੁੱਕੀ ਸੀ!!!

ਕਾਲ ਦੇ ਚੱਕਰ 'ਚ,
ਦ੍ਰਿਸ਼ਟੀ,
ਇਸਦੇ ਨਾਲ ਹੀ ਤੁਰਦੀ ਰਹੀ ਸੀ!!!

ਦ੍ਰਿਸ਼ਟੀ ਵਿਚ,
ਦ੍ਰਿਸ਼ ਤੇ ਚਿੰਤਨ,
ਗਤੀ ਤੇ ਮੰਥਨ,
ਦਾ ਰਿਸ਼ਤਾ ਜਦੋਂ ਬਣਿਆ,
ਸੂਰਜ ਦੇ ਸੌਂਹੇਂ ਹੀ, ਗਿਆਨ ਦਾ
ਇਕ ਹੋਰ ਸੂਰਜ ਚੜ੍ਹ ਪਿਆ।

ਮਨੁੱਖ ਜਨਮ-ਕਾਲ ਤੋਂ ਹੀ ਸ਼ਿਲਪੀ ਸੀ,
ਜੁਗਤੀ ਸੀ,
ਉਸ ਨੇ ਸ਼ਬਦ ਘੜ ਲਏ!

ਸ਼ਬਦਾਂ ਵਿਚ,
ਕਲਪਨਾਂ ਨੇ,
ਸਦਿੱਸ ਤੇ ਅਦਿੱਸ,
ਉੱਡਦੇ ਜੁਗਨੂੰ ਫੜ ਲਏ!!!

ਪਿੰਡ ਤੇ ਬ੍ਰਹਮੰਡ ਦੇ,
ਹਰ ਖੰਡ ਦੇ,
ਵਿਸ਼ੇਸ਼ ਨਾਮ ਧਰ ਲਏ!!!

ਅੱਲਾ, ਈਸ਼ਵਰ ਤੇ ਸਭ ਫਲਸਫੇ,
ਸ਼ਬਦਾਂ 'ਚ ਧਰ ਲਏ,
ਮੁੱਠੀ 'ਚ ਵਿਗਿਆਨ ਫੜ ਲਏ!!!

ਇਸ ਤਰ੍ਹਾਂ ਇਹ ਕਹਾਣੀ,
ਜਦੋਂ ਵੀ,
ਉਸ ਦੀ ਬੁੱਧੀ ਨੇ,
ਤੁਰਦੀ, ਤੁਰਦੀ,
ਵਿੱਚ ਵਿਚਾਲਿਓਂ ਹੀ ਫੜੀ ਸੀ,
ਵਿਸ਼ਵ ਉੱਤੇ ਸੱਭਿਅਤਾ ਦੀ,
ਇਕ ਨਵੀਂ ਸਵੇਰ ਚੜ੍ਹੀ ਸੀ!!!

-ਰਵਿੰਦਰ ਰਵੀ, ਕੈਨੇਡਾ
250-635-4455
ਪੰਜਾਬ ਮੇਲ USA



# PUNJAB MAIL USA

TV Channel, Newspaper, Radio

24 Hours
7 Days



## All over America, Canada, Australia & Europe

- IP TV (24 Hours)
- App: Punjab Mail USA (24 Hours)
- Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*

For any Information & Advertisement Call at

**+1-916-320-9444**



## FOR SALE & PURCHASE OF ANY KIND OF PROPERTY



RE/MAX
Outstanding Agents
Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567

**916-320-9444**